# ਯਾਤਰਾ ਤੇ ਸੈਰ-ਸਪਾਟਾ

## ਗਿਆਰ੍ਹਵੀਂ ਸ਼੍ਰੇਣੀ ਲਈ

# ਵਿਦਿਆਰਥੀ ਕਾਰਜ ਪੁਸਤਕ

(ਐੱਨ. ਵੀ. ਈ. ਕਿਊ. ਅ?ੱਫ. ਪੱਧਰ-3)

ਪੰਜਾਬ ;ਕੂਲ ਸਿੱਖਿਆ ਬ'ਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

(c) ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2●17

All rights including those of translation,
reproduction and annotation etc. are reserved by the
Punjab Government

ਅਨ[ਵਾਦਕ : ਸ੍ਰੀ ਆਸ਼ੂਤੋਸ਼ ਬਾਂਸਲ, ਵੋਕੇਸ਼ਨਲ ਟਰੇਨਰ (ਸਰਕਾਰੀ ਸੀਨੀ. ਸੈਕੰ. ਸਕੂਲ ਭਾਂਖਰ, ਪਟਿਆਲਾ)

ਸੋਧਕ : 1. ਸ਼੍ਰੀਮਤੀ ਸ਼ਮਿੰਦਰ ਕੌਰ, ਸਰਕਾਰੀ ਸੀ.ਸੈ.ਸਕੂਲ ਝੰਜੇੜੀ (ਐੱਸ.ਏ.ਐੱਸ.ਨਗਰ)
2. ਸ਼੍ਰੀਮਤੀ ਡੇਜ਼ੀ ਰਾਣੀ , ਸਰਕਾਰੀ ਹਾਈ ਸਕੂਲ ;?ਦਪੁਰ (ਐੱਸ.ਏ/.ਅ?ੱਸ.ਨਗਰ)
3. ਸ਼੍ਰੀਮਤੀ ਬਲਜੀਤ ਕੌਰ, ਸਰਕਾਰੀ ਸੀ.ਸੈ. ਸਕੂਲ ਬਨੂੰੜ (ਐੱਸ.ਏ.ਐੱਸ.ਨਗਰ)
4. ਸ਼੍ਰੀਮਤੀ ਕੁਲਦੀਪ ਕੌਰ, ਸਰਕਾਰੀ ਸੀ.ਸੈ.ਸਕੂਲ ਮਨੌਲੀ (ਐੱਸ.ਏ.ਐੱਸ.ਨਗਰ)
5. ਸ਼੍ਰੀਮਤੀ ਸੁਨੀਲਮ ਕੁਮਾਰੀ, ਸਰਕਾਰੀ ਸੀ.ਸੈ.ਸਕੂਲ ਸਹੌੜਾ (ਐੱਸ.ਏ.ਐੱਸ.ਨਗਰ)
6. ਸ਼੍ਰੀ ਜਸਵੀਰ ਸਿੰਘ, ਸਰਕਾਰੀ ਸੀ. ਸੈ. ਸਕੂਲ ਘੜੂੰਆਂ (ਐੱਸ. ਏ. ਐੱਸ. ਨਗਰ)
7. ਸ਼੍ਰੀ ਤੁਰਨ ਭਾਰਤੀ, ਸਰਕਾਰੀ ਕੰ. ਸੀ.ਸੈ.ਸਕੂਲ ਘੜੂੰਆਂ (ਐੱਸ.ਏ.ਐੱਸ.ਨਗਰ)
8. ਸ਼੍ਰੀਮਤੀ ਸਿਮਰਜੀਤ ਕੌਰ, ਸਰਕਾਰੀ ਮਾਡਲ ਸੀ.ਸੈ.ਸਕੂਲ ਖਰੜ (ਐੱਸ.ਏ.ਐੱਸ.ਨਗਰ)
9. ਸ਼੍ਰੀ ਹਰਜੀਤ ਸਿੰਘ, ਸ ਸ ਸ ਸ, ਖਿਜ਼ਰਾਬਾਦ (ਐੱਸ ਏ ਐੱਸ ਨਗਰ)
1●. ਸ਼੍ਰੀਮਤੀ ਅਮਰਜੀਤ ਕੌਰ, ਸ ਸ ਸ ਸ, ਖਮਾਣੋਕਲਾਂ (ਫਤਿਹਗੜ੍ਹ ਸਾਹਿਬ)

ਵਿਸ਼ਾ-ਸੋਧਕ : 1. ਸ਼੍ਰੀ ਦਿਨੇਸ਼ ਖੰਨਾ, ਸਰਕਾਰੀ ਸੀ. ਸੈ. ਸਕੂਲ ਸਲਾਨਾ (ਫਤਿਹਗੜ੍ਹ ਸਾਹਿਬ)
: 2. ਸ਼੍ਰੀਮਤੀ ਰਾਜਵਿੰਦਰ ਕੌਰ, ਸਰਕਾਰੀ ਸੀ. ਸੈ. ਸਕੂਲ ਬਡਾਲੀ ਆਲਾ ਸਿੰਘ (ਫਤਿਹਗੜ੍ਹ ਸਾਹਿਬ)

**ਚੇਤਾਵਨੀ**

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ਼ ਪਾਠ-ਪੁਸਤਕ ਦੀ ਜਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲ਼ਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੀ ਜਾਅਲੀ ਅਤੇ ਨਕਲੀ ਪ੍ਰਕਾਸ਼ਨ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ ਪ੍ਰਨਾਲ਼ੀ ਦੇ ਅਧੀਨ ਗ਼ੈਰ-ਕਾਨੂੰਨੀ ਅਪਰਾਧ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਦੇ ਉੱਪਰ ਹੀ ਛਾਪੀਆਂ ਜਾਂਦੀਆਂ ਹਨ।

# ਦੋ ਸ਼ਬਦ

ਪੰਜਾਬ ;ਕੂਲ ਸਿੱਖਿਆ ਬ'ਰਡ ਆਪਣੀ ;ਥਾਪਨਾ ਦ/ ;ਮ/ ਤ" ਹੀ ;ਕੂਲ ਪੱਧਰ ਦ/ ਪਾਠ-ਕ੍ਰਮ ਨੂੰ ਆਧ[ਨਿਕ ;'ਚ ਅਤੇ ਖੋਜ ਅਨੁਸਾਰ ਢਾਲਣ ਅਤੇ ਇਨ੍ਹਾਂ ਪਾਠ–ਕ੍ਰਮਾਂ ਅਨੁਸਾਰ ਪਾਠ–ਪੁਸਤਕਾਂ ਤਿਆਰ ਕਰਨ ਲਈ ਨਿਰੰਤਰ ਯਤਨਸ਼ੀਲ ਰਿਹਾ ਹੈ। ਰਾਸ਼ਟਰੀ ਪੱਧਰ ਦੀ ਸੋਚ ਨੂੰ ਮੁੱਖ ਰੱਖਦੇ ਹੋਏ ਬੋਰਡ ਨੇ ਪੰਜਾਬ ਸਰਕਾਰ ਦੇ ਦਿਸ਼ਾ–ਨਿਰਦੇਸ਼ਾਂ ਅਨੁਸਾਰ ਵੋਕੇਸ਼ਨਲ ਸਿੱਖਿਆ ਨੂੰ ਪ੍ਰਫੁੱਲਤ ਕਰਨ ਦੇ ਉਲੀਕੇ ਵਿਸ਼ੇਸ਼ ਪ੍ਰੋਗਰਾਮ ਦੀ ਇਹ ਪਾਠ–ਪੁਸਤਕ ਇੱਕ ਕੜੀ ਹੈ।

ਵੱਧ ਰਹੀ ਜਨ–ਸੰਖਿਆ ਦੇ ਮੱਦੇਨਜ਼ਰ ਰੁਜ਼ਗਾਰ ਦੇ ਵਧੇਰੇ ਮੌਕੇ ਉਪਲੱਬਧ ਕਰਵਾਉਣ ਹਿੱਤ ਵੋਕੇਸ਼ਨਲ ਸਿੱਖਿਆ ਦੀ ਲੋੜ ਦਿਨੋ–ਦਿਨ ਵਧਦੀ ਜਾ ਰਹੀ ਹੈ, ਕਿਉਂਕਿ ਵਿਗਿਆਨ ਅਤੇ ਤਕਨੀਕੀ ਉੱਨਤੀ ਦੇ ਯੁੱਗ ਵਿੱਚ ਕਾਰਜ ਕੁਸ਼ਲਤਾ ਵਧਾਉਣ ਲਈ ਵੋਕੇਸ਼ਨਲ ਸਿੱਖਿਆ ਦੀ ਲੋੜ ਹੈ। ਹੁਣ ਵਿਸ਼ਵ ਪੱਧਰ ਤੇ ਵੱਧ ਰਹੇ ਮੁਕਾਬਲੇ, ਉਤਪਾਦਨ ਦੀਆਂ ਬਦਲ ਰਹੀਆਂ ਤਕਨੀਕਾਂ ਅਤੇ ਕਾਰਜ ਖੇਤਰਾਂ ਦੀ ਮੁੜ ਵਿਉਂਤਬੰਦੀ ਲਈ ਵਿਦਿਆਰਥੀਆਂ ਨੂੰ ਢੁੱਕਵੇਂ ਹੁਨਰਾਂ ਰਾਹੀਂ ਰੁਜ਼ਾਗਾਰ ਪ੍ਰਾਪਤ ਕਰਨ ਦੇ ਯੋਗ ਬਣਾਉਣ ਦੀ ਜ਼ਰੂਰਤ ਹੈ।

ਕਾਰਜ ਖੇਤਰ ਵਿੱਚ ਪੜ੍ਹੇ–ਲਿਖੇ ਮਾਹਿਰ ਹੁਨਰ–ਮੰਦਾਂ ਦੀ ਸਖ਼ਤ ਜ਼ਰੂਰਤ ਹੋਣ ਕਾਰਨ ਕੇਂਦਰ ਸਰਕਾਰ ਦੁਆਰਾ 'ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ' ਤਿਆਰ ਕਰਕੇ 8 ਅਕਤੂਬਰ 2011 ਨੂੰ ਵੱਖ ਵੱਖ ਰਾਜਾਂ ਵਿੱਚ ਲਾਗੂ ਕੀਤਾ ਗਿਆ। ਪੰਜਾਬ ਸਰਕਾਰ ਦੁਆਰਾ ਕੇਂਦਰ ਸਰਕਾਰ ਦੇ ਦਿਸ਼ਾ–ਨਿਰਦੇਸ਼ਾਂ ਅਨੁਸਾਰ ਇਹ ਫਰੇਮਵਰਕ ਅਕਾਦਮਿਕ ਸਾਲ 2015–16 ਅਤੇ 2016–17 ਤੋਂ 'ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ' ਤਹਿਤ ਪੰਜਾਬ ਰਾਜ ਦੇ ਕੁੱਝ ਚੋਣਵੇਂ ਸਕੂਲਾਂ ਵਿੱਚ ਨੌਵੀਂ ਅਤੇ ਦਸਵੀਂ ਸ਼੍ਰੇਣੀ ਵਿੱਚ ਤਰਤੀਬਵਾਰ ਲਾਗੂ ਹੋ ਚੁੱਕਿਆ ਹੈ, ਪਰ 'ਯਾਤਰਾ ਤੇ ਸੈਰ–ਸਪਾਟਾ' ਵਿਸ਼ਾ ਇਸ ਅਕਾਦਮਿਕ ਸਾਲ–2017–18 ਤੋਂ ਗਿਆਰ੍ਹਵੀਂ ਸ਼੍ਰੇਣੀ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਇਸ ਵਿਸ਼ੇ ਨਾਲ ਸੰਬੰਧਤ ਇਹ ਪੁਸਤਕ ਵੀ ਤਿਆਰ ਕੀਤੀ ਗਈ ਹੈ। ਫਰੇਮਵਰਕ ਅਧੀਨ ਵੱਖ–ਵੱਖ ਟਰੇਡਜ਼ ਦੇ ਪ੍ਰੀਖਿਆਰਥੀਆਂ ਨੂੰ ਬੋਰਡ ਪ੍ਰੀਖਿਆ ਪਾਸ ਕਰਨ ਦੇ ਨਾਲ–ਨਾਲ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ (N.S.D.C)/ ਸੈਕਟਰ ਸਕਿੱਲਜ ਕਾਊਂਸਲ (S.S.C) ਵੱਲੋਂ ਪ੍ਰੀਖਿਆਰਥੀਆਂ ਦੀ ਹੁਨਰ ਦੀ ਮਹਾਰਤਾ ਨੂੰ ਪ੍ਰਮਾਣਿਤ ਕੀਤਾ ਜਾਵ/ਗਾ. ਇਸ ਪ੍ਰਮਾਣ ਪੱਤਰ ਦੇ ਅਧਾਰ ਤੇ ਵਿਦਿਆਰਥੀ ਐੱਨ. ਐੱਸ. ਕਿਊ. ਅ?ੱਫ. ਵੱਲ" ਨਿਰਧਾਰਿਤ ਪੱਧਰ ਅਨ[;ਾਰ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਮੰਨਿਆ ਜਾਵੇਗਾ।

ਰਾਸ਼ਟਰੀ ਸੋਚ ਨੂੰ ਮੁੱਖ ਰੱਖਦੇ ਹੋਏ ਇਹ ਪੁਸਤਕ ਸਾਲ 2017–18 ਤੋਂ ਪਹਿਲੀ ਵਾਰ ਤਿਆਰ ਕੀਤੀ ਗਈ ਹੈ। ਇਹ ਪੁਸਤਕ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਅਨੁਵਾਦ ਕਰਦੇ ਸਮੇਂ ਹਰ ਪੱਖੋਂ ਚਾਹੇ ਪੂਰਾ ਧਿਆਨ ਰੱਖਿਆ ਗਿਆ ਹੈ, ਪਰ ਫਿਰ ਵੀ ਪੁਸਤਕ ਵਿੱਚ ਸੁਧਾਰ ਲਿਆਉਣ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਇਸ ਲਈ ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਹਮੇਸ਼ਾ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ

# ਭਾਰਤ ਦੇ ਸੈਰ ਸਪਾਟਾ ਸਰੋਤ

## ਵਿਦਿਆਰਥੀ ਕਾਰਜ ਪੁਸਤਕ

## ਜਮਾਤ-XI

ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ

ਖੇਤਰ : ਸੁਰੱਖਿਆ

ਨੌਕਰੀ:ਹਥਿਆਰ ਰਹਿਤ ਸੁਰੱਖਿਆ ਕਰਮਚਾਰੀ

ਯੋਗਤਾ ਸੰਬੰਧੀ ਪਹਿਚਾਣ ਦਾ ਹਵਾਲਾ : ਐਸ ਐਸ ਐਸ ਕਿਉ/ ਸਿਫਰ ਇੱਕ ਸਿਫਰ ਇੱਕ

**ਪੀ ਐਸ ਐਸ ਕੇਂਦਰੀ ਕਿੱਤਾਮੁਖੀ ਸਿੱਖਿਆ ਸੰਸਥਾ**, 2016

ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ। ਕਾਪੀ ਰਾਈਟ ਕਾਨੂੰਨ ਤਹਿਤ ਆਗਿਆ ਪ੍ਰਾਪਤ ਉਦੇਸ਼ਾਂ ਤੋਂ ਇਲਾਵਾ, ਇਸ ਪ੍ਰਕਾਸ਼ਨ ਦਾ ਪੁਨਰ ਪ੍ਰਕਾਸ਼ਨ, ਨਕਲ, ਬਿਜਲਈ ਸੰਗ੍ਰਹਿ ਅਤੇ ਜਨਤਕ ਸੰਚਾਰ, ਅਗਾਊਂ ਲਿਖਤੀ ਆਗਿਆ ਲਏ, ਬਿਨਾਂ ਮਨ੍ਹਾ ਹੈ।

**ਹੋਰ ਸੂਚਨਾ ਪ੍ਰਾਪਤ ਕਰਨ ਲਈ, ਕ੍ਰਿਪਾ ਕਰਕੇ ਸੰਪਰਕ ਕਰੋ :**

ਡਾ. ਵਿਨੈ ਸਵਰੂਪ ਮਹਿਰੋਤਰਾ

ਪ੍ਰੋਫੈਸਰ ਅਤੇ ਮੁਖੀ

ਪਾਠਕ੍ਰਮ ਵਿਕਾਸ ਅਤੇ ਮੁਲਾਂਕਣ ਕੇਂਦਰ (ਸੀ ਡੀ ਈ ਸੀ) ਅਤੇ

ਕੌਮੀ ਹੁਨਰ ਯੋਗਤਾ ਫ੍ਰੇਮ ਵਰਕ ਇਕਾਈ (ਐਨ ਐਸ ਕਿਉ ਐਫ ਸੀ),

ਪੀ ਐਸ ਐਸ ਕੇਂਦਰੀ ਕਿੱਤਾਮੁਖੀ ਸਿੱਖਿਆ ਸੰਸਥਾ ਪੀ ਐਸ ਐਸ ਸੀ ਆਈ ਵੀ ਈ, ਐਨ ਸੀ ਈ ਆਰ ਟੀ,

ਸ਼ਿਆਮਲਾ ਹਿਲਜ਼,

ਭੋਪਾਲ – 462013

ਮੱਧ ਪ੍ਰਦੇਸ਼, ਭਾਰਤ

ਈ ਮੇਲ : psscivensqf@gmail.com

Website : psscive.nic.in

# ਖੇਤਰ : ਸੁਰੱਖਿਆ

ਕਿੱਤਾਮੁਖੀ ਵਿਸ਼ਾ : ਸੁਰੱਖਿਆ ਸੇਵਾਵਾਂ

ਐਨ ਐਸ ਕਇਊ ਐਫ ਪੱਧਰ 4,

ਸ਼੍ਰੇਣੀ ਬਾਰ੍ਹਵੀਂ

# ਵਿਦਿਆਰਥੀ ਦੀ ਕਾਰਜ ਪੁਸਤਕ

# ਵਿਸ਼ਾ ਸੂਚੀ

Page no.

ਯੂਨਿਟ-1: ਸਰਬਜਨਕ ਵਿਚਾਰਕ ਸਰਵੇਖਣ 1

1.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 1

1.1 ਜਾਣ-ਪਛਾਣ 2

1.2 ਪਰਿਭਾਸ਼ਾ ਅਤੇ ਸੈਰ ਸਪਾਟਾ ਸਰੋਤਾਂ ਦੀ ਅਵਧਾਰਣਾ 3

1.3 ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ 3

1.4 ਸੈਰ ਸਪਾਟਾ ਸਰੋਤਾਂ ਦੀ ਵੰਡ ਅਤੇ ਵੰਡ ਦਾ ਆਧਾਰ 4

1.5 ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ 11

1.6 ਪ੍ਰਯੋਗਾਤਮਕ ਗਤੀਵਿਧੀਆਂ 18

ਯੂਨਿਟ-2: ਸੈਰ ਸਪਾਟੇ ਦੇ ਭੌਤਿਕ ਸਰੋਤ ਪਰਬਤ ਅਤੇ ਘਾਟੀਆਂ 19

2.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 19

2.1 ਜਾਣ-ਪਛਾਣ 22

2.2 ਭਾਰਤੀ ਹਿਮਾਲਿਆ 23

2.3 ਅਰਾਵਲੀ ਪਰਬਤ ਸ਼੍ਰੇਣੀ ਅਤੇ ਸੈਰ ਸਪਾਟਾ 25

2.4 ਪੱਛਮੀ ਘਾਟ-ਮਾਲਾਬਾਰ (ਸਾਹਦਰੀ ਪਰਬਤ ) ਅਤੇ ਸੈਰ ਸਪਾਟਾ 28

2.5 ਪੂਰਬੀ ਘਾਟ (ਕੋਰੋਮੰਡਲ ਤੱਟ )ਅਤੇ ਸੈਰ ਸਪਾਟਾ 30

2.6 ਭਾਰਤ ਦੇ ਦਸ ਮਨੋਹਰ ਪਰਬਤ ਅਤੇ ਆਕਰਸ਼ਿਕ ਘਾਟੀਆਂ 32

2.7 ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ 34

2.8 ਪ੍ਰਯੋਗਾਤਮਕ ਗਤੀਵਿਧੀਆਂ 36

ਯੂਨਿਟ-3: ਸੈਰ ਸਪਾਟੇ ਦੇ ਭੌਤਿਕ ਸਰੋਤ ਪਹਾੜੀ ਸਟੇਸ਼ਨ, ਰੇਤ ਦੇ ਟਿੱਲੇ, ਪਠਾਰ, ਮਾਰੂਥਲ, ਆਰਦਰ ਥਲ (wet land) ਅਤੇ ਮੈਦਾਨ 37

3.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 37

3.1 ਜਾਣ-ਪਛਾਣ 39

3.2 ਭਾਰਤ ਦੇ ਪਹਾੜੀ ਸਟੇਸ਼ਨ ਅਤੇ ਟਿੱਲੇ 42

3.3 ਉੱਤਰ-ਪੂਰਬੀ ਪ੍ਰਦੇਸ਼ਾਂ ਦੇ ਪਹਾੜੀ ਸਟੇਸ਼ਨ ਮਨੀਪੁਰ, ਮੇਘਾਲਿਆ, ਨਾਗਾਲੈਂਡ, ਸਿਕਮ, ਤ੍ਰਿਪੁਰਾ ਅਤੇ ਮਿਜ਼ੋਰਮ ) 47

3.4 ਪਠਾਰ ਅਤੇ ਸੈਰ ਸਪਾਟਾ 54
3.5 ਮੈਦਾਨ ਅਤੇ ਸੈਰ ਸਪਾਟਾ 59
3.6 ਵੈੱਟ ਲੈਂਡ, ਰਾਮਸਰ ਸਾਇਟਸ ਅਤੇ ਸੈਰ ਸਪਾਟਾ 60
3.7 ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ 62
3.8 ਪ੍ਰਯੋਗਾਤਮਕ ਗਤੀਵਿਧੀ 64

**ਯੂਨਿਟ-4: ਸੈਰ ਸਪਾਟੇ ਦੇ ਭੌਤਿਕ ਸਰੋਤ ਤੱਟਵਰਤੀ ਭੂਮੀ ਅਤੇ ਬੀਚ** 65
4.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 65
4.1 ਜਾਣ-ਪਛਾਣ 66
4.2 ਸਮੁੰਦਰੀ ਤੱਟ 67
4.3 ਬੀਚ ਅਤੇ ਸੈਰ ਸਪਾਟਾ 68
4.4 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ 74
4.5 ਪ੍ਰਯੋਗਾਤਮਕ ਗਤੀਵਿਧੀਆਂ 76

**ਯੂਨਿਟ-5: ਸੈਰ ਸਪਾਟੇ ਦੇ ਭੌਤਿਕ ਸਰੋਤ-ਟਾਪੂ** 77
5.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 77
5.1 ਜਾਣ-ਪਛਾਣ 79
5.2 ਅੰਡੇਮਾਨ ਅਤੇ ਨਿਕੋਬਾਰ ਟਾਪੂ ਸਮੂਹ 79
5.3 ਲਕਸ਼ਦੀਪ ਟਾਪੂ ਸਮੂਹ 84
5.4 ਮਜੂਲੀ ਟਾਪੂ (majuli Island) 91
5.5 ਭਾਰਤ ਦੇ ਹੋਰ ਟਾਪੂ 91
5.6 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ 92
5.7 ਪ੍ਰਯੋਗਾਤਮਕ ਗਤੀਵਿਧੀਆਂ 94

**ਯੂਨਿਟ-6: ਸੈਰ ਸਪਾਟੇ ਦੇ ਭੌਤਿਕ ਸਰੋਤ-ਨਦੀਆਂ, ਝੀਲਾਂ ਅਤੇ ਨਾਲੇ** 95
6.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 95
6.1 ਜਾਣ-ਪਛਾਣ 96
6.2 ਭਾਰਤ ਦੀਆਂ ਮੁੱਖ ਨਦੀਆਂ 98
6.3 ਭਾਰਤ ਦੀਆਂ ਸੈਰ ਸਪਾਟਾ ਯੋਗ ਝੀਲਾਂ ਅਤੇ ਨਾਲੇ 113

6.4 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ 114
6.5 ਪ੍ਰਯੋਗਾਤਮਕ ਗਤੀਵਿਧੀਆਂ 117

**ਯੂਨਿਟ -7: ਭਾਰਤ ਦੇ ਜੀਵ ਭੂਗੋਲਿਕ ਸੈਰ ਸਪਾਟਾ ਸਰੋਤ** 118
7.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 118
7.1 ਜਾਣ-ਪਛਾਣ 121
7.2 ਭਾਰਤ ਦੀ ਬਨਸਪਤੀ ਅਤੇ ਜੈਵਿਕ ਸੰਪਦਾ 122
7.3 ਪ੍ਰਸਥਿਤਕੀ ਸੈਰ 122
7.4 ਜੰਗਲੀ ਜੀਵ ਘਰ 123
7.5 ਭਾਰਤ ਦੇ ਪ੍ਰਮੁੱਖ ਦਸ ਮਸ਼ਹੂਰ ਚਿੜੀਆ ਘਰ 126
7.6 ਭਾਰਤ ਦੇ ਬਨਸਪਤੀ ਬਾਗ 129
7.7 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ 131
7.8 ਪ੍ਰਯੋਗਾਤਮਕ ਗਤੀਵਿਧੀ 135

**ਯੂਨਿਟ - 8: ਭਾਰਤ ਦੇ ਸੱਭਿਆਚਾਰਕ ਸੈਰ ਸਪਾਟਾ ਸਰੋਤ** 136
8.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ 136
8.1 ਜਾਣ-ਪਛਾਣ 139
8.2 ਸਿਰਜੇ ਹੋਏ ਸੱਭਿਆਚਾਰਕ ਸੈਰ ਸਪਾਟਾ ਸਰੋਤ 145
8.3 ਧਾਰਮਿਕ ਸੱਭਿਆਚਾਰਕ ਸੈਰ ਸਪਾਟਾ ਸਰੋਤ 145
8.4 ਖੇਡ ਸਰੋਤ 147
8.5 ਭਾਰਤ ਦੇ ਰੱਖਿਅਤ ਸਰੋਤ 147
8.6 ਮਨੋਰੰਜਕ ਸਰੋਤ 148
8.7 ਭਾਰਤੀ ਵਿਅੰਜਨ, ਸੈਰ ਸਪਾਟਾ ਸਾਧਨ ਵਜੋਂ 149
8.8 ਕਲਾ, ਕਲਾਕ੍ਰਿਤੀਆਂ ਅਤੇ ਹੱਥ-ਕਲਾ 151
8.9 ਪਰਿਵਹਨ ਨੈੱਟਵਰਕ ਅਤੇ ਯਾਤਰੀਆਂ ਲਈ ਸਾਜੋ-ਸਮਾਨ 152
8.10 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ 152
8.11 ਪ੍ਰਯੋਗਾਤਮਕ ਗਤੀਵਿਧੀਆ 154

# ਵਿਦਿਆਰਥੀਆਂ ਲਈ ਆਮ ਹਦਾਇਤਾਂ

1. ਉਮੀਦ ਹੈ ਕਿ ਵਿਦਿਆਰਥੀ ਭਾਰਤ ਦੇ ਸੈਰ ਸਪਾਟਾ ਸਰੋਤਾਂ ਦੇ ਮੂਲ ਤੱਤ ਨੂੰ ਸਮਝਣ ਦੇ ਯੋਗ ਹੋਣਗੇ।

2. ਵਿਦਿਆਰਥੀ ਸਬੰਧਤ ਯੂਨਿਟ ਤੋਂ ਬਾਅਦ ਦਿੱਤੇ ਪ੍ਰਯੋਗਾਤਮਕ ਅਸਾਈਨਮੈਂਟਾਂ ਨੂੰ ਪੂਰਾ ਕਰਕੇ ਵੱਧ ਤੋਂ ਵੱਧ ਪ੍ਰਯੋਗੀ ਜਾਣਕਾਰੀ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਨਗੇ।

3. ਵਿਦਿਆਰਥੀ ਸੈਰ ਸਪਾਟਾ ਸਰੋਤਾਂ ਦੀਆਂ ਕਿਸਮਾਂ ਜਿਵੇਂ ਕਿ ਭੌਤਿਕ ਸਰੋਤਾਂ, ਜੀਵ ਭੂਗੋਲਿਕ ਸਰੋਤਾਂ ਅਤੇ ਸੱਭਿਆਚਾਰਕ ਸਰੋਤਾਂ ਨੂੰ ਸਮਝਣ ਲਈ ਧਿਆਨ ਕੇਂਦਰਿਤ ਕਰੇਗਾ, ਕਿ ਇਹ ਆਪਸ ਵਿੱਚ ਕਿਸ ਤਰ੍ਹਾਂ ਭਿੰਨ ਹਨ ਅਤੇ ਭਾਰਤ ਦੇ ਸੈਰ ਸਪਾਟੇ ਨੂੰ ਵਧਾਉਣ ਵਿੱਚ ਇਹਨਾਂ ਦਾ ਕੀ ਯੋਗਦਾਨ ਹੈ।

4. ਹਰੇਕ ਵਿਦਿਆਰਥੀ ਆਪਣੇ ਨਿਜੀ ਖੇਤਰ ਵਿੱਚ ਪ੍ਰਮੁੱਖ ਸੰਬੰਧਿਤ ਸੈਰ ਸਪਾਟਾ ਸਰੋਤਾਂ ਬਾਰੇ ਜਾਣੂੰ ਹੋਵੇਗਾ ਅਤੇ ਉਹਨਾਂ ਬਾਰੇ ਸੰਪੂਰਨ ਜਾਣਕਾਰੀ ਇਕੱਠਾ ਕਰੇਗਾ। ਵਿਦਿਆਰਥੀਆਂ ਦੀਆਂ ਸਾਰੀਆਂ ਉਲਝਣਾਂ ਅਤੇ ਸਵਾਲਾਂ ਨੂੰ ਸੁਣ ਕੇ ਬਿਆਨ ਕੀਤਾ ਜਾਵੇ। ਅਜਿਹੇ ਪ੍ਰਸ਼ਨ ਅਤੇ ਉੱਤਰ ਇੱਕ ਛੋਟੀ ਕਾਰਜ ਪੁਸਤਕ ਵਿੱਚ ਲਿਖੇ ਜਾਣ ਤਾਂ ਜੋ ਇੱਕ ਵਿਸਤਾਰ ਰਿਪੋਰਟ ਦਾ ਆਧਾਰ ਬਣ ਸਕਣ। ਸਹੀ ਸਮਝ ਲਈ ਵਿਦਿਆਰਥੀ ਦੇ ਸਹਿਯੋਗੀ ਸਮੂਹਿਕ ਗਤੀਵਿਧੀਆਂ ਨੂੰ ਹੱਲਾਸ਼ੇਰੀ ਦਿੱਤੀ ਜਾਵੇ।

5. ਪ੍ਰਯੋਗੀ ਪ੍ਰੋਜੈਕਟਾਂ ਦੌਰਾਨ ਉੱਚਿਤ ਸਾਵਧਾਨੀ ਵਰਤਣੀ ਲਾਜ਼ਮੀ ਹੈ। ਸਾਰੀਆਂ ਸੁਰੱਖਿਆ ਜ਼ਰੂਰਤਾਂ ਨੂੰ ਸਖ਼ਤੀ ਨਾਲ ਅਪਣਾਇਆ ਜਾਵੇ।

# ਮਾਡਿਊਲ ਉਦੇਸ਼
## ਭਾਰਤ ਦੇ ਯਾਤਰਾ ਸਰੋਤ

| ਕ੍ਰਮ | ਯੂਨਿਟ/ਅਧਿਆਇ ਦਾ ਨਾਮ | ਲਿਖਤੀ+ ਪ੍ਰਯੋਗੀ | ਪੜ੍ਹਨ ਦੇ ਮੁੱਖ ਉਦੇਸ਼ |
|---|---|---|---|
| **1** | ਸਰਵਜਨਕ ਵਿਚਾਰਕ ਸਰਵੇਖਣ | 22 ਘੰਟੇ | 1. ਸੈਰ ਸਪਾਟਾ ਸਰੋਤਾਂ ਦੇ ਮਤਲਬ, ਵਿਸ਼ੇਸ਼ਤਾਵਾਂ ਅਤੇ ਵੰਡ ਨੂੰ ਬਿਆਨ ਕਰੋ। |
| **2** | ਸੈਰ ਸਪਾਟਾ ਦੇ ਭੌਤਿਕ ਸਰੋਤ ਪਰਬਤ ਅਤੇ ਘਾਟੀਆਂ | 18 ਘੰਟੇ | 1. ਭਾਰਤੀ ਹਿਮਾਲਿਆ, ਅਰਾਵਲੀ ਪਰਬਤ ਲੜੀ, ਪੱਛਮੀ ਘਾਟ ਮਾਲਾਬਾਰ ਸਹਾਦਰੀ, ਪੂਰਬੀ ਘਾਟ ਕੋਰੋਮੰਡਲ ਤੱਟ ਨੂੰ ਸਮਝਣਾ।<br>2. ਭਾਰਤ ਦੇ ਦਸ ਮਨਮੋਹਕ ਪਰਬਤ ਅਤੇ ਆਕਰਸ਼ਿਤ ਘਾਟੀਆਂ ਦੀ ਸੂਚੀ |
| **3** | ਸੈਰ ਸਪਾਟਾ ਦੇ ਭੌਤਿਕ ਸਰੋਤ ਪਹਾੜੀ ਸਟੇਸ਼ਨ, ਰੇਤ ਦੇ ਟਿੱਲੇ, ਪਠਾਰ, ਮਾਰੂਥਲ, ਆਰਦਰ ਥਲ ਅਤੇ ਮੈਦਾਨ। | 18 ਘੰਟੇ | 1. ਭਾਰਤ ਦੇ ਪਹਾੜੀ ਸਟੇਸ਼ਨਾਂ ਅਤੇ ਟਿੱਲਿਆਂ ਬਾਰੇ ਸਮਝਣਾ।<br>2. ਉੱਤਰੀ ਪੂਰਬੀ ਪ੍ਰਦੇਸ਼ਾਂ ਮਨੀਪੁਰ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ ਦੇ ਪਹਾੜੀ ਸਟੇਸ਼ਨਾਂ ਦੀ ਸੂਚੀ ਨੂੰ ਬਿਆਨ ਕਰਨਾ। ਪਠਾਰਾਂ ਅਤੇ ਮੈਦਾਨਾਂ ਨੂੰ ਬਿਆਨ ਕਰਨਾ।<br>3. ਭਾਰਤ ਦੀਆਂ ਜਲਗਾਹਾ, ਰਾਮਸਰ ਥਾਵਾਂ ਬਾਰੇ ਪੜ੍ਹਨਾ।<br>4. |
| **4** | ਸੈਰ ਸਪਾਟੇ ਦੇ ਭੌਤਿਕ ਸਰੋਤ ਤੱਟਵਰਤੀ ਭੂਮੀ ਅਤੇ ਬੀਚ | 16 ਘੰਟੇ | 1. ਭਾਰਤ ਦੇ ਸਮੁੰਦਰੀ ਤੱਟ ਅਤੇ ਬੀਚਾਂ ਬਾਰੇ ਸਮਝਣਾ। |
| **5** | ਸੈਰ ਸਪਾਟੇ ਦੇ ਭੌਤਿਕ ਸਰੋਤ-ਟਾਪੂ | 16 ਘੰਟੇ | 1. ਅੰਡੇਮਾਨ ਅਤੇ ਨਿਕੋਬਾਰ ਟਾਪੂ ਸਮੂਹ, ਲਕਸ਼ਦੀਪ, ਟਾਪੂ ਸਮੂਹ, ਮਜੂਲੀ ਟਾਪੂ ਅਤੇ ਭਾਰਤ ਦੇ ਹੋਰ ਟਾਪੂਆਂ ਬਾਰੇ ਪੜ੍ਹਨਾ। |
| **6** | ਸੈਰ ਸਪਾਟੇ ਦੇ ਭੌਤਿਕ ਸਰੋਤ- ਨਦੀਆਂ, ਝੀਲਾਂ ਅਤੇ ਨਹਿਰਾਂ | 25 ਘੰਟੇ | 1. ਭਾਰਤ ਦੀਆਂ ਮੁੱਖ ਨਦੀਆਂ ਦੀ ਸੂਚੀ<br>2. ਭਾਰਤ ਦੇ ਝੀਲਾਂ ਅਤੇ ਨਾਲਿਆਂ ਦੇ ਸੈਰਸਪਾਟੇ ਨੂੰ ਬਿਆਨ ਕਰੋ। |
| **7** | ਭਾਰਤ ਦੇ ਜੀਵ ਭੂਗੋਲਿਕ ਸੈਰ ਸਪਾਟਾ ਸਰੋਤ | 18 ਘੰਟੇ | 1. ਭਾਰਤ ਦੀ ਬਨਸਪਤੀ ਅਤੇ ਜੈਵਿਕ ਸੰਪਦਾ ਬਾਰੇ ਪੜ੍ਹਨਾ।<br>2. ਈਕੋਟੂਰਿਜ਼ਮ ਬਿਆਨ ਕਰਨਾ।<br>3. ਜੰਗਲੀ ਜੀਵ ਘਰਾਂ, ਪ੍ਰਮੁੱਖ ਦਸ ਮਸ਼ਹੂਰ ਚਿੜੀਆ ਘਰਾਂ ਅਤੇ ਭਾਰਤ ਦੇ ਬਨਾਸਪਤਿਕ ਬਾਗਾਂ ਦੀ ਸੂਚੀ। |
| **8** | ਭਾਰਤ ਦੇ ਸੱਭਿਆਚਾਰਕ ਸੈਰ ਸਪਾਟਾ ਸਰੋਤ | 25 ਘੰਟੇ | 1. ਸਿਰਜੇ ਹੋਏ ਸੱਭਿਆਚਾਰਕ ਸੈਰ ਸਪਾਟਾ ਸਰੋਤਾਂ, ਧਾਰਮਿਕ ਸੱਭਿਆਚਾਰਕ ਸਰੋਤਾਂ, ਖੇਡ ਸਰੋਤਾਂ ਅਤੇ ਮਨੋਰੰਜਕ ਸਰੋਤਾਂ ਨੂੰ ਬਿਆਨ ਕਰਨਾ।<br>2. ਭਾਰਤ ਦੇ ਰਾਖਵੇਂ ਸਰੋਤਾਂ ਦੀ ਸੂਚੀ।<br>3. ਭਾਰਤੀ ਵਿਅੰਜਨ ਕਲਾ, ਕਲਾਕ੍ਰਿਤੀਆਂ ਅਤੇ ਹੱਥ ਕਲਾ ਨੂੰ ਸੈਰ ਸਪਾਟਾ ਸਰੋਤਾਂ ਵਜੋਂ ਸਮਝਣਾ।<br>4. ਪਰਿਵਹਨ ਨੈੱਟਵਰਕ ਅਤੇ ਸੈਰ-ਸਪਾਟੇ ਦੀ ਆਧਾਰਿਕ ਸੰਰਚਨਾ ਬਾਰੇ ਪੜ੍ਹਨਾ |

•BUILDING SKILLS•BUILDING FUTURE•

# ਯੂਨਿਟ -1
# ਆਮ ਵਿਚਾਰਕ ਸਰਵੇਖਣ ਵਿਸ਼ਾ ਸੂਚੀ

1.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਿਵਰਣ
- ਸੰਖੇਪ ਜਾਣਕਾਰੀ
- ਹੁਨਰ ਅਤੇ ਗਿਆਨ
- ਸਰੋਤ ਸਮੱਗਰੀ
- ਪੜ੍ਹਨ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

1.1 ਜਾਣ ਪਛਾਣ
1.2 ਪਰਿਭਾਸ਼ਾ ਅਤੇ ਸੈਰ ਸਪਾਟਾ ਸਰੋਤਾਂ ਦੀ ਅਵਧਾਰਣਾ
1.3 ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ
1.4 ਸੈਰ ਸਪਾਟਾ ਸਰੋਤਾਂ ਦੀ ਵੰਡ ਅਤੇ ਵੰਡ ਦਾ ਆਧਾਰ
1.5 ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ
1.6 ਪ੍ਰਯੋਗਾਤਮਕ ਗਤੀਵਿਧੀਆਂ

## 1.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਸੰਖੇਪ ਵਿਆਖਿਆਵਾਂ

ਇਹ ਅਧਿਆਇ ਸੈਰ ਸਪਾਟਾ ਸਰੋਤਾਂ ਦੇ ਪੜ੍ਹਨ ਲਈ ਵਰਤੀ ਗਈ ਸ਼ਬਦਾਵਲੀ, ਸੈਰ ਸਪਾਟਾ ਸਰੋਤਾਂ ਦੇ ਮੂਲ ਤੱਤ, ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਵੰਡ ਨਾਲ ਸੰਬੰਧ ਰੱਖਦਾ ਹੈ।

### ਇਹ ਯੂਨਿਟ ਹੇਠਾਂ ਦਿੱਤੇ ਹੁਨਰ ਦੇ ਬਾਰੇ ਜਾਣਕਾਰੀ ਦੇਵੇਗਾ।

- ਸੈਰ ਸਪਾਟਾ ਸਰੋਤਾਂ ਦਾ ਮਤਲਬ
- ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ
- ਸੈਰ ਸਪਾਟਾ ਸਰੋਤਾਂ ਦੀਆਂ ਕਿਸਮਾਂ

### ਸਰੋਤ ਸਮੱਗਰੀ

1. ਗੋਹ ਚੈਂਗ ਲਿਊਂਗ ਫਿਜ਼ੀਕਲ ਸਰਟੀਫਿਕੇਟ ਅਤੇ ਹਿਊਮਨ ਜੋਗਰਫ਼ੀ, ਆਕਸਫੋਰਡ, ਯੂਨੀਵਰਸਿਟੀ ਪ੍ਰੈਸ (1995) ।
2. ਚਾਰੂ ਸ਼ੀਲਾ ਟੂਰਿਜ਼ਮ ਪ੍ਰੋਡਕਟਸ, ਨਿਊ ਰੋਇਲ ਪਬਲਿਸ਼ਰਜ਼, ਲਖਨਊ - 2001.
3. ਸਮਪਦ ਕੁਮਾਰ ਸਵੈਨ ਅਤੇ ਜਿਤੇਂਦਰ ਕੁਮਾਰ ਮਿਸ਼ਰਾ ਟੂਰਿਜਮ, ਪ੍ਰਿੰਸੀਪਲਜ਼ ਅਤੇ ਪ੍ਰੈਕਟਿਸ਼ਿਜ OUP, ਨਿਊ ਦਿੱਲੀ 2012,

### ਪੜ੍ਹਨ ਦੇ ਨਤੀਜੇ :

| ਯੂਨਿਟ -1<br>ਸਰਵਜਨਕ ਵਿਚਾਰਕ ਸਰਵੇਖਣ | ਨਤੀਜੇ<br>ਇਹਨਾਂ ਸਬ ਯੂਨਿਟਾਂ ਨੂੰ ਪੜ੍ਹਨ ਤੋਂ ਬਾਅਦ |
|---|---|
| 1.1 ਜਾਣ ਪਛਾਣ | ਵਿਦਿਆਰਥੀ ਸੈਰ ਸਪਾਟਾ ਸਰੋਤਾਂ ਦੇ ਬਾਅਦ ਵੱਖ ਵੱਖ ਪੱਖਾਂ ਨੂੰ ਸਮਝਣ ਦੇ ਯੋਗ ਹੋਣਗੇ। |
| 1.2 ਸੈਰ ਸਪਾਟਾ ਸਰੋਤਾਂ ਦੀ ਪਰਿਭਾਸ਼ਾ ਅਤੇ ਬੁਨਿਆਦੀ ਤੱਤ | ਵਿਦਿਆਰਥੀ ਸੈਰ ਸਪਾਟਾ ਸਰੋਤਾਂ ਦੇ ਬਾਅਦ ਵੱਖ ਵੱਖ ਪੱਖਾਂ ਨੂੰ ਸਮਝਣ ਦੇ ਯੋਗ ਹੋਣਗੇ। |
| 1.3 ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ | ਵਿਦਿਆਰਥੀ ਸੈਰ ਸਪਾਟਾ ਸਰੋਤਾਂ ਦੇ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |
| 1.4 ਸੈਰ ਸਪਾਟਾ ਸਰੋਤਾਂ ਦੀ ਵੰਡ ਅਤੇ ਵੰਡ ਦਾ ਆਧਾਰ | ਵਿਦਿਆਰਥੀ ਸੈਰ ਸਪਾਟਾ ਸਰੋਤਾਂ ਦੀ ਵੰਡ ਨੂੰ ਸਮਝਣ ਦੇ ਯੋਗ ਹੋਣਗੇ। |

### ਮੁਲਾਂਕਣ ਪਲਾਨ : (ਅਧਿਆਪਕਾਂ ਲਈ )

| ਯੂਨਿਟ-1 | ਵਿਸ਼ਾ | ਮੁਲਾਂਕਣ ਪ੍ਰਣਾਲੀ | ਸਮਾਂ/ਪਲਾਨ | ਕਥਨ |
|---|---|---|---|---|
| 1.1 | ਜਾਣ-ਪਛਾਣ | ਪ੍ਰਸ਼ਨ ਅਤੇ ਉੱਤਰ | | |
| 1.2 | ਸੈਰ ਸਪਾਟਾ ਸਰੋਤਾਂ ਦੀ ਪਰਿਭਾਸ਼ਾ ਅਤੇ ਬੁਨਿਆਦੀ ਤੱਤ | ਪ੍ਰਸ਼ਨ ਅਤੇ ਉੱਤਰ | | |
| 1.3 | ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ | ਪ੍ਰਸ਼ਨ ਅਤੇ ਉੱਤਰ | | |
| 1.4 | ਸੈਰ ਸਪਾਟਾ ਸਰੋਤਾਂ ਦੀ ਵੰਡ ਅਤੇ ਵੰਡ ਦਾ ਆਧਾਰ | ਪ੍ਰਸ਼ਨ ਅਤੇ ਉੱਤਰ | | |

## 1.1 ਜਾਣ-ਪਛਾਣ

ਕੁਦਰਤ ਦੀ ਸੁੰਦਰਤਾ ਇਸ ਦੀ ਭਿੰਨਤਾ ਵਿੱਚ ਹੁੰਦੀ ਹੈ ਜੋ ਅਸਲ ਵਿੱਚ ਅਸੀਮਿਤ ਹੈ। ਸ਼ੁਰੂ ਤੋਂ ਹੀ ਕੁਦਰਤ ਅਤੇ ਸੱਭਿਆਚਾਰ ਦੀ ਤਹਿ ਦਿਲ ਤੋਂ ਪ੍ਰਸ਼ੰਸਾ ਕਰਨਾ ਮਨੁੱਖ ਦੀ ਇੱਛਾ ਰਹੀ ਹੈ। ਇਸ ਕਰਕੇ ਹੀ ਬਹੁਤ ਪੁਰਾਤਨ ਸਮੇਂ ਤੋਂ ਹੀ ਵਿਗਿਆਨੀ, ਖੋਜੀਆਂ ਅਤੇ ਸੈਲਾਨੀਆਂ ਨੇ ਮੁਸ਼ਕਿਲਾਂ ਦੇ ਬਾਵਜੂਦ ਜੋਖਿਮਾਂ ਭਰੀਆਂ ਯਾਤਰਾਵਾਂ ਕਰਕੇ ਇਹਨਾਂ ਬਾਰੇ ਜਾਣਿਆ ਹੈ। ਇਹਨਾਂ ਨਵੇਂ ਨਵੇਂ ਥਾਵਾਂ ਉੱਤੇ ਜਾਣ ਦਾ ਮਕਸਦ ਇਹਨਾਂ ਕੁਦਰਤੀ ਅਤੇ ਸੱਭਿਆਚਾਰਕ ਸੁੰਦਰਤਾਵਾਂ ਨੂੰ ਸਲਾਹੁਣਾ ਹੈ। ਸਮੇਂ ਦੇ ਬੀਤਣ ਨਾਲ, ਇਸ ਨੇ ਆਧੁਨਿਕ ਉਦਯੋਗ ਜੋ ਸੈਰ ਸਪਾਟਾ ਦੇ ਨਾਲ਼ ਜਾਣਿਆ ਗਿਆ, ਨੂੰ ਜਨਮ ਦਿੱਤਾ ਹੈ।

ਪਰ ਉਹਨਾਂ ਉਦਯੋਗਾਂ ਦੀ ਤਰ੍ਹਾਂ, ਸੈਰ ਸਪਾਟਾ ਉਦਯੋਗ ਨੂੰ ਵੀ ਸਰੋਤਾਂ ਦੀ ਜ਼ਰੂਰਤ ਪੈਂਦੀ ਹੈ। ਸੈਰ ਸਪਾਟਾ ਉਦਯੋਗ ਵਿੱਚ ਵਰਤੇ ਜਾਣ ਵਾਲੇ ਸਰੋਤਾਂ ਨੂੰ ਸੈਰ ਸਪਾਟਾ ਸਰੋਤਾਂ ਨਾਲ ਜਾਣਿਆ ਜਾਂਦਾ ਹੈ।

**ਸਮੀਖਿਅਕ ਪ੍ਰਸ਼ਨ**

1) ਖਾਲੀ ਥਾਂ ਭਰੋ :

a) ਸੈਰ ਸਪਾਟਾ ਉਦਯੋਗ ਵਿੱਚ ਵਰਤੇ ਜਾਣ ਵਾਲੇ ਸਰੋਤਾਂ ਨੂੰ __________ ਕਿਹਾ ਜਾਂਦਾ ਹੈ।

## 1.2 ਸੈਰ ਸਪਾਟਾ ਸਰੋਤਾਂ ਦੀ ਪਰਿਭਾਸ਼ਾ ਅਤੇ ਬੁਨਿਆਦੀ ਤੱਤ

ਆਮ ਤੌਰ ਤੇ, ਸਰੋਤ ਇੱਕ ਵਸਤੂ ਜਾਂ ਵਸਤੂਆਂ ਦੇ ਸਮੂਹ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ, ਜੋ ਮਨੁੱਖਾਂ ਦੁਆਰਾ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਰਤੇ ਜਾਂਦੇ ਹਨ।

ਉਸ ਤਰ੍ਹਾਂ ਹੀ ਸੈਰ ਸਪਾਟਾ ਸਰੋਤ ਉਹ ਵਸਤੂਆਂ ਜਾਂ ਲਾਭਦਾਇਕ ਚੀਜ਼ਾਂ ਹੁੰਦੀਆਂ ਹਨ ਜੋ ਸੈਲਾਨੀਆਂ ਦੁਆਰਾ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸਤੇਮਾਲ ਜਾਂ ਸਰਲੀਕ੍ਰਿਤ ਕਰਨ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ।ਅਜਿਹੇ ਪਦਾਰਥ ਅਤੇ ਸੇਵਾ ਦੀ ਪ੍ਰਾਪਤੀ ਕਰਨ ਤੋਂ ਬਾਅਦ ਸੈਲਾਨੀ ਆਪਣੀ ਲੋੜੀਂਦੀ ਸੈਰ ਸਪਾਟਾ ਗਤੀਵਿਧੀ ਜਾਂ ਗਤੀਵਿਧੀਆਂ ਤੋਂ ਸਭ ਤੋਂ ਵੱਧ ਸੰਤੁਸ਼ਟੀ ਮਹਿਸੂਸ ਕਰਦਾ ਹੈ।

**ਸਮੀਖਿਅਕ ਪ੍ਰਸ਼ਨ :**

1) ਸੈਰ ਸਪਾਟਾ ਸਰੋਤਾਂ ਨੂੰ ਪਰਿਭਾਸ਼ਿਤ ਕਰੋ।

## 1.3 ਸੈਰ ਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ :

ਸੈਰ ਸਪਾਟਾ ਸਰੋਤਾਂ ਦੀ ਮੌਲਿਕ ਪਰਿਭਾਸ਼ਾ ਦੇ ਆਧਾਰ ਤੇ, ਸੈਰ ਸਪਾਟਾ ਸਰੋਤਾਂ ਵਿੱਚ ਹੇਠ ਲਿਖੇ ਸ੍ਰੋਤ ਸ਼ਾਮਲ ਹੁੰਦੇ ਹਨ:-

a. **ਮਹੱਤਵਪੂਰਨ ਸੈਰ ਸਪਾਟਾ ਸਰੋਤ :** ਪਦਾਰਥ ਰੂਪ ਵਿੱਚ ਸੈਰ ਸਪਾਟਾ ਮੁਹੱਈਆ ਕਰਵਾਉਣ ਵਾਲੇ ਸੈਰ ਸਪਾਟਾ ਪਦਾਰਥ ਸਰੋਤ ਹਨ ਪਹਾੜ, ਪਹਾੜੀ, ਸਟੇਸ਼ਨ, ਬੀਚ, ਮਾਰੂਥਲ, ਨਦੀ, ਝੀਲ, ਜਲਗਾਹਾ, ਲੈਂਡਸਕੇਪ, (ਕੁਦਰਤੀ ਨਜ਼ਾਰਾ), ਜੰਗਲੀ ਜੀਵ ਜੰਤੂ, ਘਰ, ਸਮਾਰਕਾਂ ਜਿਵੇਂ ਕੁਤੁਬ ਮੀਨਾਰ, ਤਾਜ ਮਹਿਲ ਅਤੇ ਇਤਿਹਾਸਿਕ ਮਾਨਵਤਾ ਦੇ ਅਵਸ਼ੇਸ਼ ਜਿਵੇਂ ਹੜੱਪਾ ਸੱਭਿਅਤਾ ਅਤੇ ਰੀਤੀ-ਰਿਵਾਜ਼ ਅਤੇ ਹੋਰ।

B. **ਵਾਧੂ ਪਦਾਰਥ ਜਾਂ ਸਰਵਿਸ ਯੋਗ ਸੈਰ ਸਪਾਟਾ ਸਰੋਤ :** ਇਸ ਕਿਸਮ ਵਿੱਚ ਸੈਰ ਸਪਾਟਾ ਪਦਾਰਥ ਤੱਤ ਅਤੇ ਸੇਵਾ ਦੇ ਰੂਪ ਵਿੱਚ ਉਪਜੇ ਸੈਰ ਸਪਾਟਾ ਸਰੋਤ ਹਨ ਧਰਮ, ਤਿਉਹਾਰ ਅਤੇ ਮੇਲੇ, ਟਰੈਵਲ ਏਜੰਸੀ, ਪਾਸਪੋਰਟ ਦਫਤਰ, ਵਿਦੇਸ਼ੀ ਲੈਣ ਦੇਣ, ਸਹਾਇਕ, ਆਵਾਜਾਈ ਅਤੇ ਸੰਚਾਰ, ਕੇਟਰਿੰਗ ਅਤੇ ਗੈਸਟਰੋਨੋਮੀ, ਕਲਾ ਅਤੇ ਕਲਾਕ੍ਰਿਤੀਆਂ, ਸਾਹਿਤ, ਦ੍ਰਿਸ਼ ਅਤੇ ਕਰੱਤਬ ਕਲਾ, ਨਾਚ ਅਤੇ ਗਾਣ, ਨਾਟ-ਕਲਾ ਅਤੇ ਹੋਰ।

**ਸਮੀਖਿਅਕ ਪ੍ਰਸ਼ਨ**

1) ਪ੍ਰਮੁੱਖ ਸੈਰ ਸਪਾਟਾ ਸ੍ਰੋਤਾਂ ਅਤੇ ਹੋਰ ਵਾਧੂ ਸੈਰ ਸਪਾਟਾ ਸ੍ਰੋਤਾਂ ਦੀ ਪਰਿਭਾਸ਼ਾ ਦਿਉ।

## 1.4 ਸੈਰ ਸਪਾਟਾ ਸਰੋਤਾਂ ਦੀ ਵੰਡ ਅਤੇ ਵੰਡ ਦਾ ਆਧਾਰ

ਸੈਰ ਸਪਾਟਾ ਸਰੋਤ ਖੁਦ ਸੈਰ ਸਪਾਟਾ ਨੂੰ ਹੱਲਾਸ਼ੇਰੀ ਨਹੀਂ ਦਿੰਦੇ ਹੋਏ ਸੈਰ ਸਪਾਟਾ ਸਰਵਿਸ ਸਹੂਲਤਾਂ ਅਤੇ ਆਕਰਸ਼ਨ ਦੇ ਨਾਲ ਜੁੜ ਕੇ ਇਸ ਵਿੱਚ ਵਾਧਾ ਕਰਦੇ ਹਨ।
ਮੌਲਿਕ ਪਰਿਭਾਸ਼ਾ ਦੇ ਆਧਾਰ ਤੇ ਸੈਰ ਸਪਾਟਾ ਸਰੋਤ ਆਕਰਸ਼ਨ,ਨਿਵਾਸ ਸਥਾਨ ਅਤੇ ਭੋਜਨ ਪ੍ਰਬੰਧ ਦੇ ਨਾਲ ਆਵਾਗਮਨ ਦੀ ਪ੍ਰਤੀਪੁਸ਼ਟੀ ਦਾ ਕਾਰਨ ਬਣਦੇ ਹਨ।ਸੈਰ ਸਪਾਟਾ ਸਰੋਤਾਂ ਨੂੰ ਮੁੱਖ ਤੌਰ ਤੇ ਹੇਠਾਂ ਦਿੱਤੇ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

### a. ਭੌਤਿਕ ਸੈਰ ਸਪਾਟਾ ਸਰੋਤ

ਭੌਤਿਕ ਸੈਰ ਸਪਾਟਾ ਸਰੋਤ ਸੈਰ ਸਪਾਟੇ ਦੇ ਉਤਪਾਦਕ ਅਤੇ ਸਹਾਇਕ ਹੁੰਦੇ ਹਨ ਜਿੰਨ੍ਹਾਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਕੁਦਰਤੀ ਅਤੇ ਨਿਰਜੀਵ ਹੁੰਦੇ ਹਨ।ਭੌਤਿਕ ਸੈਰ ਸਪਾਟਾ ਸਰੋਤਾਂ ਨੂੰ ਇਸ ਤਰ੍ਹਾਂ ਵਿਭਾਜਿਤ ਕੀਤਾ ਜਾਂਦਾ ਹੈ :

#### ਭੂ ਦ੍ਰਿਸ਼ ਸੈਰ ਸਪਾਟਾ ਸਰੋਤ :


ਭੂ ਦ੍ਰਿਸ਼ ਸੈਰ ਸਪਾਟਾ ਸਰੋਤਾਂ ਵਿੱਚ ਧਰਤੀ ਦੇ ਖੇਤਰ ਵਿੱਚ ਵਿਖਾਈ ਦੇਣ ਵਾਲੇ ਰੂਪ ਜਿੰਨ੍ਹਾਂ ਵਿੱਚ ਧਰਤੀ ਉੱਤੇ ਮੌਜ਼ੂਦ ਭੌਤਿਕ ਤੱਤ ਜਿਵੇਂ ਕਿ ਪਹਾੜ, ਚੋਟੀਆਂ, ਪਹਾੜੀਆਂ, ਪਠਾਰ, ਖਾਈਆਂ, ਤੰਗ ਖਾਈਆਂ, ਗੁਫ਼ਾਵਾਂ, ਜਵਾਲਾਮੁਖੀ, ਦੱਰੇ ਅਤੇ ਮਾਰੂਥਲ ਹੁੰਦੇ ਹਨ। ਭੂ ਦ੍ਰਿਸ਼ ਸੈਰ ਸਪਾਟਾ ਸਰੋਤ ਇੰਨਾਂ ਮਹੱਤਵ ਰੱਖਦੇ ਹਨ ਕਿ ਇਹਨਾਂ ਬਿਨ੍ਹਾਂ ਸੈਰ ਸਪਾਟੇ ਬਾਰੇ ਸੋਚਣਾ ਅਤੇ ਸੈਰ ਸਪਾਟੇ ਦਾ ਹੋਣਾ ਸੰਭਵ ਹੀ ਨਹੀਂ।ਮੁੱਖ ਭੂ ਦ੍ਰਿਸ਼ ਸੈਰ ਸਪਾਟਾ ਸਰੋਤ ਹਨ :

i. **ਪਹਾੜ :** ਇਹ ਪਹਾੜੀ ਸਥਾਨ, ਗਲੇਸ਼ੀਅਰ ਅਤੇ ਦਰਿਆਵਾਂ ਦੇ ਸ੍ਰੋਤ ਅਤੇ ਬਹੁਤ ਸਾਰੇ ਜੋਖਮ ਭਰੇ ਯਾਤਰੀ ਸਥਾਨ ਮੁਹੱਈਆ ਕਰਵਾਉਂਦੇ ਹਨ।
ii. **ਪਹਾੜੀ ਸਟੇਸ਼ਨ :** ਇਹ ਸੈਲਾਨੀਆਂ ਦੀ ਪਹਿਲੀ ਪਸੰਦ ਹੁੰਦੇ ਹਨ।
iii. **ਪਹਾੜੀਆਂ :** ਇਹ ਪੁਰਾਣੇ ਸਮੇਂ ਤੋਂ ਇਮਾਰਤੀ ਸਮਾਰਕਾਂ ਲਈ ਕੱਚਾ ਮਾਲ ਮੁਹੱਈਆ ਕਰਵਾਉਂਦੇ ਹਨ।
iv. **ਵੈਲੀ (ਦੋ ਪਹਾੜਾਂ ਵਿਚਲੀ ਜਗ੍ਹਾ) :** ਭੂ ਦ੍ਰਿਸ਼, ਕੁਦਰਤੀ ਸੁੰਦਰਤਾ ਅਤੇ ਸੈਰ ਸਪਾਟੇ ਦੇ ਭਰਪੂਰ ਸਰੋਤ ਹੁੰਦੇ ਹਨ।
v. **ਦੱਰੇ :** ਇਹ ਵੈਲੀ ਦੀ ਤਰ੍ਹਾਂ ਹੀ ਹੁੰਦੇ ਹਨ।
vi. **ਜਵਾਲਾਮੁਖੀ :** ਇਹ ਜੋਖਿਮ ਭਰਪੂਰ ਸੈਰ ਸਪਾਟੇ ਦਾ ਸੋਮਾ ਹੁੰਦੇ ਹਨ।
vii. **ਗੁਫ਼ਾਵਾਂ :** ਗੁਫ਼ਾ ਸੈਰ ਸਪਾਟੇ ਦਾ ਸਰੋਤ ਹੁੰਦੀ ਹੈ। ਜ਼ਿਆਦਾਤਰ ਗੁਫ਼ਾਵਾਂ ਨੂੰ ਕਲਾ ਅਤੇ ਕਲਾਕ੍ਰਿਤੀ ਦੇ, ਧਾਰਮਿਕ . ਗਤੀਵਿਧੀਆਂ ਦੇ ਸ਼੍ਰੇਸ਼ਟ ਕੰਮ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਕਈ ਗੁਫ਼ਾਵਾਂ ਜੋਖਿਮ ਭਰੇ ਸੈਰ ਸਪਾਟੇ ਸਰੋਤ ਦਾ ਕੰਮ ਕਰਦੀਆਂ ਹਨ। .
viii. **ਮਾਰੂਥਲ :** ਇਹ ਭੂਦ੍ਰਿਸ਼ ਅਤੇ ਰਾਤ ਦੀ ਊਠ ਸਵਾਰੀ ਦਾ ਦ੍ਰਿਸ਼ ਮੁਹੱਈਆ ਕਰਵਾਉਂਦੇ ਹਨ।
ix. **ਮੈਦਾਨ :** ਪੂਰੇ ਸੈਰ ਸਪਾਟਾ ਸਰੋਤਾਂ ਦਾ ਸਭ ਤੋਂ ਵੱਧ ਹਿੱਸਾ ਮੈਦਾਨਾਂ ਦਾ ਹੁੰਦਾ ਹੈ।

#### ਸਮੁੰਦਰੀ ਸੈਰ ਸਪਾਟਾ ਜਾਂ ਹਾਈਡ੍ਰੋਲੋਜੀਕਲ ਸਰਤ ਸਥਾਨ

ਸਮੁੰਦਰੀ ਜਾਂ ਹਾਈਡ੍ਰੋਲੋਜੀਕਲ ਸੈਰ ਸਪਾਟਾ ਸਰੋਤ ਉਹ ਹੁੰਦੇ ਹਨ ਜੋ ਪਾਣੀ ਨਾਲ ਸੰਬੰਧ ਰੱਖਦੇ ਹਨ ਜਿਵੇਂ ਵਾਟਰ ਬਾਡੀ ਅਤੇ ਬਰਫ਼ ਨਾਲ ਢੱਕੇ ਹੋਏ ਖੇਤਰ ਅਤੇ ਬਰਫ਼ ਦੇ ਚੈੱਨਲ ਆਦਿ।

### ਸੈਰ ਸਪਾਟਾ ਸਰੋਤਾਂ ਦੀ ਵੰਡ




ਸਮੁੰਦਰੀ ਜਾਂ ਜਲ ਸਰੋਤ ਸੈਰ ਸਪਾਟੇ ਵਿੱਚ ਹੇਠ ਦਿੱਤੇ ਅਨੁਸਾਰ ਆਪਣੀ ਆਪਣੀ ਭੂਮਿਕਾ ਲਈ ਸੈਰ ਸਪਾਟੇ ਵਿੱਚ ਮਹੱਤਵਪੂਰਨ ਹੁੰਦੇ ਹਨ।

i. **ਗਲੇਸ਼ੀਅਰ ਬਰਫ਼ ਦੇ ਪਹਾੜ :** ਇਹ ਚੱਲਣ ਖਿਸਕਣ ਵਾਲੀ ਬਰਫ਼ ਦੀਆਂ ਨਦੀਆਂ ਹਨ। ਇਹ ਕਰਤੱਬ ਦਿਖਾਉਣ ਵਾਲੇ ਸੈਰ ਸਪਾਟੇ ਨੂੰ ਉਤਸਾਹਿਤ ਕਰਦੇ ਹਨ ਅਤੇ ਕੁਝ ਗਲੇਸ਼ੀਅਰਾਂ ਜਿਵੇਂ ਕਿ ਗੰਗੋਤਰੀ ਅਤੇ ਯਮਨੋਤਰੀ ਧਾਰਮਿਕ ਸੈਰ ਸਪਾਟੇ ਨੂੰ ਉਤਸ਼ਾਹ ਦਿੰਦੇ ਹਨ। ਕੁਝ ਗਲੇਸ਼ੀਅਰ ਜਿਵੇਂ ਕਿ ਸਿਆਚਿਨ ਗਲੇਸ਼ੀਅਰ ਰੱਖਿਆ ਦੇ ਮਕਸਦ ਵਜੋਂ ਅਤੇ ਕਰਤੱਬ ਸੈਰ ਸਪਾਟਾ ਸਾਈਟ ਵਜੋਂ ਮਹੱਤਵਪੂਰਨ ਸਥਾਨ ਰੱਖਦੇ ਹਨ।

ii. **ਨਦੀਆਂ :** ਇਹ ਗਲੇਸ਼ੀਅਰ ਜਾਂ ਵਰਖਾ ਤੋਂ ਬਣ ਕੇ ਨਿਕਲਣ ਵਾਲੇ ਪਾਣੀ ਦੇ ਚੈਨਲ ਹੁੰਦੇ ਹਨ। ਇਹ ਨਦੀਆਂ ਆਵਾਜਾਈ, ਸਪੋਰਟ ਸੈਰ ਸਪਾਟਾ ਅਤੇ ਪਵਿੱਤਰਤਾ ਦੇ ਮਕਸਦ ਵਜੋਂ ਇਹ ਚੰਗਾ ਸਰੋਤ ਹਨ। ਜ਼ਿਆਦਾਤਰ ਪਵਿੱਤਰ ਸਥਾਨ ਅਤੇ ਸਮਾਰਕਾਂ ਨਦੀਆਂ ਦੇ ਕੰਢਿਆਂ ਉੱਤੇ ਵਿਕਸਿਤ ਹੁੰਦੀਆਂ ਹਨ।

iii. **ਝੀਲਾਂ :** ਦਲਦਲ, ਪਛੜਿਆ ਹੋਇਆ ਖੇਤਰ, ਤਲਾਬ ਅਤੇ ਤਾਲ : ਇਹ ਬੇੜੀ ਦੀ ਸੈਰ (Boating) ਅਤੇ ਰਿਜ਼ੋਰਟਸ ਲਈ ਸਰੋਤਾਂ ਦਾ ਕੰਮ ਕਰਦੇ ਹਨ।

iv. **ਸਮੁੰਦਰ, ਸਾਗਰ, ਖਾੜੀਆਂ ਅਤੇ ਡੂੰਘੀਆਂ ਦਰਾਰਾਂ :** ਜਹਾਜ਼ਰਾਨੀ, ਸਮੁੰਦਰੀ ਸੈਰ ਅਤੇ ਜੋਖ਼ਿਮ ਭਰੇ ਸੈਰ ਸਪਾਟਾ ਗਤੀਵਿਧੀਆਂ ਦੇ ਸਰੋਤ।

v. **ਸਮੁੰਦਰੀ ਤੱਟ :** ਸਮੁੰਦਰ ਤੱਟ ਉਹ ਖੇਤਰ ਹੁੰਦਾ ਹੈ ਜਿਸ ਵਿੱਚ ਮਿੱਟੀ ਦੇ ਕਣ ਅਤੇ ਗੋਲਮੋਲ ਪੱਥਰ ਮਿਲਦੇ ਹਨ। ਸਮੁੰਦਰੀ ਕੰਢਿਆ ਦਾ ਨਜ਼ਾਰਾ ਮਾਨਣ ਲਈ ਸੈਲਾਨੀਆਂ ਦਾ ਸਭ ਤੋਂ ਪਸੰਦੀ ਦਾ ਸਥਾਨ ਹੁੰਦਾ ਹੈ।

vi. **ਤੱਟ ਵਰਤੀ ਭੂਮੀ :** ਜੰਗਲੀ ਪ੍ਰਾਣੀਆਂ ਦੇ ਘਰਾਂ, ਤੱਟਵਰਤੀ ਸੈਰ ਸਪਾਟਾ, ਭੂਮੀ ਸੈਰਸਪਾਟਾ, ਪਰਿਆਵਰਣ ਸੈਰ ਸਪਾਟਾ ਅਤੇ ਲਹਿਰਾਉਂਦੀਆਂ ਹਰੀਆਂ ਭਰੀਆਂ ਥਾਵਾਂ ਮਨੋਰੰਜਨ ਸਥਾਨ ਹਨ।

vii. **ਟਾਪੂ :** ਤੱਟਵਰਤੀ ਸੈਰ ਸਪਾਟਾ, ਭੂਮੀ ਸੈਰ ਸਪਾਟਾ, ਈਕੋ ਟੂਰਿਜ਼ਮ, ਜੋਖਿਮ ਭਰਿਆ ਸੈਰ ਸਪਾਟਾ ਅਤੇ ਹਰੇ ਭਰੇ ਸਥਾਨ ਮਨੋਰੰਜਨ ਲਈ ਸਭ ਤੋਂ ਵਧੀਆ ਜਗ੍ਹਾ ਹਨ।

viii. **ਇਸਥਮਸ :** ਤੱਟਵਰਤੀ ਸੈਰ ਸਪਾਟਾ, ਭੂਮੀ ਸੈਰ ਸਪਾਟਾ, ਈਕੋ ਟੂਰਿਜ਼ਮ, ਜੋਖਿਮ ਭਰੇ ਸੈਰ ਸਪਾਟਾ ਅਤੇ ਮਨੋਰੰਜਨ ਸੈਲਾਨੀਆਂ ਲਈ ਸਭ ਤੋਂ ਵਧੀਆ ਸਥਾਨ ਹੈ।

ix. **ਸੰਕੀਰਨ ਰਸਤੇ :** ਤੱਟਵਰਤੀ ਸੈਰ ਸਪਾਟਾ, ਭੂਮੀ ਸੈਰ ਸਪਾਟਾ, ਈਕੋ ਟੂਰਿਜ਼ਮ, ਸੈਰ ਸਪਾਟਾ, ਜੋਖ਼ਿਮ ਭਰੇ ਸੈਰ ਸਪਾਟਾ ਲਈ ਸਭ ਤੋਂ ਵਧੀਆ ਸਥਾਨ ਅਤੇ ਕੁਝ ਸਥਾਨ ਧਾਰਮਿਕ ਸੈਰ ਸਪਾਟੇ ਦਾ ਕੰਮ ਵੀ ਸਾਰਦੇ ਹਨ।

x. **ਕੋਰਲਰੀਫ ਅਤੇ ਐਟੋਲ :** ਤੱਟਵਰਤੀ ਸੈਰ ਸਪਾਟਾ, ਭੂਮੀ ਸੈਰ ਸਪਾਟਾ ਈਕੋ ਟੂਰਿਜ਼ਮ, ਜ਼ੋਖਿਮ ਭਰਿਆ ਸੈਰ ਸਪਾਟਾ ਅਤੇ ਹਰੇ ਭਰੇ ਸਰੋਤ ਸਭ ਤੋਂ ਵਧੀਆ ਸਰੋਤ ਹਨ।

xi. **ਆਰਦਰ ਭੂਮੀ :** ਜੰਗਲੀ ਜੀਵ ਜੰਤੂਆਂ ਦੇ ਘਰ, ਚਿੜੀਆ ਘਰ ਅਤੇ ਬਨਸਪਤੀ ਭਰਭੂਰ ਬਾਗ਼ ਬਣਾਉਣ ਦੇ ਯੋਗ ਸਭ ਤੋਂ ਵਧੀਆ ਸਰੋਤ ਸਥਾਨ ਹਨ।

xii. **ਡੇਲਟਾ ਅਤੇ ਐਸਚੁਏਰੀ :** ਜੰਗਲੀ ਜੀਵ ਜੰਤੂਆਂ ਦੇ ਘਰ, ਚਿੜੀਆ ਘਰ, ਮੱਛੀ ਅਕਵੇਰਿਅਮ, ਨਹਿਰੀ ਸੈਰ ਸਪਾਟਾ, ਈਕੋਟੂਰਿਜ਼ਮ ਸੈਰ ਸਪਾਟਾ ਅਤੇ ਭੂਮੀ ਸੈਰ ਸਪਾਟਾ ਬਣਾਉਣ ਲਈ ਸਭ ਤੋਂ ਵਧੀਆ ਸਰੋਤ ਹਨ।।

### ੩ਾ ਜਲਵਾਯੂ ਆਧਾਰਿਤ ਸੈਰ ਸਪਾਟਾ ਸਰੋਤ

ਜਲਵਾਯੂ ਆਧਾਰਿਤ ਸੈਰ ਸਪਾਟਾ ਸਰੋਤ ਵਾਤਾਵਰਨ ਦੇ ਹਿੱਸੇ ਹਨ ਜਿਵੇਂ ਕਿ ਵਰਖਾ, ਬਰਫ ਬਾਰੀ, ਗਰਮ ਦਿਨ, ਖੁਸ਼ਕ, ਠੰਢਾ ਅਤੇ ਜਲਵਾਯੂ ਖੇਤਰ ਸੈਰ ਸਪਾਟਾ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

i. **ਜਲਵਾਯੂ :** ਜਲਵਾਯੂ ਭੂ ਅਕ੍ਰਿਤ ਵਿਗਿਆਨ ਦੇ (ਜਿਓਮੋਰਫਲੋਜ਼ਿਕ) ਏਜੰਟਾਂ ਦੇ ਨਾਲ਼ ਮਿਲ ਕੇ ਸਮਾਰਕਾਂ ਅਤੇ ਸੈਲਾਨੀਆਂ ਨਾਲ ਸਬੰਧਤ ਜਗ੍ਹਾ ਉੱਤੇ ਬਹੁਤ ਪ੍ਰਭਾਵ ਪਾਉਂਦਾ ਹੈ। ਹਰੇਕ ਤਰ੍ਹਾਂ ਦੀ ਤਰਤੀਬ ਅਤੇ ਸੈਰ ਸਪਾਟੇ ਦੀ ਕਿਸਮ ਸਬੰਧਤ ਜਗ੍ਹਾ ਦੀ ਜਲਵਾਯੂ ਨਾਲ ਸਿੱਧੇ ਤੌਰ ਤੇ ਸੰਬੰਧ ਰੱਖਦੀ ਹੈ। ਸੈਰ ਸਪਾਟੇ ਦੀ ਉੱਤਪਤੀ ਟਿਕਾਣਾ ਅਤੇ ਸੁਭਾਅ ਉੱਪਰ ਨਿਰਭਰ ਕਰਦਾ ਹੈ ਕਿ ਜਲਵਾਯੂ ਦੇ ਕਿਹੜੇ ਖੇਤਰ ਵਿੱਚ ਸੈਰ ਸਪਾਟੇ ਦੀ ਉੱਤਪਤੀ ਅਤੇ ਸਥਾਨ ਮੌਜੂਦ ਹੁੰਦਾ ਹੈ।

ii. **ਰੁੱਤਾਂ ਅਤੇ ਮੌਸਮ :** ਰੁੱਤਾਂ ਅਤੇ ਮੌਸਮ ਸਾਰੀਆਂ ਸੈਰ ਸਪਾਟਾ ਗਤੀਵਿਧੀਆਂ ਦੀ ਮੁੱਖ ਨਿਰਮਾਤਾ ਦਾ ਕੰਮ ਕਰਦੇ ਹਨ ਅਤੇ ਸੈਰ ਸਪਾਟੇ ਜਿਵੇਂ ਕਿ ਇਹਨਾਂ ਦੀ ਉੱਤਪਤੀ ਸਥਾਨ ਅਤੇ ਇਹਨਾਂ ਦਾ ਸੁਭਾਅ ਰੁੱਤਾਂ ਅਤੇ ਮੌਸਮ ਉੱਤੇ ਨਿਰਭਰ ਕਰਦਾ ਹੈ। ਸੈਰ ਸਪਾਟੇ ਦਾ ਹਰ ਰੂਪ ਅਤੇ ਕਿਸਮ ਸਬੰਧਤ ਸੈਰ ਸਪਾਟੇ ਦੇ ਸਥਾਨ ਦੇ ਮੌਸਮ ਅਤੇ ਰੁੱਤਾਂ ਨਾਲ ਸਿੱਧਾ ਸੰਬੰਧ ਰੱਖਦਾ ਹੈ। ਪ੍ਰਤੀਦਿਨ ਦੇ ਸੈਲਾਨੀਆਂ ਦੀ ਆਵਾਜਾਈ ਰੁੱਤ ਅਤੇ ਮੌਸਮ ਉੱਤੇ ਨਿਰਭਰ ਕਰਦੀ ਹੈ। ਹਰ ਤਰ੍ਹਾਂ ਦੀ ਆਵਾਜਾਈ ਵੀ ਇਸ ਉੱਪਰ ਹੀ ਨਿਰਭਰ ਕਰਦੀ ਹੈ।




ਇੱਕ ਪਰਬਤ



ਚੇਰਾਇ ਬੀਚ, ਕੇਰਲਾ



ਥਾਰ ਮਾਰੂਥਲ, ਰਾਜਸਥਾਨ



ਦ ਬਲੂ ਲੈਗੂਨ, ਗੋਆ



ਕੋਲੋਨੀ ਪਲੋਟ ਕੇਰਲਾ ਪਹਾੜੀ ਸਟੇਸ਼ਨ, ਕੇਰਲਾ




ਮਿਊਜ਼ੀਅਮ, ਕੋਲਕਾਤਾ (ਅਜਾਇਬ ਘਰ)



ਸ਼ੂਲਪਨੇਸ਼ਵਰ ਜੰਗਲੀ ਜੀਵ ਘਰ



ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ



ਥੇਨਮਾਲਾ ਪਹਿਲਾ ਨਿਯੋਜਿਤ ਈਕੋਟੂਰਿਜ਼ਮ ਸੈਰ ਟਿਕਾਲਾ, ਭਾਰਤ



ਸੰਤ ਐਕਜ਼ੇਵੀਅਰ ਗਿਰਜਾ ਘਰ, ਗੋਆ



ਮਿਨੀਕੋਅ ਅਟੌਲ, ਲਕਸ਼ਦੀਪ



ਜਾਮਾ ਮਸਜਿਦ, ਦਿੱਲੀ

## B. ਸੈਰ ਸਪਾਟੇ ਦੇ ਜੀਵ-ਭੂਗੋਲਿਕ ਸਰੋਤ

ਸੈਰ ਸਪਾਟੇ ਦੇ ਭੂਗੋਲਿਕ ਸਰੋਤ ਉਹ ਹੁੰਦੇ ਹਨ ਜਿੰਨ੍ਹਾਂ ਦੀ ਉੱਤਪਤੀ ਦੀ ਜੜ੍ਹ ਭੂਗੋਲਿਕ ਤੱਤਾਂ ਦੇ ਨਾਲ-ਨਾਲ ਜੀਵਾਂ ਦੇ ਨਾਲ ਸਬੰਧ ਰੱਖਦੀ ਹੈ, ਜਿੰਨ੍ਹਾਂ ਉੱਤੇ ਜੀਵਾਂ ਦਾ ਜਨਮ-ਮਰਨ ਨਿਰਭਰ ਹੁੰਦਾ ਹੈ। ਮੁੱਖ ਜੀਵ-ਭੂਗੋਲਿਕ ਸਰੋਤ ਹੇਠ ਲਿਖੇ ਹਨ;

i. **ਜੈਵਿਕ-ਭਿੰਨਤਾ :** ਜੈਵਿਕ ਭਿੰਨਤਾ ਸੈਰ ਸਪਾਟੇ ਦੇ ਹੋਂਦ ਅਤੇ ਜੀਵਿਤ ਰਹਿਣ ਲਈ ਬੁਨਿਆਦੀ ਤੱਤ ਹੁੰਦਾ ਹੈ। ਜੈਵਿਕ ਭਿੰਨਤਾ ਦਾ ਮਤਲਬ ਜੈਵਿਕ ਹਿੱਸਿਆਂ ਦੇ ਨਾਲ ਇਨਸਾਨ, ਬਨਸਪਤਿਕ ਅਤੇ ਜੈਵਿਕ ਸੰਪਦਾ ਉਹਨਾਂ ਦੇ ਭੌਤਿਕ ਵਾਤਾਵਰਨ ਦੇ ਵਿੱਚ ਭਿੰਨਤਾ ਹੋਣਾ ਹੁੰਦਾ ਹੈ। ਬਿਨਾਂ ਜੈਵਿਕ ਭਿੰਨਤਾ ਦੇ ਸੈਰਸਪਾਟੇ ਦੇ ਜਿੰਦਾ ਰਹਿਣ ਦਾ ਕੋਈ ਸਵਾਲ ਨਹੀਂ ਹੁੰਦਾ ਕਿਉਂਕਿ ਭਿੰਨਤਾ ਹੀ ਮਨੁੱਖੀ ਵਿਵਹਾਰ ਨੂੰ ਉਤਸਾਹਿਤ ਕਰਕੇ ਟਰੈਵਲ (ਯਾਤਰਾ) ਕਰਵਾਉਂਦੀ ਹੈ।

ii. **ਪ੍ਰਸਥਿਤੀ ਵਿਗਿਆਨ :** ਪ੍ਰਸਥਿਤੀ ਵਿਗਿਆਨ ਇੱਕ ਹੋਰ ਸੈਰ ਸਪਾਟੇ ਦੀ ਹੋਂਦ ਅਤੇ ਜੀਵਤ ਰੱਖਣ ਲਈ ਬੁਨਿਆਦ ਜੀਵ-ਭੂਗੋਲਿਕ ਤੱਤ ਹੁੰਦਾ ਹੈ। ਪ੍ਰਸਥਿਤੀ ਵਿਗਿਆਨ ਜੀਵ ਦਾ ਜੀਵ ਪ੍ਰਾਣੀ ਦੇ ਨਾਲ ਅਤੇ ਉਹਨਾਂ ਦਾ ਭੌਤਿਕ ਆਲੇ ਦੁਆਲੇ ਨਾਲ ਸਬੰਧ ਨੂੰ ਪੜ੍ਹਣ ਦਾ ਵਿਗਿਆਨ ਹੁੰਦਾ ਹੈ।

ਇਹ ਪ੍ਰਸਥਿਤੀ ਵਿਗਿਆਨ ਅਤੇ ਜੈਵਿਕ ਭਿੰਨਤਾ ਹੀ ਸਾਰੇ ਤਰ੍ਹਾਂ ਦੇ ਸੈਰ ਸਪਾਟੇ ਲਈ ਪਲੇਟਫਾਰਮ ਤਿਆਰ ਕਰਦੇ ਹਨ। ਇਹ ਸੈਰ ਸਪਾਟੇ ਨੂੰ ਜੀਵਤ ਰੱਖਣ ਖ਼ਾਸ ਕਰਕੇ ਸਥਿਰ ਰੱਖਣ ਦੇ ਵਿੱਚ ਸੰਤੁਲਨ ਕਾਇਮ ਰੱਖਣ ਲਈ ਜ਼ਰੂਰੀ ਹੁੰਦਾ ਹੈ। ਸਾਰੇ ਕੁਦਰਤ ਆਧਾਰਿਤ ਸੈਰ ਸਪਾਟੇ ਦੀ ਉੱਤਪਤੀ ਭੂਗੋਲਿਕ ਜੀਵਾਂ ਵਿਚ ਹੁੰਦੀ ਹੈ। ਜਿਨ੍ਹਾਂ ਵਿੱਚ ਖਾਸ ਕਰਕੇ ਇਕੋਟੂਰਿਜ਼ਮ ਸੈਰ, ਗਰੀਨ ਸੈਰ ਸਪਾਟਾ, ਜੀਵ ਪ੍ਰਾਣੀ ਘਰ, ਰਾਸ਼ਟਰੀ ਪਾਰਕ, ਜੀਵ-ਜੰਤੂ ਬਾਗ, ਬਨਸਪਤਿਕ ਬਾਗ਼ , ਮੱਛਲੀ ਜਲਜੀਵਨ ਘਰ ਆਦਿ ਹੁੰਦੇ ਹਨ।

## c. ਸੈਰ ਸਪਾਟੇ ਦੇ ਸੱਭਿਆਚਾਰਕ ਸਰੋਤ :

ਆਓ ਸਭ ਤੋਂ ਪਹਿਲਾਂ ਸੈਰਸਪਾਟੇ ਦੇ ਸਭਿਆਚਾਰਕ ਸਰੋਤਾਂ ਨੂੰ ਜਾਣੀਏ। ਇਹਨਾਂ ਦੇ ਦੋ ਮਤਲਬ ਹੁੰਦੇ ਹਨ।

(a) ਮਨੁੱਖ ਦੀ ਵੱਧਦੀ ਸਮੱਰਥਾ ਜਿਸ ਨਾਲ ਵੰਡ ਅਤੇ ਅਨੁਭਵਾਂ ਨੂੰ ਚਿੰਨ੍ਹ ਨਾਲ ਦਰਸਾਉਂਦਾ ਹੋਇਆ ਬੜੇ ਹੀ ਰਚਨਾਤਮਕ ਅਤੇ ਕਾਲਪਨਿਕ ਤਰੀਕੇ ਨਾਲ ਕੰਮ ਕਰਦਾ ਹੈ ਜਿਸ ਦੇ ਨਤੀਜਿਆਂ ਨੂੰ ਸੈਲਾਨੀਆਂ ਵਲੋਂ ਸਭਿਆਚਾਰਕ ਸਰੋਤਾਂ ਵਜੋਂ ਸੈਰਸਪਾਟੇ ਲਈ ਵਰਤਿਆ ਜਾਂਦਾ ਹੈ।

(b) ਉਹ ਵੱਖ-ਵੱਖ ਤਰੀਕੇ ਜਿੰਨ੍ਹਾਂ ਨਾਲ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਰਹਿੰਦੇ ਲੋਕਾਂ ਨੇ ਆਪਣੇ ਅਨੁਭਵਾਂ ਦੀ ਵੰਡ ਕਰਕੇ ਦਰਸਾਇਆ ਅਤੇ ਰਚਨਾਤਮਕ ਤਰੀਕੇ ਨਾਲ ਕੰਮ ਕੀਤਾ ਜਿੰਨ੍ਹਾਂ ਦੇ ਨਤੀਜਿਆਂ ਨੂੰ ਸੈਲਾਨੀਆਂ ਦੁਆਰਾ ਸਭਿਆਚਾਰਕ ਸਰੋਤਾਂ ਵਜੋਂ ਸੈਰ ਸਪਾਟੇ ਲਈ ਵਰਤਿਆ ਗਿਆ।

**ਮੁੱਖ ਸੈਰਸਪਾਟੇ ਦੇ ਸਭਿਆਚਾਰਕ ਸਰੋਤਾਂ ਨੂੰ ਇਸ ਤਰ੍ਹਾਂ ਇੱਕਠਾ ਕੀਤਾ ਜਾ ਸਕਦਾ ਹੈ:**

i. **ਧਾਰਮਿਕ, ਸਭਿਆਚਾਰਕ, ਰੀਤੀ-ਰਿਵਾਜਾਂ ਅਤੇ ਰਸਮਾਂ :** ਧਾਰਮਿਕ, ਸਭਿਆਚਾਰਕ, ਰੀਤੀ-ਰਿਵਾਜ਼ ਅਤੇ ਰਸਮਾਂ ਸੈਰ ਸਪਾਟੇ ਦੇ ਉਹ ਸ੍ਰੋਤ ਹੁੰਦੇ ਹਨ ਜਿਹੜੇ ਕਿ ਸੈਲਾਨੀਆਂ ਏ ਸੈਰ ਸਪਾਟੇ ਦੀ ਜਗ੍ਹਾ ਬਾਰੇ ਜਾਣਨ ਦੀ ਇੱਛਾ ਨੂੰ ਪੂਰਾ ਕਰਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਤੋਂ ਇਲਾਵਾ ਇਹ ਸਰੋਤ ਸੈਰ ਸਪਾਟੇ ਦੇ ਉੱਪ-ਸਭਿਆਚਾਰਕ ਸਰੋਤ ਬਣਾਉਂਦੇ ਹਨ ਜੋ ਸੈਰ ਸਪਾਟੇ ਦੇ ਉਤਪਾਦਾਂ ਤੋਂ ਪੈਸੇ ਦਾ ਸੋਮਾ ਬਣਦੇ ਹਨ।

ii. **ਸਮਾਰਕ, ਇਤਿਹਾਸਿਕ ਇਮਾਰਤਾਂ, ਕਲਾ ਅਤੇ ਉਸਾਰੀ :** ਸਮਾਰਕ, ਇਤਿਹਾਸਿਕ ਇਮਾਰਤਾਂ, ਕਲਾ ਅਤੇ ਉਸਾਰੀ ਸੈਲਾਨੀਆਂ ਲਈ ਇਤਿਹਾਸ, ਕਲਾ ਅਤੇ ਉਸਾਰੀ, ਸਭਿਆਚਾਰਕ ਅਤੇ ਰੀਤੀ ਰਿਵਾਜ਼ ਦੇ ਸ਼ੀਸ਼ੇ ਦਾ ਕੰਮ ਕਰਦੇ ਹਨ। ਇਸ ਕਰਕੇ ਸੈਲਾਨੀਆਂ ਲਈ ਸਭ ਤੋਂ ਵੱਧ ਚਾਹੁਣ ਵਾਲੇ ਸਭਿਆਚਾਰਕ ਸਰੋਤ ਹੁੰਦੇ ਹਨ।

iii. **ਕਲਾ ਦੀ ਪੇਸ਼ਕਾਰੀ:** ਇਹ ਸੈਰ ਸਪਾਟੇ ਦੇ ਸਭਿਆਚਾਰਕ ਸਰੋਤ ਸੈਲਾਨੀਆਂ ਲਈ ਕਈ ਕਾਰਨਾਂ ਤੋਂ ਆਕਰਸ਼ਣ ਅਤੇ ਖਿੱਚ ਦਾ ਕੇਂਦਰ ਬਣਦੇ ਹਨ ਜਿਸਨੂੰ ਅਗਲੇ ਯੂਨਿਟਾਂ ਵਿੱਚ ਵਿਚਾਰਾਂਗੇ। ਇਹਨਾਂ ਸਭਿਆਚਾਰਕ ਸੈਰ ਸਪਾਟੇ ਦੇ ਸਰੋਤਾਂ ਵਿੱਚ ਸੰਗੀਤ, ਨਾਟਕ, ਨਾਚ, ਸਿਨੇਮਾ, ਥਿਏਟਰ ਸ਼ਾਮਲ ਹਨ।

iv. **ਹਸਤਕਲਾ, ਕਲਾਕ੍ਰਿਤੀ ਅਤੇ ਹੈਂਡਲੂਮ:** ਕੋਈ ਵੀ ਸੈਲਾਨੀ ਇਹਨਾਂ ਸੈਰਸਪਾਟੇ ਦੇ ਸੱਭਿਆਚਾਰਕ ਸਰੋਤਾਂ ਤੋਂ ਪ੍ਰਭਾਵਿਤ ਹੋ ਕੇ ਇਹਨਾਂ ਸਰੋਤਾਂ ਦੇ ਉਤਪਾਦਾਂ ਨੂੰ ਖਰੀਦ ਕੇ ਆਪਣੀ ਯਾਤਰਾ ਨੂੰ ਇੱਕ ਯਾਦਗਾਰ ਬਣਾਏ ਬਿਨਾਂ ਨਹੀਂ ਰਹਿ ਸਕਦਾ।

v. **ਮੇਲੇ, ਤਿਉਹਾਰ ਅਤੇ ਖੇਡਾਂ :** ਮੇਲੇ ਅਤੇ ਤਿਉਹਾਰ ਸਭਿਆਚਾਰ, ਰੀਤੀ ਰਿਵਾਜ਼ਾਂ, ਰਸਮਾਂ ਦੇ ਬਾਰੇ ਜਾਣਕਾਰੀ ਅਤੇ ਮਨੋਰੰਜਨ ਦੇ ਨਾਲ-ਨਾਲ ਵਿਆਖਿਆਕਾਰ (Interpreter) ਦਾ ਕੰਮ ਕਰਦੇ ਹਨ। ਇਸ ਕਰਕੇ ਇਹ ਸੈਰ ਸਪਾਟੇ ਦੇ ਸਭਿਆਚਾਰਕ ਸਰੋਤ ਸੈਲਾਨੀਆਂ ਦੀ ਯਾਤਰਾ ਸੂਚੀ ਵਿੱਚ ਸ਼ਾਮਿਲ ਹੁੰਦੇ ਹਨ।

vi. **ਧਾਰਮਿਕ ਯਾਤਰਾ :** ਇਸ ਤਰ੍ਹਾਂ ਦੇ ਸਭਿਆਚਾਰਕ ਸਰੋਤ ਸੈਲਾਨੀਆਂ ਲਈ ਧਾਰਮਿਕ ਸੈਰ ਸਪਾਟੇ ਦਾ ਕੰਮ ਕਰਦੇ ਹਨ।

vii. **ਸਾਹਿਤ:** ਇਸ ਤਰ੍ਹਾਂ ਦੇ ਸਭਿਆਚਾਰਕ ਸਰੋਤ ਕਿਤਾਬ ਪ੍ਰੇਮੀ ਸੈਲਾਨੀਆਂ ਲਈ ਹੁੰਦੇ ਹਨ।

viii. **ਸਿਹਤ ਅਤੇ ਦੁਕਾਨਦਾਰੀ:** ਇਸ ਤਰ੍ਹਾਂ ਦੇ ਸਭਿਆਚਾਰਕ ਸਰੋਤ ਕੁਦਰਤੀ ਹੋਣ ਦੇ ਨਾਲ ਇਹਨਾਂ ਵਿੱਚ ਮੁਹਾਰਤਾ ਹਾਸਿਲ ਕਰਨ ਲਈ ਵੀ ਹੁੰਦੇ ਹਨ। ਇਸ ਤਰ੍ਹਾਂ ਦੇ ਸਰੋਤ ਬਹੁਤ ਹੀ ਮਹੱਤਵਪੂਰਨ ਸੈਰਸਪਾਟਾ ਸਭਿਆਚਾਰਕ ਸਰੋਤ ਹੁੰਦੇ ਹਨ।

ix. **ਕੰਜ਼ਰਵੇਟਰੀਜ਼ :** ਨੂੰ ਇੱਕ ਤੱਤ ਹੇਠਾਂ ਬੀਤੇ ਕੱਲ ਦੇ ਪ੍ਰਤੱਖ ਪ੍ਰਦਰਸ਼ਨੀ ਅਤੇ ਗਿਆਨ ਦੇ ਭੰਡਾਰ, ਜਾਣਕਾਰੀ ਅਤੇ ਮਨੋਰੰਜਨ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਕਰਕੇ ਸੈਲਾਨੀਆਂ ਲਈ ਇਹ ਸਭ ਤੋਂ ਪਹਿਲਾਂ ਘੁੰਮਣ ਦੀ ਜਗ੍ਹਾ ਹੁੰਦੀ ਹੈ। ਮਿਊਜ਼ੀਅਮ, ਇਤਿਹਾਸਿਕ ਅਭਿਲੇਖ ਅਤੇ ਕਲਾ ਗੈਲਰੀ ਕੰਜਰਵੇਟਰੀਜ਼ ਦਾ ਕੰਮ ਕਰਦੀਆਂ ਹਨ।

x. **ਵਿੱਤੀ ਸੰਸਥਾਵਾਂ :** ਕੋਈ ਵੀ ਸੈਲਾਨੀ, ਖ਼ਾਸ ਕਰਕੇ ਵਿਦੇਸ਼ੀ ਇਹਨਾਂ ਸਰੋਤਾਂ ਨੂੰ ਅੱਖੋ ਪਰੋਖੇ ਨਹੀਂ ਕਰ ਸਕਦੇ ਕਿਉਂਕਿ ਇਹ ਵਿੱਤੀ ਮਾਮਲਿਆਂ ਤੋਂ ਇਲਾਵਾ ਵਿਦੇਸ਼ੀ ਲੈਣ ਦੇਣ ਦਾ ਕੰਮ ਵੀ ਕਰਦੇ ਹਨ।

xi. **ਨਿਵਾਸ ਸਥਾਨ, ਭੋਜਨ ਅਤੇ ਪ੍ਰਾਹੁਣਚਾਰੀ (ਗੈਸਟਰੋਨੋਮੀ):** ਹਰ ਇੱਕ ਸੈਲਾਨੀ ਨੂੰ ਇਹਨਾਂ ਸੈਰਸਪਾਟਾ ਸਭਿਆਚਾਰਕ ਸਰੋਤਾਂ ਦਾ ਭੋਗ ਕਰਨਾ ਪੈਂਦਾ ਹੈ ਕਿਉਂਕਿ ਇਹ ਸੈਰਸਪਾਟਾ ਦਾ ਇੱਕ ਅਨਿੱਖੜਵਾਂ ਅਤੇ ਜੁਦਾ ਨਾ ਹੋਣ ਵਾਲਾ ਹਿੱਸਾ ਹੁੰਦਾ ਹੈ। ਹੋਟਲ, ਮੋਟੇਲ, ਸਰਾਵਾਂ, ਗੈੱਸਟ ਹਾਉਸ, ਭੋਜਨ ਅਤੇ ਹੋਰ ਸਬੰਧਤ ਸੇਵਾਵਾਂ ਇਹਨਾਂ ਸੈਰਸਪਾਟਾ ਸਭਿਆਚਾਰਕ ਸਰੋਤਾਂ ਦਾ ਹਿੱਸਾ ਹਨ।

xii. **ਆਵਾਜਾਈ ਅਤੇ ਸੰਚਾਰ :** ਇਹ ਸਰੋਤ ਸੈਰ ਸਪਾਟੇ ਦੀ ਰੀੜ ਦੀ ਹੱਡੀ ਅਤੇ ਸਾਹ ਪ੍ਰਣਾਲੀ ਦਾ ਕੰਮ ਕਰਦੇ ਹਨ।

ਭਾਰਤ ਸੰਸਾਰ ਦਿਆਂ ਸਾਰੇ ਦੇਸ਼ਾਂ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਜਿਸਦੇ ਦੋਵੇਂ ਕੁਦਰਤੀ ਅਤੇ ਸੱਭਿਆਚਾਰਕ ਪੱਧਰਾਂ ਦੀ ਭਿੰਨਤਾ ਵਿੱਚ ਏਕਤਾ ਹੈ। ਭਾਰਤ ਦਾ ਹਰ ਇੱਕ ਹਿੱਸਾ ਸੈਰ ਸਪਾਟਾ ਸਰੋਤਾਂ ਨਾਲ ਸੰਬੰਧ ਰੱਖਦਾ ਹੈ। ਇਸ ਕੁਦਰਤੀ ਉਪਹਾਰ ਨੇ ਭਾਰਤ ਨੂੰ ਅਗਾਂਹ ਵਧੂ ਅਤੇ ਸੰਸਾਰ ਭਰ ਦੇ ਸੈਲਾਨੀਆਂ ਲਈ ਸੈਰ ਸਪਾਟੇ ਦੀ ਸਭ ਤੋਂ ਪਸੰਦੀਦਾ ਜਗ੍ਹਾ ਬਣਾਇਆ ਹੈ। ਇਹਨਾਂ ਸੈਰਸਪਾਟਾ ਸਰੋਤਾਂ ਦੀ ਤਰਤੀਬ ਅਤੇ ਫੀਡਬੈਕ ਨੇ ਸੈਰ ਸਪਾਟਾ ਦੇ ਖੇਤਰ ਵਿੱਚ ਸਭ ਤੋਂ ਸੰਭਾਵਿਤ ਅਤੇ ਅਗਾਂਹਵਧੂ ਦੇਸ਼ ਦਾ ਦਰਜਾ ਦਿੱਤਾ ਹੈ ਜੋ ਕਿ ਅਗਲੇ ਪਾਠਾਂ ਵਿੱਚ ਵਿਚਾਰਾਂਗੇ।

**ਸਮੀਖਿਅਕ ਪ੍ਰਸ਼ਨ**

1) **ਹੇਠਾਂ ਦਿੱਤੇ ਦਾ ਮਿਲਾਨ ਕਰੋ :**

| **ਕਾੱਲਮA** | **ਕਾੱਲਮ B** |
|---|---|
| a) ਕੰਜ਼ਰਵੇਟਰੀ (ਸੰਗ੍ਰਹਿ ਘਰ) | a) ਭੂ-ਦ੍ਰਿਸ਼ ਸੈਰਸਪਾਟਾ ਸਰੋਤ |
| b) ਪਰਿਆਵਰਨ (ਪ੍ਰਸਥਿਤੀ ਵਿਗਿਆਨ) | b) ਕਲਾਈਮੇਟੋਲੋਜੀਕਲ ਸੈਰਸਪਾਟਾ ਸਰੋਤ |
| c) ਰੁੱਤਾਂ ਅਤੇ ਮੌਸਮ | c) ਸਮੁੰਦਰੀ ਜਾਂ ਹਾਈਡ੍ਰੋਲੋਜੀਕਲ ਸੈਰਸਪਾਟਾ ਸਰੋਤ |
| d) ਗਲੇਸ਼ੀਅਰ | d) ਜੀਵ ਭੂਗੋਲਿਕ ਸੈਰਸਪਾਟਾ ਸਰੋਤ |
| e) ਰੇਤ ਦੇ ਟਿੱਲੇ | e) ਸੱਭਿਆਚਾਰਕ ਸੈਰਸਪਾਟਾ ਸਰੋਤ |

2) **ਖ਼ਾਲੀ ਥਾਵਾਂ ਭਰੋ :**

a) _______ਵਿੱਚ ਭੂਮੀ ਖ਼ੇਤਰ ਦੇ ਪ੍ਰਤੱਖ ਰੂਪ ਵਿੱਚ ਭੂਮੀ ਤੇ ਮਿਲਣ ਵਾਲੇ ਭੌਤਕੀ ਤੱਤ ਜਿਵੇਂ ਕਿ ਪਹਾੜ, ਪਹਾੜੀਆਂ, ਘਾਟੀਆਂ, ਪਠਾਰ ਆਦਿ ਵੀ ਹੁੰਦੇ ਹਨ।

b) ________ ਭੂ-ਦ੍ਰਿਸ਼ ਅਤੇ ਊਠ ਦੀ ਸਵਾਰੀ ਦਾ ਨਜ਼ਾਰਾ ਪੇਸ਼ ਕਰਦੇ ਹਨ।

## 1.5 ਇਸ ਯੂਨਿਟ ਵਿੱਚ ਇਸਤੇਮਾਲ ਕੀਤੀ ਗਈ ਬੁਨਿਆਦੀ ਸ਼ਬਦਾਵਲੀ।

1. **ਪਹਾੜ :** ਧਰਤੀ ਦੀ ਸਤਹ ਦਾ ਉਹ ਕੁਦਰਤੀ ਉਭਾਰ ਜੋ ਆਲੇ ਦੁਆਲੇ ਦੇ ਪੱਧਰ ਤੋਂ ਜ਼ਿਆਦਾ ਜਾਂ ਇੱਕ ਦਮ ਉੱਪਰ ਨੂੰ ਉੱਭਰ ਕੇ ਇੱਕ ਉਚਾਈ ਲੈਂਦਾ ਹੈ ਜਿਸਨੂੰ ਵੇਖਿਆ ਜਾ ਸਕਦਾ ਹੋਵੇ, ਜਿਵੇਂ ਹਿਮਾਲਿਆ।
2. **ਪਹਾੜੀ ਸਟੇਸ਼ਨ :** ਉਹ ਪਰਬਤ ਸ਼੍ਰੇਣੀ ਜਿਸਨੂੰ ਮਨੁੱਖ ਦੁਆਰਾ ਵੱਖ-ਵੱਖ ਕੰਮਾਂ ਲਈ ਢਾਲਿਆ ਗਿਆ ਹੋਵੇ ਜਿਵੇਂ ਸ਼ਿਮਲਾ।
3. **ਵੈਲੀ valley:** ਇੱਕ ਮੈਦਾਨੀ ਖੇਤਰ ਜੋ ਵੱਡੀਆ ਚਟਾਨਾਂ ਨਾਲ ਘਿਰਿਆ ਹੋਵੇ। ਉਦਾਹਰਨ ਵਜੋਂ ਕਸ਼ਮੀਰ।
4. **ਰੇਤ ਦੇ ਟਿੱਲੇ :** ਇੱਕ ਮੈਦਾਨੀ ਖੇਤਰ ਜੋ ਆਲ਼ੇ ਦੁਆਲ਼ੇ ਤੋਂ ਛੋਟੀਆਂ ਪਰਬਤ ਸ਼੍ਰੇਣੀਆਂ ਨਾਲ ਘਿਰਿਆ ਹੋਵੇ ਉਦਾਹਰਨ ਵਜੋਂ ਦੇਹਰਾਦੂਨ।
5. **ਚਟਾਨ :** ਜਿਆਦਾ ਮਜ਼ਬੂਤ, ਕੁਦਰਤੀ ਤੱਤਾਂ ਜਾਂ ਪੈਟਰਿਫਾਇਡ ਪਦਾਰਥ ਅਤੇ ਪੱਥਰ ਦੀ ਬਣੀ ਹੁੰਦੀ ਹੈ।
6. **ਮਾਰੂਥਲ :** ਮਾਰੂਥਲ ਇੱਕ ਭੂ-ਦ੍ਰਿਸ਼ ਜਾਂ ਖ਼ੇਤਰ ਹੁੰਦਾ ਹੈ ਜਿੱਥੇ ਘੱਟੋ ਘੱਟ ਵਾਸ਼ਪੀਕਰਨ ਹੁੰਦਾ ਹੈ ਜੋ ਪੌਦਿਆਂ ਦੀ ਉਪਜ ਲਈ ਵੀ ਸਹੀ ਨਹੀਂ ਹੁੰਦਾ ਹੈ ਅਤੇ ਇੱਥੇ ਰੇਤ ਹੀ ਹੁੰਦੀ ਹੈ। ਉਦਾਹਰਨ ਵਜੋਂ ਰਾਜਸਥਾਨ ਦਾ ਥਾਰ ਮਾਰੂਥਲ।

7. **ਬੀਚ :** ਸਮੁੰਦਰ, ਸਾਗਰ, ਵੱਡੀ ਨਦੀ, ਝੀਲ ਆਦਿ ਦਾ ਉਹ ਤਟ ਜੋ ਢਿੱਲੇ ਰੇਤ ਦੇ ਕਣਾਂ, ਮਿੱਟੀ ਅਤੇ ਰੋੜ੍ਹਿਆਂ ਦਾ ਬਣਿਆ ਹੋਇਆ ਹੁੰਦਾ ਹੈ, ਜੋ ਲਹਿਰਾਂ ਨਾਲ ਧੋਤਾ ਜਾਂਦਾ ਹੈ। ਉਦਾਹਰਨ ਵਜੋਂ ਜੁਹੂ, ਮੁਬੰਈ।

8. **ਮਹਾਂਸਾਗਰ :** ਇੱਕ ਵੱਡਾ ਖੁੱਲਾ, ਵਿਸ਼ਾਲ ਪਾਣੀ ਦਾ ਸੋਮਾ (Water body) ਉਦਾਹਰਨ ਵਜੋਂ ਭਾਰਤੀ ਮਹਾਂਸਾਗਰ।

9. **ਸਾਗਰ :** ਇੱਕ ਵੱਡਾ ਪਾਣੀ ਦਾ ਸੋਮਾ ਜਿਵੇਂ ਅਰੇਬੀਅਨ ਸਾਗਰ।

10. **ਖਾੜੀ:** ਇੱਕ ਵੱਡਾ ਗੋਲਾਕਾਰ ਧਰਤੀ ਦੇ ਟੁੱਕੜੇ ਦਾ ਪਾਣੀ ਸੋਮਾ ਉਦਾਹਰਨ ਵਜੋਂ ਬੰਗਾਲ ਦੀ ਖਾੜੀ।

11. **ਡੂੰਘੀ ਖਾੜੀ :** **(Gulf)** : ਇਕ ਧਰਤੀ ਦੇ ਟੁੱਕੜੇ ਦੇ ਡੂੰਘਾਈ ਵਿੱਚ ਵੱਡਾ ਪਾਣੀ ਦਾ ਸੋਮਾ ਉਦਾਹਰਨ ਵਜੋਂ ਕੈਮਬੇਅ ਦੀ ਖਾੜੀ।

12. **ਨਦੀ :** : ਕੁਦਰਤੀ ਵਹਿਣ ਵਾਲਾ ਪਾਣੀ ਦਾ ਚੈਨਲ। ਉਦਾਹਰਨ ਵਜੋਂ ਗੰਗਾ।

13. **ਝੀਲ :** ਇੱਕ ਬੰਦ ਜਾਂ ਘਿਰਿਆ ਹੋਇਆ ਮਨੁੱਖ ਦੁਆਰਾ ਨਿਰਮਿਤ ਪਾਣੀ ਦਾ ਸੋਮਾ ਉਦਾਹਰਨ ਵਜੋਂ : ਬਟਕਲ ਝੀਲ, ਹਰਿਆਣਾ।

14. **ਗਲੇਸ਼ੀਅਰ :** ਧਰਤੀ ਉੱਪਰ ਹੌਲੀ ਹੌਲੀ ਵਹਿਣ ਵਾਲੀ ਵੱਡੀ ਬਰਫ਼ ਜੋ ਠੋਸ ਬਰਫ਼ ਹੁੰਦੀ ਹੈ ਅਤੇ ਬਰਫ਼ ਦਾ ਜਮਾਵ ਪਿਘਲਣ ਅਤੇ ਵਾਸ਼ਪੀਕਰਨ ਨਾਲੋਂ ਤੇਜ਼ ਹੁੰਦਾ ਹੈ ਉਦਾਹਰਨ ਵਜੋਂ ਗੰਗੋਤਰੀ।

15. **ਜਲਗਾਹ :** ਇਹ ਬਹੁਤ ਘੱਟ ਪੱਧਰ ਦੇ ਪਾਣੀ ਦੀ ਮੌਜ਼ਦੂਗੀ ਦੇ ਖੇਤਰ ਹੁੰਦੇ ਹਨ ਜਿਸ ਕਰਕੇ ਇਹ ਖ਼ੇਤਰ ਹਮੇਸ਼ਾ ਗਿੱਲੇ ਰਹਿੰਦੇ ਹਨ।

16. **ਡੇਲਟਾ :** ਡੇਲਟਾ ਨਦੀ ਦੇ ਮੁੱਖ ਤੇ ਬਨਣ ਵਾਲਾ ਉਹ ਧਰਾਤਲ ਹੁੰਦਾ ਹੈ ਜਿੱਥੇ ਨਦੀ ਮਹਾਂਸਾਗਰ, ਸਾਗਰ, ਏਸਚੁਅਰੀ ਝੀਲ ਵਿੱਚ ਦਾਖ਼ਲ ਹੁੰਦੀ ਹੈ। ਉਦਾਹਰਨ ਵਜੋਂ ਸੁੰਦਰਬਨ ਡੇਲਟਾ।

17. **ਏਸਚੁਅਰੀ :** ਏਸਚੁਅਰੀ ਕੁਝ ਪਾਸਿਆਂ ਤੋਂ ਢੱਕਿਆ ਹੋਇਆ ਤਟਵਰਤੀ ਪਾਣੀ ਦਾ ਸੋਮਾ ਹੁੰਦਾ ਹੈ ਜਿਸ ਵਿੱਚ ਇੱਕ ਜਾਂ ਵੱਧ ਨਦੀਆਂ ਵਹਿੰਦੀਆਂ ਹਨ ਅਤੇ ਖੁੱਲ੍ਹੇ ਸਾਗਰ ਨੂੰ ਜੁੜਿਆ ਹੁੰਦਾ ਹੈ।

18. **ਸੰਕੀਰਨ ਨਦੀ :** ਪਾਣੀ ਦਾ ਚੈਨਲ ਜੋ ਦੋ ਪਾਸਿਆਂ ਤੋਂ ਘਿਰਿਆ ਹੁੰਦਾ ਹੈ।
ਉਦਾਹਰਨ ਵਜੋਂ ਪਾਕਸ ਟਰੇਟ।

19. **ਟਾਪੂ :** ਉਪ-ਮਹਾਂਦੀਪ ਦਾ ਟੁੱਕੜਾ ਜੋ ਪਾਣੀ ਨਾਲ ਘਿਰਿਆ ਹੁੰਦਾ ਹੈ।

20. **ਇਸਥਮਸ :** ਇਸਥਮਸ ਧਰਤੀ ਦੀ ਪਤਲੀ ਜਿਹੀ ਪੱਟੀ ਜੋ ਦੋ ਵੱਡੇ ਧਰਤੀ ਦੇ ਖ਼ੇਤਰਾਂ ਨੂੰ ਆਪਸ ਅਕਸਰ ਦੋਹਾਂ ਪਾਸੇ ਪਾਣੀ ਨਾਲ ਜੋੜਦੀ ਹੈ।

21. **ਤੱਟਵਰਤੀ ਭੂਮੀ :** ਸਮੁੰਦਰ ਕੰਢੇ ਜਾਂ ਤਟਵਰਤੀ ਖੇਤਰ ਜਿੱਥੇ ਧਰਤੀ ਸਾਗਰ ਜਾਂ ਮਹਾਂਸਾਗਰ ਨਾਲ ਮਿਲਦੀ ਹੈ।

22. **ਅਟੋਲ :** ਉਹ ਕੋਰਲ ਟਾਪੂ ਜੋ ਲੈਗੂਨ ਨੂੰ ਅੱਧਾ ਜਾਂ ਪੂਰੀ ਤਰ੍ਹਾਂ ਘੇਰਦਾ ਹੈ।

23. **ਲੈਗੂਨ :** ਘੱਟ ਡੂੰਘਾਈ ਵਾਲਾ ਪਾਣੀ ਦਾ ਸੋਮਾ ਜੋ ਵੱਡੇ ਪਾਣੀ ਦੇ ਸੋਮੇ ਨਾਲੋਂ ਰੀਫ ਜਾਂ ਬੈਰੀਅਰ ਟਾਪੂ ਨਾਲ ਵੱਖ ਹੁੰਦਾ ਹੈ।

24. **ਕੋਰਲ ਰੀਫ਼ :** ਇਹ ਕੋਰਲ ਦੁਆਰਾ ਜਮਾਵ ਕੀਤ ਗਏ ਕੈਲਸ਼ੀਅਮ ਕਾਰਬੋਨੇਟ ਦੀਆਂ ਬਣੀਆਂ ਪਾਣੀ ਦੇ ਅੰਦਰ ਦੀਆਂ ਚਟਾਨਾਂ ਹੁੰਦੀਆਂ ਹਨ। ਕੋਰਲ ਰੀਫ਼ ਛੋਟੇ ਜੀਵਿਤ ਜਾਨਵਰਾਂ ਦੀਆਂ ਬਸਤੀਆਂ ਹੁੰਦੀਆਂ ਹਨ ਜੋ ਪਾਣੀ ਵਿੱਚ ਮਿਲਦੇ ਹਨ ਅਤੇ ਇਨਾਂ ਵਿੱਚ ਕੋਈ Nutrients ਨਹੀਂ ਹੁੰਦੇ । ਜਿਆਦਾਤਰ ਕੋਰਲ ਰੀਫ਼ ਪੱਥਰੀ ਕੋਰਲ ਦੇ ਬਣੇ ਹੁੰਦੇ ਹਨ, ਜਿੰਨ੍ਹਾਂ ਵਿੱਚ ਪੋਲੀਪਸ ਹੁੰਦੇ ਹਨ। ਪੋਲੀਪਸ ਸੂਖਮ ਸਮੁੰਦਰੀ ਐਲੀਮੋਨਜ਼ ਦੀ ਤਰ੍ਹਾਂ ਹੁੰਦੇ ਹਨ, ਜਿੰਨ੍ਹਾਂ ਨਾਲ ਇਹ ਮਿਲਦੇ ਜੁਲਦੇ ਹਨ। ਸਮੁੰਦਰੀ ਐਨਮੋਨਸ ਤੋਂ ਵੱਖ ਕੋਰਲ ਪੋਲੀਪਸ ਸਖ਼ਤ ਕਾਰਬੋਨੇਟ ਐਕਸੋਸਕੈਲਟਨ ਸਰੀਰ ਵਿਚੋਂ ਕੱਢਦੇ ਹਨ ਜੋ ਇਹਨਾਂ ਦੇ ਸਰੀਰਾਂ ਨੂੰ ਬਚਾਉਂਦਾ ਹੈ। ਰੀਫ਼ ਗਰਮ, ਘੱਟ ਡੂੰਘੇ, ਸਾਫ਼ ਅਤੇ ਹਿਲਦੇ ਪਾਣੀ ਵਿੱਚ ਪਨਪਦੇ ਹਨ। ਇਹਨਾਂ ਦੇ ਪਦਾਰਥਾਂ ਦੇ ਜਮਾਵ ਨਾਲ ਰੀਫ ਬਣਦੇ ਹਨ।



ਗੰਗੋਤਰੀ ਹਿਮਾਨੀ



ਭਾਰਤੀ ਸਮੁੰਦਰ ਦੇ ਕੋਰਲ ਰੀਫ਼



ਇੱਕ ਟਾਪੂ



ਸਮੁੰਦਰ





ਪਾਕ ਸਟਰੇਟ ਦੱਖਣੀ ਪੂਰਬੀ ਭਾਰਤ ਅਤੇ ਪੂਰਬੀ ਸ੍ਰੀਲੰਕਾ ਨੂੰ ਵੱਖ ਕਰਦੀ ਹੈ।



ਇੱਕ ਜਲਗਾਹ (ਵੈੱਟਲੈਂਡ)



ਚਿਲਕਾ ਝੀਲ, ਉੜੀਸਾ




ਵੁਲਰ ਝੀਲ, ਕਸ਼ਮੀਰ



ਬੰਜਰ ਜ਼ਮੀਨ, ਅੰਡੇਮਾਨ ਅਤੇ ਨਿਕੋਬਾਰ



ਕੇਰਲਾ ਦਾ ਪਛੜਿਆ ਹੋਇਆ ਖੇਤਰ



ਭਾਜਾ, ਗੁਫ਼ਾਵਾਂ, ਨੇੜੇ ਮਾਲਾਵਾਲੀ ਪਿੰਡ, ਲੋਨਾਵਾਲਾ, ਮਹਾਂਰਾਸ਼ਟਰ




ਸ਼੍ਰੀ ਜਗਨਨਾਥ ਪੁਰੀ



ਸ਼੍ਰੀ ਦਵਾਰਕਾ ਮੰਦਿਰ



ਸ਼੍ਰੀ ਬਦਰੀਨਾਥ ਮੰਦਿਰ, ਉੱਤਰਾਖੰਡ



ਸ਼੍ਰੀ ਰਾਮੇਸ਼ਵਰਮ ਮੰਦਿਰ, ਤਾਮਿਲਨਾਡੂ



ਬੋਧ ਗਯਾ, ਬਿਹਾਰ



ਮਸ਼ਹੂਰ ਸਾਂਈ ਬਾਬਾ ਤੀਰਥ ਸਥਾਨ ਸ਼ਿਰਡੀ

25. **ਪੱਛੜਿਆ ਹੋਇਆ ਖੇਤਰ ਜਾਂ ਬੈਕਵਾਟਰ :** ਬੈਕਵਾਟਰ ਮੁੱਖ ਨਦੀ ਦਾ ਪਾਣੀ ਹੈ ਜਿਸਨੂੰ ਕਿਸੇ ਰੁਕਾਵਟ ਜਿਵੇਂ ਕਿ ਲਹਿਰ ਜਾਂ ਡੈਮ ਜਾਂ ਮੁੱਖ ਨਦੀ ਦੀ ਉਹ ਸ਼ਾਖਾ ਜੋ ਇਸਦੇ ਨਾਲ਼ ਮਿਲਣ ਤੋਂ ਪਹਿਲਾਂ ਚੱਲਦੀ ਹੈ ਦੁਆਰਾ ਪਿੱਛੇ ਨੂੰ ਧੱਕਿਆ ਜਾਂਦਾ ਹੈ।

26. **ਜੈਵਿਕ ਭਿੰਨਤਾ :** ਜੈਵਿਕ ਤੱਤਾਂ (ਮਨੁੱਖ, ਬਨਸਪਤੀ ਅਤੇ ਜੈਵਿਕ ਸੰਪਦਾ) ਦੇ ਨਾਲ-ਨਾਲ ਆਲ਼ੇ-ਦੁਆਲ਼ੇ ਦੀ ਭੌਤਕੀ ਭਿੰਨਤਾ ਦਾ ਹੋਣਾ।

27. **ਪ੍ਰਸਥਿਤੀ ਵਿਗਿਆਨ:** ਜੀਵਨ ਦਾ ਜੀਵ ਜੰਤੂਆਂ ਦੇ ਨਾਲ ਆਪਸੀ ਸੰਬੰਧ ਅਤੇ ਉਹਨਾਂ ਦਾ ਆਲ਼ੇ ਦੁਆਲ਼ੇ ਦੇ ਭੌਤਕੀ ਵਾਤਾਵਰਨ ਨਾਲ ਸੰਬਧ ਦੇ ਵਿਗਿਆਨ ਦੀ ਪੜ੍ਹਾਈ ਨੂੰ ਪ੍ਰਸਥਿਤੀ ਵਿਗਿਆਨ ਆਖਦੇ ਹਨ।

28. **ਜੀਵ ਜੰਤੂ ਪ੍ਰਾਣੀ ਘਰ :** ਇਹ ਇੱਕ ਕੁਦਰਤੀ ਮਿਲਣ ਵਾਲਾ ਖ਼ੇਤਰ ਹੁੰਦਾ ਹੈ ਜੋ ਪ੍ਰਾਣੀਆਂ ਦੀ ਸ਼ਿਕਾਰ ਆਪਸੀ ਮਰਨ-ਮਾਰਨ ਤੋਂ ਰੱਖਿਆ ਕਰਦਾ ਹੈ ਜਾਂ ਇਹ ਇੱਕ ਸੁਰੱਖਿਅਤ ਖ਼ੇਤਰ ਹੈ, ਇੱਕ ਭੂਗੋਲਿਕ ਸੀਮਾ ਜਿਸ ਵਿੱਚ ਜੰਗਲੀ ਜੀਵ ਸੁਰੱਖਿਅਤ ਰਹਿੰਦੇ ਹਨ।

29. **ਈਕੋਟੂਰਿਜ਼ਮ :** ਇਹ ਇਕ ਤਰ੍ਹਾਂ ਦਾ ਸੈਰ ਸਪਾਟਾ ਹੈ ਜਿਸ ਵਿੱਚ ਕਮਜ਼ੋਰ, ਅਪਰਿਵਰਤਿਤ ਥਾਂ ਦੀ ਸੈਰ ਕਰਨਾ ਹੁੰਦਾ ਹੈ ਅਤੇ ਬਿਨ੍ਹਾਂ ਦਖ਼ਲ ਵਾਲ਼ੇ ਕੁਦਰਤੀ ਖ਼ੇਤਰ, ਜੋ ਕਿ ਇੱਕ ਸਟੈਂਡਰਡ ਵਪਾਰੀ ਖ਼ੇਤਰ ਨਾਲੋਂ ਘੱਟ ਛੋਟੇ ਸਕੇਲ ਦਾ ਦੂਸਰਾ ਵਿਕਲਪ ਹੁੰਦਾ ਹੈ। ਇਸਦਾ ਮਕਸਦ ਸੈਲਾਨੀ ਨੂੰ ਸਿਖਲਾਈ ਦੇਣਾ, ਵਾਤਾਵਰਨ ਦੀ ਸੁਰੱਖਿਆ ਲਈ ਪੈਸਾ ਇੱਕਠਾ ਕਰਨਾ, ਸਥਾਨਕ ਲੋਕਾਂ ਦੀ ਸਿੱਧੇ ਤੌਰ ਤੇ ਵਿੱਤੀ ਅਤੇ ਰਾਜਨੀਤਕ ਮਜ਼ਬੂਤੀ ਕਰਨਾ ਹੁੰਦਾ ਹੈ ਜਾਂ ਵੱਖ-ਵੱਖ ਸਭਿਅਤਾਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਕਦਰ ਕਰਨਾ ਹੁੰਦਾ ਹੈ।

30. **ਭੂਮੀਗਤ ਸੈਰ ਸਪਾਟਾ :** ਭੂਮੀਗਤ ਸੈਰਸਪਾਟਾ ਸਭ ਤੋਂ ਵਧੀਆ ਸੈਰ ਸਪਾਟਾ ਹੁੰਦਾ ਹੈ ਜੋ ਕਿਸੇ ਥਾਂ ਦੇ ਭੂਗੋਲਿਕ ਵਿਸ਼ੇਸ਼ਤਾ ਨੂੰ ਬਰਕਰਾਰ ਰੱਖਣ ਜਾਂ ਸੁਧਾਰਨ ਵਿੱਚ ਮਦਦ ਕਰਦਾ ਹੈ ਜਿਵੇਂ ਕਿ ਸਭਿਆਚਾਰਕ ਵਾਤਾਵਰਨ, ਪਰੰਪਰਾ ਅਤੇ ਇਸਦੇ ਵਸੀਲਿਆਂ ਦੀ ਖ਼ੁਸ਼ਹਾਲੀ ਲਈ।

31. **ਜਲਵਾਯੂ :** ਜਲਵਾਯੂ ਤਾਪਮਾਨ, ਨਮੀ, ਵਾਤਾਵਰਨ, ਦਬਾਅ, ਹਵਾ, ਵਾਸ਼ਪੀਕਰਨ ਵਾਤਾਵਰਨ ਦੇ ਤੱਤ ਦੀ ਗਿਣਤੀ ਅਤੇ ਹੋਰ ਲੰਬੇ ਸਮੇਂ ਤੋਂ ਉਸ ਖ਼ੇਤਰ ਨਾਲ ਸਬੰਧਤ ਮੌਸਮੀ ਅੰਕੜੇ ਦਾ ਸੁਮੇਲ ਹੁੰਦਾ ਹੈ।

32. **ਮੌਸਮ :** ਮੌਸਮ ਵਾਤਾਵਰਨ ਦੀ ਸਥਿਤੀ ਹੁੰਦੀ ਹੈ ਕਿ ਕਿਸ ਡਿਗਰੀ ਤੱਕ ਗਰਮ ਜਾਂ ਠੰਢਾ, ਸੁੱਕਾ ਜਾਂ ਗਿੱਲਾ, ਸ਼ਾਂਤ ਜਾਂ ਅਸ਼ਾਂਤ, ਸਾਫ ਜਾਂ ਬਦਲਵਾਈ ਵਾਲਾ ਹੈ।

33. **ਰੁੱਤ :** ਰੁੱਤ ਸਾਲ ਦਾ ਇੱਕ ਭਾਗ ਹੁੰਦਾ ਹੈ ਜੋ ਮੌਸਮ ਵਾਤਾਵਰਨ ਅਤੇ ਦਿਨ ਦੇ ਘੰਟਿਆਂ ਦੁਆਰਾ ਨਿਸ਼ਚਿਤ ਹੁੰਦੀ ਹੈ। ਰੁੱਤ ਧਰਤੀ ਦੀ ਸੂਰਜ ਦੁਆਲ਼ੇ ਸਾਲ ਦੇ ਚੱਕਰਾਂ ਦਾ ਅਤੇ ਧਰਤੀ ਦੇ ਧੁਰੇ ਦਾ ਇਸਦੇ ਚੱਕਰਾਂ ਦੇ ਪਲੇਨ ਨਾਲ ਝੁਕਾਵ ਦਾ ਨਤੀਜਾ ਹੁੰਦੀ ਹੈ।

34. **ਸੈਲਾਨੀ ਦਾ ਨਿਵਾਸ :** ਸੈਲਾਨੀ ਦਾ ਨਿਵਾਸ ਉਸ ਜਗ੍ਹਾ ਨੂੰ ਕਹਿੰਦੇ ਹਨ ਜਿੱਥੇ ਉਸ ਦੇ ਸੈਰ ਸਪਾਟੇ ਦੌਰਾਨ ਨਿਵਾਸ ਅਤੇ ਖਾਣ ਪੀਣ ਦਾ ਇੰਤਜਾਮ ਹੁੰਦਾ ਹੈ। ਹੋਟਲ, ਮੋਟੇਲ, ਸਰਾਂ, ਗੈਸਟ ਹਾਊਸ, ਆਦਿ ਕੁਝ ਸੈਲਾਨੀ ਨਿਵਾਸ ਥਾਵਾਂ ਹੁੰਦੀਆਂ ਹਨ।

35. **ਅਜਾਇਬ ਘਰ :** ਅਜਾਇਬ ਘਰ ਉਹ ਹੁੰਦੇ ਹਨ ਜਿੱਥੇ ਕੁਝ ਖਾਸ ਮੁੱਲ ਜਾਂ ਮਹੱਤਵ ਰੱਖਣ ਵਾਲੀਆਂ ਵਸਤੂਆਂ ਨੂੰ ਜਾਣਕਾਰੀ, ਸਿੱਖਿਆ, ਵਿਦਿਅਕ ਅਤੇ ਮਨੋਰੰਜਨ ਦੇ ਮਕਸਦ ਵਲੋਂ ਰੱਖਿਆ ਅਤੇ ਦਰਸਾਇਆ ਜਾਂਦਾ ਹੈ।

36. **ਇਤਿਹਾਸਕ ਅਭਿਲੇਖ :** ਇਹ ਉਹ ਥਾਂ ਹੁੰਦੇ ਹਨ ਜਿੱਥੇ ਅਸਲੀ ਅਤੇ ਪ੍ਰਮਾਣਿਕ ਖ਼ਾਸ ਮੁੱਲ ਵਾਲੇ ਦਸਤਾਵੇਜ਼ਾਂ ਨੂੰ ਜਾਣਕਾਰੀ, ਵਿਦਿਅਕ ਮਕਸਦ ਲਈ ਰੱਖਿਆ ਜਾਂਦਾ ਹੈ।

# ਸਮੀਖਿਅਕ ਪ੍ਰਸ਼ਨ

## ਖਾਲੀ ਥਾਵਾਂ ਭਰੋ :

1. ਧਰਤੀ ਦੀ ਸਤਹ ਦਾ ਆਪਣੇ ਆਲ਼ੇ ਦੁਆਲ਼ੇ ਦੀ ਸਤਹ ਤੋਂ ਇੱਕ ਦਮ ਉੱਪਰ ਵੱਲ ਉਭਾਰ ਨੂੰ .................... ਕਿਹਾ ਜਾਂਦਾ ਹੈ।

2. ਛੋਟੀ ਉਚਾਈ ਵਾਲੀਆਂ ਪਹਾੜੀਆਂ ਨਾਲ ਘਿਰੇ ਮੈਦਾਨੀ ਖ਼ੇਤਰ ਨੂੰ ....................ਆਖਦੇ ਹਨ।

3. .................... ਇੱਕ ਮਨੁੱਖ ਦੁਆਰਾ ਬਣਾਈ ਗਈ ਘਿਰੀ ਹੋਈ ਹੁੰਦੀ ਹੈ।

4. ....................ਮੁੱਖ ਨਦੀ ਦਾ ਪਾਣੀ ਹੁੰਦਾ ਹੈ ਜਿਸਨੂੰ ਡੈਮ ਜਾਂ ਲਹਿਰ ਨਾਲ ਪਿੱਛੇ ਨੂੰ ਧੱਕਿਆ ਜਾਂਦਾ ਹੈ।

5. ਸੰਸਾਰ ਦਾ ਸਭ ਤੋਂ ਵੱਡਾ ਡੈਲਟਾ .................... ਹੈ।

6. ....................ਉਹ ਥਾਂ ਹੁੰਦਾ ਹੈ ਜਿੱਥੇ ਅਸਲੀ ਅਤੇ ਪ੍ਰਮਾਣਿਕ ਖ਼ਾਸ ਮੁੱਲ ਵਾਲੇ ਦਸਤਾਵੇਜ਼ਾਂ ਨੂੰ ਜਾਣਕਾਰੀ, ਵਿਦਿਅਕ ਮਕਸਦ ਲਈ ਰੱਖਿਆ ਜਾਂਦਾ ਹੈ।

7. .................... ਅਤੇ ....................ਟਾਪੂ ਕੋਰਲ ਰੀਫ਼ ਦੁਆਰਾ ਬਣਾਏ ਗਏ ਹਨ।

8. ....................ਸੰਕੀਰਨ ਰਸਤਾ ਪਾਣੀ ਦਾ ਚੈਨਲ ਹੈ ਜੋ ਭਾਰਤ ਅਤੇ ਸ੍ਰੀਲੰਕਾ ਵਿਚਕਾਰ ਹੈ।

9. .................... ਥਾਂ ਉੱਤੇ ਅਸਲੀ ਅਤੇ ਪ੍ਰਮਾਣਿਕ ਕੁਝ ਖ਼ਾਸ ਮੁੱਲ ਰੱਖਣ ਵਾਲੀਆਂ ਵਸਤੂਆਂਨੂੰ ਰੱਖਿਆ ਅਤੇ ਦਰਸਾਇਆ ਜਾਂਦਾ ਹੈ।

10. .................... ਸੈਰਸਪਾਟੇ ਦੀ ਕਿਸਮ ਹੈ ਜੋ ਕਮਜ਼ੋਰ, ਅਪਰਵਰਤਿਤ ਅਤੇ ਬਿਨ੍ਹਾਂ ਹਲਚਲ ਵਾਲ਼ਾ ਕੁਦਰਤੀ ਖ਼ੇਤਰ ਹੁੰਦਾ ਹੈ।

## ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:-

1. ਮਹੱਤਵਪੂਰਨ ਸੈਰਸਪਾਟਾ ਉਤਪਾਦ ਕਿਹੜੇ ਹਨ ?
2. ਸੈਰ ਸਪਾਟਾ ਸਰੋਤਾਂ ਦੇ ਵਿਚਾਰ ਨੂੰ ਪਰਿਭਾਸ਼ਿਤ ਕਰੋ।
3. ਵਾਧੂ ਸੈਰਸਪਾਟਾ ਉਤਪਾਦ ਜਾਂ ਸੇਵਾ ਵਾਲੇ ਸੈਰ ਸਪਾਟਾ ਸਰੋਤ ਕਿਹੜੇ-ਕਿਹੜੇ ਹਨ ?
4. ਹਾਈਡ੍ਰੋਲੋਜੀਕਲ ਸੈਰ ਸਪਾਟਾ ਸਰੋਤ ਕਿਹੜੇ-ਕਿਹੜੇ ਹਨ ?
5. ਪ੍ਰਸਥਿਤੀ ਵਿਗਿਆਨ ਦੀ ਪਰਿਭਾਸ਼ਾ ਦਿਓ।
6. ਭੂਮੀਗਤ ਸੈਰ ਸਪਾਟੇ ਤੋਂ ਤੁਹਾਡਾ ਕੀ ਭਾਵ ਹੈ ? ਬਿਆਨ ਕਰੋ।
7. ਸੈਲਾਨੀ ਨਿਵਾਸ ਸਥਾਨਾਂ ਦੀ ਸੂਚੀ ਬਣਾਓ।
8. ਬੀਚ ਦੀ ਪਰਿਭਾਸ਼ਾ ਦਿਓ ਅਤੇ ਭਾਰਤ ਦੀਆਂ ਕੁਝ ਮਸ਼ਹੂਰ ਬੀਚਾਂ ਦੇ ਨਾਮ ਵੀ ਦੱਸੋ।
9. ਪਹਾੜੀ ਸਟੇਸ਼ਨ ਦੀ ਪਰਿਭਾਸ਼ਾ ਦਿਓ। ਭਾਰਤ ਦੇ ਮੁੱਖ ਪਹਾੜੀ ਸਟੇਸ਼ਨਾਂ ਨੂੰ ਦਿਖਾਓ।
10. ਕੋਰਲ ਰੀਫ਼ ਕਿਹੜੇ ਹੁੰਦੇ ਹਨ ? ਬਿਆਨ ਕਰੋ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ :**

1. ਸਹੀ ਉਦਾਹਰਨ ਨਾਲ ਭੂ-ਦ੍ਰਿਸ਼ ਸੈਰਸਪਾਟਾ ਸਰੋਤਾਂ ਦੀ ਵਿਆਖਿਆ ਕਰੋ।
2. ਸਮੁੰਦਰੀ ਜਾਂ ਹਾਈਡ੍ਰੋਲੋਜੀਕਲ ਸਰੋਤ ਕਿਵੇਂ ਸੈਰਸਪਾਟਾ ਦਾ ਮਕਸਦ ਪੂਰਾ ਕਰਦੇ ਹਨ।
3. "ਵਾਤਾਵਰਨ ਨੂੰ ਸੈਰਸਪਾਟੇ ਦੇ ਉਤਪਾਦ ਵਜੋਂ ਵਰਤਿਆ ਜਾਂਦਾ ਹੈ" ਇਸ ਕਥਨ ਦੀ ਉਦਾਹਰਨਾਂ ਸਹਿਤ ਪੁਸ਼ਟੀ ਕਰੋ।
4. ਜੀਵ ਭੂਗੋਲਿਕ ਸਰੋਤ ਕਿਹੜੇ ਕਿਹੜੇ ਹੁੰਦੇ ਹਨ ? ਭਾਰਤ ਦੇ ਮੁੱਖ ਜੀਵ ਭੂਗੋਲਿਕ ਖ਼ੇਤਰਾਂ ਤੇ ਵਿਚਾਰ ਕਰੋ।
5. ਭਾਰਤ ਦੇ ਮੁੱਖ ਸਭਿਆਚਾਰਕ ਸੈਰਸਪਾਟਾ ਸਰੋਤਾਂ ਤੇ ਵਿਚਾਰ ਕਰੋ।

**ਪ੍ਰਯੋਗੀ ਗਤੀਵਿਧੀਆਂ**

1) ਸੈਰ ਸਪਾਟਾ ਸਰੋਤਾਂ ਦਾ ਚਿੱਤਰ ਬਣਾਓ।

2) ਨਜ਼ਦੀਕ ਦੇ ਇਤਿਹਾਸਿਕ ਸਮਾਰਕ/ਵਿਦਿਅਕ ਸੰਰਚਿਤ ਥਾਂ ਤੇ ਜਾਓ। ਇੱਕ ਰਿਪੋਰਟ ਬਣਾਓ ਅਤੇ ਇੱਕ ਸੈਕ੍ਰੈਪ ਬੁੱਕ ਤਿਆਰ ਕਰੋ।

## ਯੂਨਿਟ-2

# ਭੌਤਕੀ ਸੈਰ ਸਪਾਟਾ ਸਰੋਤ - ਪਹਾੜ ਅਤੇ ਵਾਦੀਆਂ

**ਯੂਨਿਟ ਬਾਰੇ ਸੰਖੇਪ ਜਾਣਕਾਰੀ ਅਤੇ ਵਰਣਨ**


- ਸੰਖੇਪ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸੱਮਗਰੀ
- ਪੜ੍ਹਨ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

2.1 ਜਾਣ-ਪਛਾਣ
2.2 ਭਾਰਤੀ ਹਿਮਾਲਾ
2.3 ਅਰਾਵਲੀ ਪਰਬਤ ਸ਼੍ਰੇਣੀ ਅਤੇ ਸੈਰ ਸਪਾਟਾ
2.4 ਪੱਛਮੀ ਘਾਟ-ਮਾਲਾਬਾਰ ਸਹਾਦਰੀ ਪਹਾੜ ਅਤੇ ਸੈਰ ਸਪਾਟਾ
2.5 ਪੂਰਬੀ ਘਾਟ ਕੋਰੋਮੰਡਲ ਤਟ ਅਤੇ ਸੈਰ ਸਪਾਟਾ
2.6 ਭਾਰਤ ਦੇ ਦਸ ਮਨਮੋਹਕ ਪਹਾੜ ਅਤੇ ਵਾਦੀਆਂ
2.7 ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ
**2.8 ਪ੍ਰਯੋਗੀ ਗਤੀਵਿਧੀਆਂ**



## 2.0 ਯੂਨਿਟ ਬਾਰੇ ਸੰਖੇਪ ਜਾਣਕਾਰੀ ਅਤੇ ਵਰਣਨ

### ਸੰਖੇਪ ਜਾਣਕਾਰੀ

ਭਾਰਤ, ਭੌਤਕੀ ਅਜੂਬਿਆਂ ਦੀ ਧਰਤੀ ਹੈ, ਸੰਸਾਰ ਦੇ ਬਹੁਤ ਹੀ ਸ਼ਾਨਦਾਰ ਬਹੁਗਿਣਤੀ ਵਿੱਚ ਮਨਮੋਹਕ ਸਥਾਨ ਇੱਥੇ ਹਨ। ਭਾਰਤ ਆਪਣੀ ਦਿਲਚਸਪ ਕੁਦਰਤੀ ਸੁੰਦਰਤਾ ਦੇ ਨਾਲ਼ ਨਾਲ਼ ਕੁਝ ਖ਼ਾਸ ਸੈਲਾਨੀ ਆਕਰਸ਼ਨ ਲਈ ਜਾਣਿਆ ਜਾਂਦਾ ਹੈ ਜੋ ਇਸ ਅਧਿਆਇ ਵਿੱਚ ਵਿਚਾਰੇ ਜਾਣਗੇ।

**ਇਹ ਯੂਨਿਟ ਹੇਠਾਂ ਦਿੱਤੀ ਹੁਨਰਤਾਂ ਬਾਰੇ ਜਾਣਕਾਰੀ ਦੇਵੇਗਾ :**

- ਭਾਰਤ ਭੌਤਿਕ ਅਜੂਬਿਆਂ ਦੀ ਧਰਤੀ ਹੈ ਜਿੱਥੇ ਪਹਾੜ ਅਤੇ ਵਾਦੀਆਂ ਦੇ ਰੂਪ ਵਿੱਚ ਸੈਲਾਨੀ ਸਰੋਤ ਹਨ।
- ਭਾਰਤ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀ ਸਰੋਤ ਦੇ ਰੂਪ ਵਿੱਚ ਪਹਾੜ ਅਤੇ ਵਾਦੀਆਂ ਹਨ ਜੋ ਸੈਲਾਨੀ ਆਕਰਸ਼ਨ ਥਾਵਾਂ ਲਈ ਰੀੜ ਦੀ ਹੱਡੀ ਦਾ ਕੰਮ ਕਰਦੇ ਹੋਏ ਸੰਸਾਰ ਦੇ ਦਿਲਚਸਪ ਸਥਾਨਾਂ ਵਿੱਚੋਂ ਇੱਕ ਹਨ।
- ਭਾਰਤ ਵਿੱਚ ਪਹਾੜ ਅਤੇ ਵਾਦੀਆਂ ਦੇ ਸੈਰ ਸਪਾਟੇ ਦੀ ਧਰਾਤਲੀ ਵੰਡ।


INDIA
Mountain Ranges & Rivers
N
AFGHANISTAN
PAKISTAN
Indus
Karakoram
Ladakh Range
ZaskarMountains
Pir Panjal
Range
Dhaola Dhar
Range
Shivalik Range
C H I N A
TIBET
N E P A L
Ganga
Yamuna
BHUTAN
Brahmaputra
Mishmi Hills
Dafla Hills
Naga Hills
Mikir Hills
Khasi Hills
Garo
Hills
Barail Hills
Jaintia
Hills
BANGLADESH
Rajmahal
Hills
Tripura Hills
Mizo Hills
MYANMAR
Aravali Range
Vindya Range
Sonpar Hills
Ramgarh Hills
Maikal Range
Gir
Range
Narmada
Satpura Range
Mahadeo
Gawilgarh Hills
Garjat Hills
Mahanadi
Satmala Hills
Gogavari
Ajanta Range
Eastern Ghats
Nallamalai Hills
Krishna
Western Ghats
Palkonda Range
Javadi Hills
Sheveroy Hills
Kaveri
Nilgiri Hills
Anamalai
Cardamom
ARABIAN
SEA
BAY
OF
BENGAL
SRI
LANKA
INDIAN
OCEAN
Map not to Scale
Copyright © 2007 Compare Infobase Limited
www.mapsofindia.com

1. ਭਾਰਤ ਦੇ ਪਹਾੜ ਅਤੇ ਵਾਦੀਆਂ ਦੀ ਧਰਾਤਲੀ ਵੰਡ ਅਤੇ ਸੈਰ ਸਪਾਟੇ ਦੀਆਂ ਕਿਸਮਾਂ
2. ਭਾਰਤ ਦੇ ਸੈਲਾਨੀ ਸਥਾਨਾਂ ਵਾਲੇ ਪਹਾੜਾਂ ਅਤੇ ਵਾਦੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਮਹੱਤਤਾ।
3. ਭਾਰਤ ਵਿੱਚ ਪਹਾੜਾਂ ਅਤੇ ਵਾਦੀਆਂ ਦੇ ਟੂਰਿਸ਼ਟ ਸਾਧਨਾਂ, ਟਿਕਾਣਿਆਂ ਦੀ ਸਾਂਭਸੰਭਾਲ, ਨਿਯੰਤਰਨ ਅਤੇ ਨਿਗਰਾਨੀ।
4. ਭਾਰਤ ਵਿੱਚ ਪਹਾੜ ਅਤੇ ਵਾਦੀਆਂ ਦੇ ਸੈਰ ਸਪਾਟਾ ਸਰੋਤਾਂ ਦੀ ਦੇਖਭਾਲ, ਨਿਯੰਤਰਨ ਅਤੇ ਸਾਂਭ ਸੰਭਾਲ ਕਰਨ ਵਾਲੇ ਸਰਪ੍ਰਸਤ/ਰਖਵਾਲੇ।
5. ਭਾਰਤ ਦੇ ਪਹਾੜ ਅਤੇ ਵਾਦੀਆਂ ਦੇ ਸੈਰਸਪਾਟਾ ਸਰੋਤਾਂ ਅਤੇ ਪਹਾੜ ਅਤੇ ਵਾਦੀਆਂ ਦੇ ਸੈਰ ਸਪਾਟਾ ਥਾਵਾਂ ਦੇ ਪ੍ਰਤੀ ਹੱਕ ਅਤੇ ਜਿੰਮੇਵਾਰੀਆਂ।

## ਸਰੋਤ ਸਮੱਗਰੀ :

1. ਆਰ. ਐੱਲ ਸਿੰਘ-ਰਿਜ਼ਨਲ ਜਿਉਗਰਾਫ਼ੀ ਆੱਫ ਇੰਡੀਆ, ਨੈਸ਼ਨਲ ਜਿਉਗਰਾਫੀਕਲ ਸੋਸਾਈਟੀ ਆੱਫ਼ ਇੰਡੀਆ, 1971।

2. ਮਾਜਿਦ ਹੁਸੈਨ-ਜਿਉਗਰਾਫ਼ੀ ਆੱਫ ਇੰਡੀਆ, ਟਾਟਾ ਮੈਗਰਾਅ ਹਿਲ, ਨਵੀਂ ਦਿੱਲੀ (2013)

3. H.Y Sharada prasad and Ashok Dilwali lifed landscape, under the incredible India, Series, wisdom three Publications, New Delhi, 2007

## ਪੜ੍ਹਨ ਦੇ ਨਤੀਜ:

| | ਯੂਨਿਟ 2.0 | ਨਤੀਜੇ |
|---|---|---|
| | **ਭੌਤਿਕ ਸੈਰਸਪਾਟਾ ਸਰੋਤ** | ਇਹਨਾਂ ਸਭ ਯੂਨਿਟਾਂ ਨੂੰ ਪੜ੍ਹਣ ਤੋਂ ਬਾਅਦ ਪਹਾੜ ਅਤੇ ਵਾਦੀਆਂ |
| 2.1 | ਜਾਣ ਪਛਾਣ | ਵਿਦਿਆਰਥੀ ਭਾਰਤ ਦੇ ਪਹਾੜਾਂ ਅਤੇ ਵਾਦੀਆਂ ਦੇ ਸੈਰ ਸਪਾਟਾ ਸਰੋਤਾਂ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਦੇ ਯੋਗ ਹੋਣਗੇ। |
| 2.2 | ਭਾਰਤੀ ਹਿਮਾਲਿਆ | ਵਿਦਿਆਰਥੀ ਭਾਰਤੀ ਹਿਮਾਲਾ ਦੇ ਬਾਰੇ ਸਮਝਣ ਦੇ ਯੋਗ ਹੋਣਗੇ। |
| 2.3 | ਅਰਾਵਲੀ ਪਰਬਤ ਸ਼੍ਰੇਣੀ ਅਤੇ ਸੈਰਸਪਾਟਾ | ਵਿਦਿਆਰਥੀ ਅਰਾਵਲੀ ਪਰਬਤ ਬਾਰੇ ਸਮਝਣ ਦੇ ਯੋਗ ਹੋਣਗੇ। |
| 2.4 | ਪੱਛਮੀ ਘਾਟ-ਮਾਲਾਬਾਰ ਅਤੇ ਸੈਰ ਸਪਾਟਾ | ਵਿਦਿਆਰਥੀ ਪੱਛਮੀ ਘਾਟਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੰਡ ਨੂੰ ਸਮਝਣ ਦੇ (ਸਹਾਦਰੀ ਪਹਾੜੀਆਂ) ਅਤੇ ਸੈਰ ਸਪਾਟਾ ਯੋਗ ਹੋਣਗੇ। |
| 2.5 | ਪੂਰਬੀ ਘਾਟ (ਕੋਰੋਮੰਡਲ ਤੱਟ) ਅਤੇ ਸੈਰਸਪਾਟਾ | ਵਿਦਿਆਰਥੀ ਪੂਰਬੀ ਘਾਟਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੰਡ ਨੂੰ ਸਮਝਣ ਦੇ ਅਤੇ ਸੈਰਸਪਾਟੇ ਦੇ ਯੋਗ ਹੋਣਗੇ। |
| 2.6 | ਭਾਰਤ ਦੇ ਦੱਸ ਮਨਮੋਹਕ ਪਹਾੜ ਅਤੇ ਵਧੀਆ | ਵਿਦਿਆਰਥੀ ਭਾਰਤ ਦੇ ਮੁੱਖ ਪਹਾੜਾਂ ਅਤੇ ਵਾਦੀਆਂ ਦੀ ਖਿੱਚ ਬਾਰੇ ਸਮਝਣ ਦੇ ਯੋਗ ਹੋਣਗੇ। |

**ਮੁਲਾਂਕਣ ਪਲਾਨ : (ਅਧਿਆਪਕਾਂ ਲਈ)**

| ਯੂਨਿਟ 2 | ਵਿਸ਼ਾ | ਮੁਲਾਂਕਣ ਤਰੀਕਾ | ਸਮਾਂ ਸਾਰਣੀ | ਕਥਨ |
|---|---|---|---|---|
| 2.1 | ਜਾਣ-ਪਛਾਣ | ਪ੍ਰਸ਼ਨ ਉੱਤਰ | | |
| 2.2 | ਭਾਰਤੀ ਹਿਮਾਲਿਆ | ਪ੍ਰਸ਼ਨ ਉੱਤਰ | | |
| 2.3 | ਅਰਾਵਲੀ ਪਰਬਤ ਸ਼੍ਰੇਣੀ ਅਤੇ ਸੈਰ ਸਪਾਟਾ | ਪ੍ਰਸ਼ਨ ਉੱਤਰ | | |
| 2.4 | ਪੱਛਮੀ ਘਾਟ-ਮਾਲਾਬਾਰ ਸਹਾਦਰੀ ਪਹਾੜ ਅਤੇ ਸੈਰਸਪਾਟਾ | ਪ੍ਰਸ਼ਨ ਉੱਤਰ | | |
| 2.5 | ਪੂਰਬੀ ਘਾਟ (ਕੋਰੋਮੰਡਲ ਤੱਟ) ਅਤੇ ਸੈਰ ਸਪਾਟਾ | ਪ੍ਰਸ਼ਨ ਉੱਤਰ | | |
| 2.6 | ਭਾਰਤ ਦੇ ਦੱਸ ਮਨਮੋਹਕ ਪਹਾੜ ਅਤੇ ਵਾਦੀਆਂ | ਪ੍ਰਸ਼ਨ ਉੱਤਰ | | |

## 2.1 ਜਾਣ-ਪਛਾਣ

ਭਾਰਤ ਮਹਾਨ ਅਜੂਬਿਆਂ ਅਤੇ ਭਿੰਨਤਾਵਾਂ ਦੀ ਧਰਤੀ ਹੈ ਜੋ ਕਿ ਸੰਸਾਰ ਦੇ ਮਨ ਲੁਭਾਉਣ ਵਾਲੇ ਸੈਲਾਨੀ ਸਥਾਨਾਂ ਵਿੱਚੋਂ ਇੱਕ ਹੈ। ਭਾਰਤ ਨੇ ਹਮੇਸ਼ਾ ਆਪਣੇ ਅਤਿ ਸੁੰਦਰ ਅਤੇ ਮਨ ਲੁਭਾਉਣ ਵਾਲੇ ਭੂ-ਦ੍ਰਿਸ਼, ਜੈਵਿਕ ਭਿੰਨਤਾ, ਜੰਗਲੀ ਸੁਰੱਖਿਅਕਾਂ, ਬਨਸਪਤੀ ਭਰਭੂਰ, ਜੈਵਿਕ ਸੰਪਦਾ, ਸਮੁੰਦਰੀ ਸਰੋਤਾਂ ਅਤੇ ਉੱਚੇ ਮਨਪ੍ਰਚਾਵਾ ਕਰਨ ਵਾਲੇ ਜੰਗਲੀ ਜੀਵਨ ਅਤੇ ਬਨਸਪਤੀ ਭਿੰਨਤਾ, ਕੁਦਰਤੀ ਧਰੋਹਰ ਅਤੇ ਸਭ ਤੋਂ ਉੱਪਰ ਜਲਵਾਯੂ (ਬਦਲਦੇ ਮੌਸਮ ਅਤੇ ਕਈ ਜਲਵਾਯੂ ਖੇਤਰ) ਨਾਲ਼ ਇੱਥੇ ਆਉਣ ਵਾਲੇ ਸੈਲਾਨੀਆਂ ਨੂੰ ਅਚੰਭਿਤ ਕੀਤਾ ਹੈ। ਇਹ ਸਭ ਚੀਜਾਂ ਇੱਥੇ ਆਉਣ ਵਾਲਿਆਂ ਦੇ ਸੈਰਸਪਾਟੇ ਦੇ ਅਨੁਭਵ ਨੂੰ ਨਾ ਭੁੱਲਣ ਯੋਗ ਅਤੇ ਤੋਹਫੇ ਦੇ ਰੂਪ ਵਿੱਚ ਯਾਦਗਾਰ ਬਣਾ ਦਿੰਦੀਆਂ ਹਨ। ਭਾਰਤ ਵਿੱਚ ਕਈ ਹਜਾਰਾਂ ਭੌਤਕੀ ਸੈਰ ਸਪਾਟਾ ਸਰੋਤ ਹਨ ਅਤੇ ਸੈਲਾਨੀਆਂ ਲਈ ਬਦਲਦੇ ਮੌਸਮ, ਜਲਵਾਯੂ ਖ਼ੇਤਰ, ਪਹਾੜ ਅਤੇ ਪਹਾੜੀ ਸਟੇਸ਼ਨ, ਵਾਦੀਆਂ, ਪਹਾੜੀ ਰਸਤੇ, ਮੈਦਾਨ, ਮਾਰੂਥਲ, ਜਲਗਾਹ ਭੂਮੀ, ਬੀਚ, ਤਟਵਰਤੀ ਖੇਤਰ, ਦਲਦਲੀ ਖ਼ੇਤਰ, ਟਾਪੂ, ਸੰਕੀਰਨ ਨਦੀਆਂ, ਸੁੰਦਰ ਨਦੀਆਂ ਅਤੇ ਜਵਾਲਾਮੁਖੀ, ਝੀਲਾਂ, ਏਸਚੁਏਰੀ, ਜੰਗਲੀ ਜੀਵ ਜੰਤੂ ਘਰ, ਰਾਸ਼ਟਰੀ ਪਾਰਕ, ਬਨਸਪਤੀ ਭਰਭੂਰ ਬਾਗ਼ ਅਤੇ ਹੋਰ ਸਭ ਸਵਰਗ ਦਾ ਕੰਮ ਕਰਦੇ ਹਨ। ਐਨਾ ਕੁਝ ਦੇਣ ਵਾਸਤੇ ਹੋਵੇ, ਤਾਂ ਸੱਚਮੁੱਚ ਹੀ ਭਾਰਤ ਇੱਕ ਦੂਰਦਰਾਡੇ ਸੈਲਾਨੀਆਂ ਲਈ ਇੱਕ ਖਜ਼ਾਨਾ ਹੀ ਹੈ।

ਭਾਰਤ ਦੇ ਹਜਾਰਾਂ ਮਨਮੋਹਕ ਅਤੇ ਆਕਰਸ਼ਕ ਭੌਤਿਕ ਸੈਰ ਸਪਾਟਾ ਸਰੋਤਾਂ ਬਾਰੇ ਖੋਜ ਕਰੋ। ਇਹ ਸਰੋਤ ਭਾਰਤ ਦੇ ਸੰਸਾਰ ਭਰ ਦੇ ਸੈਲਾਨੀਆਂ ਲਈ ਸਿਲਸਿਲੇਵਾਰ ਸੈਲਾਨੀ ਸਥਾਨ ਮੁਹੱਈਆ ਕਰਵਾਉਂਦੇ ਹਨ। ਇਹਨਾਂ ਸਾਰੇ ਭਾਰਤ ਦੇ ਆਕਰਸ਼ਕ ਪਹਾੜਾਂ ਅਤੇ ਵਾਦੀਆਂ ਦੇ ਸੈਰਸਪਾਟਾ ਸਥਾਨਾਂ ਤੇ ਆਉਣਾ ਇੱਕ ਬਹੁਤ ਹੀ ਚੰਗਾ ਅਨੁਭਵ ਹੈ ਜਿੱਥੇ ਹਰ ਇੱਕ ਜਗ੍ਹਾ ਆਮ ਤੋਂ ਹੱਟ ਕੇ ਸਵਾਗਤ ਕਰਦੀ ਹੈ। ਘੁੰਮਣ ਦਾ ਮਕਸਦ ਚਾਹੇ ਕੁੱਝ ਵੀ ਹੋਵੇ ਪਰ ਭਾਰਤ ਵਿੱਚ ਇੱਕ ਦਮ ਵਧੀਆ ਸੈਲਾਨੀਆਂ ਲਈ ਟੂਰਿਸਟ ਸਪੌਟ ਖ਼ਾਸ ਕਰਕੇ ਪਹਾੜ ਅਤੇ ਵਾਦੀਆਂ ਦੇ ਟੂਰਿਸਟ ਸਪੌਟ ਹਨ। ਸੰਸਾਰ ਭਰ ਦੇ ਸੈਲਾਨੀ ਭਾਰਤ ਦੇ ਇਹਨਾਂ ਹਸੀਨ ਪਹਾੜਾਂ ਅਤੇ ਵਾਦੀਆਂ ਵਿੱਚ ਆ ਕੇ ਇਥੋਂ ਦੀ ਧਰਤੀ ਦੇ ਜਾਦੂ ਨੂੰ ਮਹਿਸੂਸ ਕਰਦੇ ਹਨ। ਛੁੱਟੀਆਂ ਵਿੱਚ ਘੁੰਮਣ ਲਈ ਭਾਰਤ ਇੱਕ ਸੁਪਨੇ ਵਾਲੀ ਥਾਂ ਵਾਂਗ ਹੈ ਜਿੱਥੇ ਹਰੇਕ ਸੈਲਾਨੀ ਇੱਥੋਂ ਦੇ ਵਿਰਲੇ ਪਹਾੜਾਂ ਅਤੇ ਵਾਦੀਆਂ ਵੱਲ ਖਿੱਚਿਆ ਆਉਂਦਾ ਹੈ।

### ਸਮੀਖਿਅਕ ਪ੍ਰਸ਼ਨ

1. ਭਾਰਤ ਸੰਸਾਰ ਦੇ ਸਭ ਤੋਂ ਮਨਮੋਹਕ ਸੈਲਾਨੀ ਸਥਾਨਾਂ ਵਿਚੋਂ ਇੱਕ ਹੈ। ਟਿੱਪਣੀ ਕਰੋ।

## 2.2 ਭਾਰਤੀ ਹਿਮਾਲਿਆ

ਹਿਮਾਲਾ ਸ਼੍ਰੇਣੀ ਭਾਰਤ ਦੇ ਪੂਰੇ ਉੱਤਰੀ ਹਿੱਸੇ ਨੂੰ ਢੱਕਦੀ ਹੈ ਤੇ ਦੇਸ਼ ਦੇ ਪੰਜ ਮੁੱਖ ਰਾਜਾਂ ਨੂੰ ਸਮੇਟਦੀ ਹੈ। ਪੁਰਾਤਨ ਸਮੇਂ ਵਿੱਚ ਜਿਹੜੇ ਸੈਲਾਨੀਆਂ ਨੇ ਭਾਰਤ ਦੇ ਇਹਨਾਂ ਪਹਾੜਾਂ ਵਿਚੋਂ ਦੀ ਗੁਜਰੇ ਹਨ ਉਹਨਾਂ ਨੇ ਸੰਸਕ੍ਰਿਤ ਵਿੱਚ ਹਿਮਾਲਾ ਸ਼ਬਦ ਦਿੱਤਾ ਜਿਸਦਾ ਮਤਲਬ "ਬਰਫ ਦਾ ਘਰ" ਹੈ।

ਭਾਰਤੀ ਲੋਕ ਹਿਮਾਲਿਆ ਵੱਲ ਕਿਉਂ ਆਕਰਸ਼ਿਤ ਹੁੰਦੇ ਹਨ ਇਸਦੇ ਕੁਝ ਕਾਰਨ ਇਹ ਹਨ ਕਿ ਇਹ ਹਿੰਦੂ ਤੀਰਥ-ਸਥਾਨ ਦਾ ਰਸਤਾ ਹੈ, ਛੋਟੀਆਂ ਵਾਦੀਆਂ ਦਾ ਇਕ ਦਮ ਉੱਚੀਆਂ ਪਹਾੜੀਆਂ ਵੱਲ ਵੱਧਣਾ।

ਮਨਮੋਹਕ ਲੰਬੀ ਪੈਦਲ ਯਾਤਰਾ, ਸੰਘਣੇ ਜੰਗਲੀ ਖੇਤਰ, ਬੰਜਰ, ਠੰਢੇ ਮਾਰੂਥਲ ਤੋਂ ਇੱਕ ਪਰਬਤ ਸ਼੍ਰੇਣੀ ਦੇ ਫਰਕ ਨਾਲ ਹੀ ਹਨ ਅਤੇ ਭਾਰਤ ਦੀਆਂ ਪਹਾੜੀਆਂ ਦੇ ਪਿਆਰੇ ਲੋਕ ਜਿਨ੍ਹਾਂ ਦਾ ਆਓ ਭਗਤ ਦਾ ਅੰਦਾਜ਼ ਹੀ ਵੱਖਰਾ ਹੈ।

### ਪ੍ਰਮੁੱਖ ਭਾਰਤੀ ਹਿਮਾਲਿਆ ਖ਼ੇਤਰ

#### (ੳ) ਜੰਮੂ ਅਤੇ ਕਸ਼ਮੀਰ

ਜੰਮੂ ਅਤੇ ਕਸ਼ਮੀਰ ਵਿੱਚ ਤਿੰਨ ਖੇਤਰ ਹਨ: ਜੰਮੂ ਦੇ ਹੇਠਲੇ ਮੈਦਾਨ, ਕਸ਼ਮੀਰ ਦੀਆਂ ਝੀਲਾਂ ਅਤੇ ਨੀਲੀਆਂ ਵਾਦੀਆਂ ਜੋ ਪਹਾੜੀ ਸਿਖ਼ਰ ਤੱਕ ਪਹੁੰਚ ਜਾਂਦੀਆਂ ਹਨ। ਉੱਚੇ ਮੈਦਾਨ ਅਤੇ ਲੱਦਾਖ ਦੀਆਂ ਸੁੰਦਰ ਪਹਾੜੀਆਂ ਜੋ ਦੱਰਿਆਂ ਤੋਂ ਪਰ੍ਹਾਂ ਹਨ। ਸ੍ਰੀ ਨਗਰ ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਹੈ ਅਤੇ ਜੰਮੂ ਸਰਦੀਆਂ ਦੀ ਰਾਜਧਾਨੀ ਹੈ। ਭਾਰਤ ਦੇ ਕੋਲ਼ ਸਭ ਤੋਂ ਸਾਹਸੀ ਮੌਕੇ ਹਨ ਟਰੈਕਿੰਗ ਪਰਬਤ ਆਰੋਹਣ ਅਤੇ ਟਰਾਂਸ ਹਿਮਾਲਿਆਨ ਜੀਪ ਸਵਾਰੀ, ਕੁਝ ਸਭ ਤੋਂ ਵੱਧ ਆਕਰਸ਼ਿਤ ਖੇਡਾਂ ਹਨ। ਪਰਬਤ ਆਰੋਹਣ ਦਾ ਸਾਹਸੀ ਕੰਮ ਕੋਈ ਕਿਵੇਂ ਭੁਲਾ ਸਕਦਾ ਹੈ। ਜੇਕਰ ਇਸ ਨੂੰ ਗਲੇਸ਼ੀਅਰ ਤੇ ਕੀਤਾ ਜਾਵੇ ਜਿਸ ਦੀ ਛਾਣ-ਬੀਣ ਕਰਨ ਦੀ ਤਾਂਘ ਹੋਵੇ। ਹਿਮਾਲਿਅਨ ਰੇਂਜ ਕੁਝ ਇਹੋ ਜਿਹੇ ਕਠੋਰ ਪਹਾੜਾਂ ਤੇ ਚੜ੍ਹਨ ਦੀਆਂ ਚਣੌਤੀਆਂ ਪ੍ਰਦਾਨ ਕਰਦੀ ਹੈ ਜੋ ਕਿ ਕਦੇ ਨਹੀਂ ਭੁੱਲਦੇ। ਲੱਦਾਖ ਅਤੇ ਕਸ਼ਮੀਰ ਖੇਤਰ ਦੇ ਗਲੇਸ਼ੀਅਰ ਸਭ ਤੋਂ ਸਿਹਤਮੰਦ ਵਿਅਕਤੀ ਦੇ ਜਿੰਦਾ ਰਹਿਣ ਦੀ ਪ੍ਰੀਖਿਆ ਲੈਂਦੇ ਹਨ ਅਤੇ ਸਭ ਤੋਂ ਵੱਧ ਪ੍ਰੀਖਿਆ ਲੈਣ ਵਾਲਾ ਸਿਆਚਿਨ ਗਲੇਸ਼ੀਅਰ ਹੈ ਜੋ ਕਿ ਪੋਲਰ ਖੇਤਰ ਤੋਂ ਬਾਹਰ ਸਭ ਤੋਂ ਵੱਡਾ ਗਲੇਸ਼ੀਅਰ ਮੰਨਿਆ ਜਾਂਦਾ ਹੈ।

ਲੱਦਾਖ ਅਤੇ ਕਸ਼ਮੀਰ ਦੇ ਗਲੇਸ਼ੀਅਰ ਇੱਕ ਬੰਦੇ ਦੀ ਸਿਹਤ ਦੀ ਪਰੀਖਿਆ ਲੈਂਦੇ ਹਨ (survivalfor the fittest) ਅਤੇ ਇਹਨਾਂ ਸਭ ਤੋਂ ਵੱਧ ਸੀਆਚੀਨ ਦੇ ਗਲੇਸ਼ੀਅਰ ਜਿਨ੍ਹਾਂ ਨੂੰ ਪੋਲਰ ਖੇਤਰ ਤੋਂ ਬਾਹਰ ਦੇ ਸਭ ਤੋਂ ਵੱਡੇ ਗਲੇਸ਼ੀਅਰ ਕਿਹਾ ਜਾਂਦਾ ਹੈ।

### (ਅ) ਹਿਮਾਚਲ ਪ੍ਰਦੇਸ਼

ਹਿਮਾਚਲ ਪ੍ਰਦੇਸ਼ ਬਰਫ਼, ਸ਼ਾਨਦਾਰ ਚੋਟੀਆਂ, ਨਦੀਆਂ-ਨਾਲੇ, ਅਲਾਪਾਈਨ ਚਰਾਗਾਹਾਂ ਅਤੇ ਹਰੀ ਭਰੀ ਵਾਦੀਆਂ ਦੀ ਧਰਤੀ ਹੈ। ਹਿਮਾਚਲ ਦੇ ਕਈ ਹਿੱਸਿਆਂ ਦੀ ਵੱਖਰੀ ਆਸਟਰੀਅਨ ਦਿੱਖ ਹੈ। ਜਿੱਥੇ ਸ਼ੰਕੂ ਰੁੱਖਾਂ ਵਾਲੀ ਪਹਾੜੀਆਂ, ਲੱਕੜੀ ਦੇ ਬਣੇ ਘਰ, ਉਨ੍ਹਾਂ ਦੇ ਬਾਹਰ ਵੱਲ ਨੂੰ ਛੱਜੇ ਅਤੇ ਸ਼ਾਂਤ ਨੀਲੀ ਵਾਦੀਆਂ ਵਿੱਚੋਂ ਬਰਫ਼ ਦੀਆਂ ਨਦੀਆਂ ਦਾ ਵਹਿੰਦਾ ਪਾਣੀ। ਸ਼ਿਮਲਾ ਜੋ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਹੈ ਅਜੇ ਤੱਕ ਵੀ ਆਪਣੀ ਦਿੱਖ ਅਤੇ ਵਾਤਾਵਰਨ ਪੱਖੋਂ ਇੱਕ ਅੰਗਰੇਜ਼ੀ ਰਾਜ ਕਾਲ ਵਾਲੀ ਬਸਤੀ ਲੱਗਦਾ ਹੈ।

ਹਿਮਾਚਲ ਵਿੱਚ ਬਹੁਗਿਣਤੀ ਵਿੱਚ ਸ਼ਾਨਦਾਰ ਪਹਾੜੀ ਸਟੇਸ਼ਨ ਹਨ। ਜੋ ਕਿ ਗਰਮੀਆਂ ਵਿੱਚ ਠੰਡੇ ਹੁੰਦੇ ਹਨ। ਸ਼ਿਮਲਾ, ਡਲਹੋਜ਼ੀ ਕੁੱਲੂ, ਮਨਾਲੀ ਅਤੇ ਕੁਫਰੀ ਹਿਮਾਚਲ ਪ੍ਰਦੇਸ਼ ਦੇ ਕੁਝ ਪਹਾੜੀ ਸਟੇਸ਼ਨ ਹਨ। ਜੋ ਸਾਹ ਸੁਕਣ ਵਾਲੇ ਦ੍ਰਿਸ਼ ਅਤੇ ਜੋਖਿਮ ਭਰੀਆਂ ਖੇਡਾਂ ਦੇ ਵਿਕਲਪ ਪ੍ਰਦਾਨ ਕਰਦੇ ਹਨ। ਧਰਮਸ਼ਾਲਾ , ਜਿੱਥੇ ਦਲਾਈਲਾਮਾ ਦਾ ਨਿਵਾਸਸਥਾਨ ਹੈ, ਸੈਲਾਨੀਆਂ ਦੇ ਨਕਸ਼ੇ ਉੱਤੇ ਇੱਕ ਮਹੱਤਵਪੂਰਨ ਕੇਂਦਰ ਹੈ

### (ੲ) ਉੱਤਰਾਖੰਡ

ਭਾਰਤ ਦੇ ਵਿਸ਼ਾਲ ਅਤੇ ਸੁੰਦਰਤਾ ਭਰਪੂਰ ਉੱਤਰ ਵਿੱਚ ਸਥਿੱਤ ਅਤੇ ਹਿਮਾਲਾ ਦੀ ਅਦਭੁਤ ਸੁੰਦਰਤਾ ਅਤੇ ਸ਼ਾਂਤ ਵਾਤਾਵਰਨ ਦੀ ਗੋਦ ਵਿੱਚ ਬੈਠਾ, ਉੱਤਰਾਖੰਡ "ਦੇਵਭੂਮੀ" ਜਿਸਨੇ ਪੁਰਾਤਨ ਸਮੇਂ ਤੋਂ ਹੀ ਸੈਲਾਨੀਆਂ ਅਤੇ ਤੀਰਥਯਾਤਰੀਆਂ ਨੂੰ ਆਪਣੇ ਵੱਲ ਖਿੱਚਿਆ ਹੈ। ਅੱਠ ਪਹਾੜੀ ਸਟੇਸ਼ਨਾਂ ਦੇ ਸੁਮੇਲ ਵਾਲ਼ੀ, ਖੇਤਰ ਅਤੇ ਜਨਸੰਖਿਆ ਵਿੱਚ ਹਿਮਾਚਲ ਪ੍ਰਦੇਸ਼ ਦੇ ਬਰਾਬਰ, ਉੱਤਰਾਖੰਡ ਈਸ਼ਵਰਤਵ, ਤਪੱਸਿਆ, ਚਿੰਤਨ, ਸਾਧਨਾ ਅਤੇ ਪ੍ਰਾਪਤੀ ਦਾ ਪ੍ਰਗਟਾਵਾ ਕਰਦਾ ਹੈ।

ਉੱਤਰਾਖੰਡ ਜੋਖਿਮ ਭਰੀਆਂ ਖੇਡਾਂ ਲਈ ਸਵਰਗ ਹੈ। ਪਰਬਤਾ ਤੇ ਪੈਦਲ ਯਾਤਰਾ, ਸਕੀਇੰਗ, ਸਕੇਟਿੰਗ, ਪਾਣੀ ਵਾਲੀ ਖੇਡਾਂ ਤੋਂ ਹਵਾਈ ਖੇਡਾਂ ਜਿਵੇਂ ਕਿ ਹੈਂਗ ਗਲਾਈਡਿੰਗ, ਪੈਰਾਗਲਾਈਡਿੰਗ ਆਦਿ ਉੱਤਰਾਂਚਲ ਨੂੰ ਨਾ ਕੇਵਲ ਭਾਰਤ ਵਿੱਚ ਬਲਕਿ ਪੂਰੇ ਸੰਸਾਰ ਭਰ ਵਿੱਚ ਜੋਖਿਮ ਭਰਪੂਰ ਖੇਡਾਂ ਦੇ ਲਈ ਆਕਰਸ਼ਨ ਦਾ ਕੇਂਦਰ ਬਣਾਉਂਦੀਆਂ ਹਨ।

### (ਸ) ਸਿੱਕਿਮ

ਭੂਤਪੂਰਵ ਸਾਮਰਾਜ ਵਾਲਾ, ਸਿੱਕਿਮ ਹੁਣ ਭਾਰਤ ਦਾ 22 ਵਾਂ ਰਾਜ ਹੈ ਇਹ ਹਿਮਾਲਾ ਦੇ ਗਿਰੀਪਿੰਡ (Massib) ਵਿੱਚ ਜੜਿਆ ਹੋਇਆ ਡਰੈਗਨ ਦੇ ਗਰਦਨ ਉੱਪਰ ਰੱਖੇ ਸਕੇਲ ਦੀ ਤਰ੍ਹਾਂ ਹੈ। ਭਾਰਤ ਦਾ ਸਭ ਤੋ ਛੋਟਾ ਰਾਜ, ਪੱਛਮ ਤੋਂ ਨੇਪਾਲ ਅਤੇ ਪੂਰਬ ਤੋਂ ਭੂਟਾਨ, ਉੱਤਰ ਅਤੇ ਉੱਤਰ ਪੂਰਬ ਤੋਂ ਤਿੱਬਤ ਅਤੇ ਦੱਖਣ ਤੋਂ ਪੱਛਮੀ ਬੰਗਾਲ ਨਾਲ ਘਿਰਿਆ ਹੋਇਆ ਹੈ।

ਗਹਿਰੀ ਧੁੰਦ ਚਾਦਰ ਵਿੱਚ ਢੱਕਿਆ, ਰੱਖਿਆ ਕਰਨ ਵਾਲਾ ਕੰਚਨ ਜੰਗਾ ਸਿੱਕਿਮ ਦੇ ਜਾਦੂਮਈ ਸਾਮਰਾਜ ਦੇ ਨਿਵਾਸੀ ਨੂੰ ਡਰਾਉਂਦਾ ਅਤੇ ਰੱਖਿਆ ਕਰਦਾ ਹੈ। ਬਹੁਤ ਹੀ ਅਸਚਰਜ ਪਹਾੜੀ ਦਾ ਟੁੱਕੜਾ ਚਿੱਟੀ ਬਰਫ਼ ਨਾਲ ਢੱਕਿਆ, ਹਿਮਾਲਿਆਂ ਦਾ ਇਹ ਵਿਸ਼ਾਲ ਪਰਬਤ ਸੰਸਾਰ ਦਾ ਤੀਜਾ ਉੱਚਾ ਪਹਾੜੀ ਹੈ ਜੋ 8,590 ਮੀ. (28,199 ਫੁੱਟ) ਉੱਚਾ ਹੈ। ਇਸ ਦੇ ਆਪਣੇ ਨਾਮ ਦਾ ਮਤਲਬ 'ਪੰਜ ਖਜਾਨਿਆਂ ਦਾ ਘਰ ਹੈ' ਜੋ ਕਿ ਇਸਦੇ ਪੰਜ ਸਿਖ਼ਰਾਂ ਦੁਆਰਾ ਅੰਦਾਜ਼ ਲਗਾਇਆ ਜਾ ਸਕਦਾ ਹੈ।

### (ਕ) ਉੱਤਰ ਪੂਰਬੀ ਰਾਜ-ਸੱਤ ਭੈਣਾਂ

ਇਸ ਖੇਤਰ ਵਿੱਚ ਬਹੁਤ ਕੁਝ ਵੇਖਣ, ਅਨੁਭਵ ਕਰਨ ਅਤੇ ਲਿਖਣ ਲਈ ਹੈ ਕਿ ਕਿਤਾਬਾਂ ਭਰ ਜਾਣ। ਭਾਰਤ ਦਾ ਉੱਤਰ ਪੂਰਬੀ ਖੇਤਰ, ਸੈਲਾਨੀਆਂ, ਮਨੁੱਖੀ ਵਿਗਿਆਨੀਆਂ ਅਤੇ ਵੇਖਣ ਵਾਲਿਆਂ ਦੀ ਇਸ ਬਾਰੇ ਜਾਣਨ ਦੀ ਭੁੱਖ ਨੂੰ ਵਧਾ ਦਿੰਦਾ ਹੈ। ਇੱਥੋਂ ਦੀ ਚਹਿਲ-ਪਹਿਲ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਜੋ ਇਸ ਖੇਤਰ ਨੂੰ ਵੱਖਰਾ, ਚੁਣੌਤੀਪੂਰਨ ਅਤੇ ਰੋਮਾਂਚਕ ਬਣਾਉਂਦੀ ਹੈ। ਇੱਕ ਥਾਂ ਤੇ ਜਾਓ ਅਤੇ ਨਤੀਜੇ ਹੋਣਗੇ ਕਿ ਤੁਸੀਂ ਹੋਰ ਲਈ ਆਓਗੇ।

ਇਹਨਾਂ ਸੱਤ ਭੈਣਾਂ ਵਿੱਚ ਅਸਾਮ, ਅਰੁਨਾਚਲ ਪ੍ਰਦੇਸ਼, ਨਾਗਾਲੈਂਡ, ਮਨੀਪੁਰ, ਤ੍ਰਿਪੁਰਾ, ਮੇਘਾਲਿਆ ਅਤੇ ਮਿਜ਼ੋਰਮ ਆਉਂਦੇ ਹਨ। ਜਦਕਿ ਸੱਤ ਭੈਣਾਂ ਆਪਣੇ ਆਪ ਵਿੱਚ ਵੱਖ-ਵੱਖ ਹਨ। ਅਰੁਨਾਚਲ ਪ੍ਰਦੇਸ਼ ਇਥੋ ਦਾ ਇੱਕ ਮੁੱਖ ਹਿਮਾਲਿਆ ਮੰਜ਼ਿਲ ਹੈ। ਰਾਜ ਵਿੱਚ ਕਈ ਤਰ੍ਹਾਂ ਦੇ ਕੰਮ ਮੱਛੀ ਪਕੜਣ, ਕਿਸ਼ਤੀ ਚਲਾਉਣ, ਬੇੜਾ, ਲੰਬੀ ਪੈਦਲ ਯਾਤਰਾ ਅਤੇ ਪਦਯਾਤਰਾ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੱਥੇ ਬਹੁਗਿਣਤੀ ਵਿੱਚ ਜੰਗਲੀ ਪ੍ਰਾਣੀ ਘਰ ਅਤੇ ਰਾਸ਼ਟਰੀ ਪਾਰਕ ਹਨ। ਜਿੱਥੇ ਦੁਰਲੱਭ ਜਾਨਵਰ, ਪੰਛੀ ਅਤੇ ਪੌਦੇ ਹਨ ਜੋ ਆਉਣ-ਜਾਉਣ ਵਾਲਿਆਂ ਨੂੰ ਲੁਭਾਉਂਦੇ ਹਨ।

**ਸਮੀਖਿਅਕ ਪ੍ਰਸ਼ਨ**

1. ਖਾਲੀ ਥਾਵਾਂ ਭਰੋ:

a. ਭੂਤਪੂਰਵ ਸਾਮਰਾਜ..........ਅੱਜ ਕੱਲ੍ਹ ਭਾਰਤ ਦਾ 22 ਵਾਂ ਰਾਜ ਹੈ।

b. ............ ਨੇ ਪੁਰਾਤਨ ਸਮੇਂ ਤੋਂ ਸੰਸਾਰ ਭਰ ਤੋਂ ਸੈਲਾਨੀ ਅਤੇ ਤੀਰਥਯਾਤਰੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ।

c. ............ ਜਿੱਥੇ ਦਲਾਈਲਾਮਾ ਦਾ ਨਿਵਾਸ ਸਥਾਨ ਹੈ, ਸੈਲਾਨੀ ਨਕਸ਼ੇ ਦਾ ਮਹੱਤਵਪੂਰਨ ਕੇਂਦਰ ਹੈ।

d. ............ ਆਪਣੇ ਪੋਲਰ ਖੇਤਰ ਤੋਂ ਬਾਹਰ ਦੇ ਵੱਡੇ ਗਲੇਸ਼ੀਅਰਾਂ ਲਈ ਜਾਣਿਆ ਜਾਂਦਾ ਹੈ।

## 2.3 ਅਰਾਵਲੀ ਪਰਬਤ ਸ਼੍ਰੇਣੀ ਅਤੇ ਸੈਰਸਪਾਟਾ

ਅਰਾਵਲੀ ਸ਼੍ਰੇਣੀ ਜਿਸ ਦਾ ਪੂਰਾ ਮਤਲਬ 'ਚੋਟੀਆਂ ਦੀ ਰੇਖਾ' ਇੱਕ ਪੱਛਮੀ ਭਾਰਤ ਵਿੱਚ ਪਹਾੜੀਆਂ ਦੀ ਸ਼੍ਰੇਣੀ ਹੈ ਜੋ ਉੱਤਰ ਪੂਰਬ ਤੋਂ ਲਗਪਗ 800 ਕਿਮੀ ਦੀ ਦੂਰੀ ਤੇ ਦੱਖਣ ਪੱਛਮ ਵੱਲ ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਰਾਜਾਂ ਵੱਲ ਜਾਂਦੀ ਹੈ। ਅਰਾਵਲੀ ਸ਼੍ਰੇਣੀ ਰਾਜ ਵਿੱਚ ਦੱਖਣ ਪੱਛਮ ਚੋਟੀ ਗੁਰੂ ਸਿਖ਼ਰ (ਮਾਉਂਟ ਆਬੂ) ਜੋ ਕਿ 1,722 ਮੀ. ਉੱਚੀ ਹੈ ਤੋਂ ਉੱਤਰ ਪੂਰਬ ਵਿੱਚ ਖੇਤਰੀ ਤੱਕ ਫੈਲੀ ਹੋਈ ਹੈ।

ਇਹ ਰਾਜ ਨੂੰ ਉੱਤਰ ਪੱਛਮ ਵਿੱਚ 60% ਅਤੇ ਦੱਖਣ ਪੂਰਬ ਵਿੱਚ 40% ਵਿੱਚ ਵੰਡਦੀ ਹੈ। ਉੱਤਰ ਪੱਛਮ ਦਾ ਇਲਾਕਾ ਰੇਤੀਲਾ ਅਤੇ ਅਨਉਪਜਾਊਹੈ ਜਿੱਥੇ ਪਾਣੀ ਦੀ ਘੱਟ ਮਾਤਰਾ ਹੈ ਪਰ ਇਹ ਦੂਰ ਪੱਛਮ ਦੀ ਮਾਰੂਥਲ ਭੂਮੀ ਤੋਂ ਹੌਲ਼ੀ-ਹੌਲ਼ੀ ਸੁਧਰਦਾ ਹੈ। ਜੋਕਿ ਪੂਰਬ ਵਿੱਚ ਪੂਰੀ ਉਪਜਾਊ ਅਤੇ ਨਿਵਾਸ ਯੋਗ ਭੂਮੀ ਹੈ।

ਅਰਾਵਲੀ ਪਹਾੜ ਦਾ ਜੋਖ਼ਿਮਾਂ ਭਰਿਆ ਰਸਤਾ ਹੈ, ਜੋ ਕਿ ਭਾਰਤ ਦੀ ਸਭ ਤੋਂ ਪੁਰਾਣੀ ਪਰਬਤ ਸ਼੍ਰੇਣੀ ਹੈ। ਅਰਾਵਲੀ ਨੇ ਹਮੇਸ਼ਾ ਭਾਰਤ ਅਤੇ ਬਾਹਰਲੇ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ।

ਜੇਕਰ ਕੋਈ ਜੋਖ਼ਮ ਭਰਪੂਰ ਦਿਨ ਬਿਤਾਉਣਾ ਚਾਹੁੰਦਾ ਹੈ ਤਾਂ ਅਰਾਵਲੀ ਉਸ ਲਈ ਇੱਕ ਦਮ ਸਹੀ ਜਗ੍ਹਾਂ ਹੈ। ਇਹ ਲੰਬੀ ਪੈਦਲ ਯਾਤਰਾ ਕਰਨ ਵਾਲਿਆਂ ਲਈ ਸੰਘਣੇ ਜੰਗਲਾਂ, ਲਹਿਰਾਉਦੀਆਂ ਚਰਾਗਾਹਾਂ, ਝੀਲਾਂ ਅਤੇ ਹੋਰ ਲਈ ਇੱਕ ਵੱਖਰੀ ਜਗ੍ਹਾਂ ਹੈ।



ਹਿਮਾਲਾ



ਕੋਰੋਮੰਡਲ



ਅਰਾਵਲੀ ਸ਼੍ਰੇਣੀ



ਸੰਗਲਾ ਪਰਬਤ



ਸਹਾਦਰੀ ਪਬਰਤ




ਕਸ਼ਮੀਰ ਦੀ ਵਾਦੀ



ਅਰਾਕੂ ਦੀ ਵਾਦੀ



ਇਗਾਤਪੁਰੀ ਮਹਾਂਰਾਸ਼ਟਰ



ਇਰਪੂ ਪਾਣੀ ਦਾ ਝਰਨਾ



ਤਵਾਂਗ, ਅਰੁਨਾਚਲ ਪ੍ਰਦੇਸ਼



ਲਾਕੀੜੀ, ਕੇਰਲਾ



ਔਲੀ, ਉੱਤਰਾਖੰਡ

ਇਹਨਾਂ ਸ਼੍ਰੇਣੀਆਂ ਵਿੱਚ ਕੁਝ ਸ਼ਾਨਦਾਰ ਥਾਂਵਾਂ ਜਿਵੇਂ ਕਿ ਮਾਉਂਟ ਆਬੂ ਜੋ ਕਿ ਸਮੁੰਦਰੀ ਤਲ ਤੋਂ 1300 ਮੀ. ਉੱਚਾ ਹੈ, ਕੁੰਬਹਾਲਗੜ੍ਹ ਕਿਲ੍ਹਾ, ਰਨਕਪੁਰ ਅਤੇ ਦੇਲਵਾਰਾ ਦੇ ਜੈਨ ਮੰਦਰ ਹਨ।

**ਸਮੀਖਿਅੰਕ ਪ੍ਰਸ਼ਨ**

1. ਖਾਲੀ ਥਾਂਵਾਂ ਭਰੋ:

(ੳ) ਅਰਾਵਲੀ ਸ਼੍ਰੇਣੀ ਦਾ ਪੂਰਾ ਮਤਲਬ ........ ਹੈ।

(ਅ) ਅਰਾਵਲੀ ਸ਼੍ਰੇਣੀ ਭਾਰਤ ਦੀ .......... ਪਰਬਤ ਸ਼੍ਰੇਣੀ ਹੈ।

**2.4 ਪੱਛਮੀ ਘਾਟ-ਮਾਲਾਬਾਰ (ਸਹਾਦਰੀ ਪਹਾੜੀਆਂ)** ਅਤੇ ਸੈਰ ਸਪਾਟਾ ਪੱਛਮੀ ਘਾਟਾਂ ਤੋਂ , ਪੱਛਮੀ ਘਾਟ ਜਾਂ ਸਹਾਦਰੀ ਪਰਬਤ ਭਾਰਤ ਦੀ ਪੱਛਮੀ ਪਾਸੇ ਦੇ ਪਰਬਤ ਸ਼੍ਰੇਣੀ ਦਾ ਹਿੱਸਾ ਹਨ। ਇਹ ਸ਼੍ਰੇਣੀ ਡੈਕਨ ਪਠਾਰ ਦੇ ਪੱਛਮੀ ਸਿਰੇ ਦੇ ਨਾਲ ਉੱਤਰ ਤੋਂ ਦੱਖਣ ਵੱਲ ਫੈਲੀ ਹੋਈ ਹੈ ਅਤੇ ਅਰਬ ਸਾਗਰ ਦੇ ਨਾਲ਼-ਨਾਲ਼ ਪਠਾਰ ਨੂੰ ਸੰਕੀਰਨ ਤਟਵਰਤੀ ਮੈਦਾਨ ਤੋਂ ਵੱਖ ਕਰਦੀ ਇਹ ਸ਼੍ਰੇਣੀ ਗੁਜਰਾਤ ਅਤੇ ਮਹਾਂਰਾਸਟਰ ਦੇ ਸੀਮਾਂਤ ਤੋਂ ਸ਼ੁਰੂ ਹੁੰਦੀ ਹੈ। ਤਾਪਤੀ ਨਦੀ ਦੇ ਦੱਖਣ ਅਤੇ ਲਗਪਗ 1,600 ਕਿਮੀ. (990 ਮੀਲ) ਮਹਾਂਰਾਸਟਰ, ਗੋਆ, ਕਰਨਾਟਕ, ਤਮਿਲਨਾਡੂ ਅਤੇ ਕੇਰਲ ਚੋਂ ਹੁੰਦੀ ਹੋਈ ਕੰਨਿਆਕੁਮਾਰੀ ਤੇ ਖ਼ਤਮ ਹੁੰਦੀ ਹੈ। ਜੋ ਭਾਰਤ ਦਾ ਦੱਖਣੀ ਸਿਰਾ ਹੈ।

ਇਹ ਪਹਾੜੀਆਂ 160,000 (62,000 ਵਰਗਮੀਲ) ਦਾ ਖੇਤਰ ਘੇਰਦੀਆਂ ਹਨ ਅਤੇ ਭਾਰਤ ਦੇ 40% ਪਾਣੀ ਪਹੁੰਚਾਉਣ ਵਾਲੇ ਨਹਿਰੀ ਪ੍ਰਬੰਧ ਦੇ ਕੈਚਮੈਂਟ ਖੇਤਰ ਬਣਾਉਂਦੀਆਂ ਹਨ। ਪੱਛਮੀ ਘਾਟ ਦੱਖਣੀ ਪਠਾਰ ਦੀ ਵਰਖਾ ਰੋਕਣ ਦਾ ਕੰਮ ਕਰਦੇ ਹਨ। ਇਸ ਦੀ ਔਸਤਨ ਉਚਾਈ ਲਗਪਗ 1,200 ਮੀ. (3,900 ਫੁੱਟ ਹੈ।

ਇਹ ਖੇਤਰ ਸੰਸਾਰ ਦੇ ਦੱਸ " ਗਰਮ ਜੈਵਿਕ ਭਿੰਨਤਾ ਵਾਲੇ ਸਥਾਨਾ ਵਿੱਚੋ ਇੱਕ ਹੈ। " ਅਤੇ ਇੱਥੇ ਫੁੱਲਾ ਵਾਲੇ ਪੌਦਿਆਂ ਦੀਆਂ 500 ਤੋਂ ਵੱਧ ਪ੍ਰਜਾਤੀਆਂ, ਦੁਧਾਰੀਆਂ ਦੀ 139 ਪ੍ਰਜਾਤੀਆ, ਪੰਛੀਆਂ ਦੀ 159 ਪ੍ਰਜਾਤੀਆਂ ਅਤੇ ਜਲਥਲੀ ਦੀਆਂ 179 ਪ੍ਰਜਾਤੀਆਂ ਹਨ। ਇਹ ਅਨੁਮਾਨ ਹੈ ਕਿ ਕੁਝ ਅਣਪਛਾਣੀਆਂ ਪ੍ਰਜਾਤੀਆਂ ਵੀ ਪੱਛਮੀ ਘਾਟਾਂ ਵਿੱਚ ਹਨ। ਘੱਟੋ-ਘੱਟ 325 ਖਤਰੇ ਵਾਲੀਆਂ ਪ੍ਰਜਾਤੀਆਂ ਪੱਛਮੀ ਘਾਟਾਂ ਵਿੱਚ ਹਨ। ਪੱਛਮੀ ਘਾਟ ਉੱਤਰ ਵਿੱਚ ਸਤਪੁੜ੍ਹਾ ਸ਼੍ਰੇਣੀ ਤੋਂ ਲੈ ਕੇ ਦੱਖਣੀ ਮਹਾਂਰਾਸਟਰ ਚੋਂ ਹੁੰਦਿਆਂ ਗੋਆ, ਕਰਨਾਟਕ , ਕੇਰਲ ਅਤੇ ਤਮਿਲਨਾਡੂ ਤੱਕ ਫੈਲਿਆ ਹੋਇਆ ਹੈ। ਸ਼੍ਰੇਣੀ ਦੇ ਮੁੱਖ ਦਰਾਰਾਂ ਵਿੱਚ ਗੋਆ ਦੀ ਦਰਾਰ ਮਹਾਂਰਾਸ਼ਟਰਾ ਅਤੇ ਕਰਨਾਟਕ ਸੈਕਸ਼ਨ ਦੇ ਵਿਚਕਾਰ ਹੈ ਅਤੇ ਨੀਲਗੀਰੀ ਅਤੇ ਅੰਨਾਮਲਾਈ ਪਹਾੜੀਆਂ ਦੇ ਤਮਿਲਨਾਡੂ ਅਤੇ ਕੇਰਲ ਦੀ ਸੀਮਾਂ ਦਾ ਪਾਲ ਹੈਟ ਦਰਾਰ ਹੈ।

### (ੳ) ਸਹਾਦਰੀ ਪਹਾੜੀਆਂ

ਉੱਤਰ ਤੋਂ ਸ਼ੁਰੂ ਹੋਣ ਵਾਲੀ ਮੁੱਖ ਪਹਾੜੀ ਸ਼੍ਰੇਣੀ ਮਹਾਨਦੀ ਸ਼੍ਰੇਣੀ ਹੈ। (ਬੈਨੀਵੋਲੈਂਟ ਪਹਾੜੀਆਂ)। ਇਹ ਸ਼੍ਰੇਣੀ ਕਈ ਪਹਾੜੀ ਸਟੇਸ਼ਨਾਂ ਜਿਵੇਂ ਕਿ ਮੈਥਰਨ, ਲੋਨਾਵਾਲਾ, ਖੰਡਾਲਾ, ਮਹਾਂਬਲੇਸਵਰ,ਪੰਚਗਨੀ, ਅੰਬੋਲੀ ਘਾਟ ਕੁਦਰੇਮੁੱਖ ਅਤੇ ਕੋਡਾਗੂ ਦਾ ਘਰ ਹੈ। ਇਸ ਸ਼੍ਰੇਣੀ ਨੂੰ ਉੱਤਰੀ ਮਹਾਂਰਾਸਟਰ ਵਿੱਚ ਸਹਾਦਰੀ ਅਤੇ ਕੇਰਲ ਵਿੱਚ ਸਾਹਿਆ ਪ੍ਰਵਤਮ ਕਹਿੰਦੇ ਹਨ।

### (ੳ) ਨੀਲਗਿਰੀ

ਇਹਨਾਂ ਪਹਾੜੀਆਂ ਨੂੰ ਜੋ ਤਮਿਲਨਾਡੂ ਦੇ ਉੱਤਰ ਪੱਛਮ ਵਿੱਚ ਹਨ ਨੂੰ ਨੀਲਗਿਰੀ ਮਲਈ ਵੀ ਕਿਹਾ ਜਾਂਦਾ ਹੈ। ਨੀਲਗਿਰੀ ਦੀਆਂ ਪਹਾੜੀਆਂ ਉਟੀ ਦੇ ਪਹਾੜੀ ਸਟੇਸ਼ਨ ਦਾ ਘਰ ਹਨ। ਕਰਨਾਟਕ ਦੇ ਮੈਸੂਰ ਦੇ ਦੱਖਣ ਪੂਰਬ ਦੀ ਬੀਲੀਗਿਰੀ ਰੰਗਨਾ ਬੇਟਾ ਸ਼ੀਵਾਰਾਏ ਨੂੰ ਮਿਲਦੀਆਂ (ਸਰਵਕਾਇਨ ਸ਼੍ਰੇਣੀ) ਅਤੇ ਪੂਰਬ ਵਿੱਚ ਤਿਰਮਾਲਾ ਸ਼੍ਰੇਣੀ ਨਾਲ ਜੋ ਪੱਛਮੀ ਘਾਟਾ ਨੂੰ ਪੂਰਬੀ ਘਾਟਾਂ

### (ਅ) ਅੰਨਾਮਲਾਈ ਪਹਾੜੀਆਂ

ਪਾਲ ਘਾਟ ਦਰਾਰ ਦੇ ਦੱਖਣ ਵਿੱਚ ਅੰਨਾਮਲਾਈ ਪਹਾੜੀਆਂ, ਪੱਛਮ ਵਿੱਚ ਤਮਿਲਨਾਡੂ ਅਤੇ ਕੇਰਲ ਹੈ। ਦੱਖਣ ਵਿੱਚ ਹੋਰ ਛੋਟੀਆਂ ਪਹਾੜੀਆਂ ਹਨ ਜਿਨ੍ਹਾਂ ਵਿੱਚ ਕਾਰਡੇਮੋਮ ਦੀਆਂ ਪਹਾੜੀਆਂ ਵੀ ਹਨ।

ਸ਼੍ਰੇਣੀ ਦੇ ਸਭ ਤੋਂ ਦੱਖਣੀ ਸਿਰੇ ਤੇ ਹੈ ਅੰਨਾ ਮੁਦੀ ਚੋਟੀ 2,6,95 ਮੀਟਰ (8,842 ਫੁੱਟ) ਉੱਚੀ ਕੇਰਲ ਵਿੱਚ, ਪੱਛਮੀ ਘਾਟਾਂ ਵਿੱਚ ਸਭ ਤੋਂ ਉੱਚੀ ਚੋਟੀ ਚੇਮਬਰਾ ਚੋਟੀ 2,100 ਮੀਟਰ (6,890 ਫੁੱਟ), ਬਨਾਸੁਹਾ ਚੋਟੀ 2,073 ਮੀਟਰ (6,801 ਫੁੱਟ), ਵੇਲਾਰੀਮਾਲਾ 2,200 ਮੀਟਰ (–7,218 ਫੁੱਟ) ਅਤੇ ਅਗਸਬਿਆਂ ਮਾਲਾ 1,868 ਮੀਟਰ (6,129 ਫੁੱਟ) ਵੀ ਕੇਰਲ ਵਿੱਚ ਹਨ। ਨੀਲਗਿਰੀ ਪਹਾੜੀਆਂ ਵਿੱਚ ਡੋਡਾਬੇਟਾ 2,637 ਮੀਟਰ (8,652 ਫੁੱਟ) ਉੱਚੀ ਕਰਨਾਟਕ ਵਿੱਚ ਮੁਲਾਇਆਨਾ ਗਿਰੀ ਸਭ ਤੋਂ ਉੱਚੀ ਚੋਟੀ ਹੈ ਜੋ 1,950 ਮੀਟਰ ਉੱਚੀ (6,318 ਫੁੱਟ) ਹੈ। ਕੇਰਲ ਅਤੇ ਪੱਛਮੀ ਘਾਟ ਨਦੀ ਚਾਹ ਅਤੇ ਕਾਫ਼ੀ ਦੀ ਖੇਤੀ ਦਾ ਘਰ ਹਨ।

ਪੱਛਮੀ ਘਾਟਾਂ ਅਤੇ ਅਰਬ ਸਮੁੰਦਰ ਦੇ ਵਿਚਕਾਰ ਦੇ ਤੰਗ ਤਟਵਰਤੀ ਮੈਦਾਨ ਦਾ ਉੱਤਰਵਰਤੀ ਹਿੱਸੇ ਨੂੰ ਕੋਨਕਨ ਤਟ ਜਾਂ ਕੋਨਕਨ ਕਿਹਾ ਜਾਂਦਾ ਹੈ, ਮੱਧਵਰਤੀ ਹਿੱਸੇ ਨੂੰ ਕਿਨਾਰਾ ਕਿਹਾ ਜਾਂਦਾ ਹੈ ਅਤੇ ਦੱਖਣੀ ਹਿੱਸੇ ਨੂੰ ਮਾਲਾਬਾਰ ਖੇਤਰ ਜਾਂ ਮਾਲਾਬਾਰ ਤੱਟ। ਮਹਾਂਰਾਸਟਰ ਵਿੱਚ ਘਾਟ ਦੇ ਪੂਰਬੀ ਨਿਚਲੇ ਹਿੱਸੇ ਨੂੰ ਦੇਸ਼ ਨਾਲ ਜਾਣਿਆ ਜਾਂਦਾ ਹੈ, ਜਦਕਿ ਮੱਧ ਕਰਨਾਟਕ ਰਾਜ ਦੇ ਪੂਰਬੀ ਹੇਠਲੇ ਹਿੱਸੇ ਨੂੰ ਮਾਲੇਨਾਡੂ ਕਿਹਾ ਜਾਂਦਾ ਹੈ। ਪਹਾੜਾ ਦੇ ਵਿੱਚ ਸਭ ਤੋਂ ਵੱਡਾ ਸ਼ਹਿਰ ਪੂੰਨੇ ਸ਼ਹਿਰ (ਪੁਨਾ) ਹੈ, ਸ਼੍ਰੇਣੀ ਦੇ ਪੂਰਬੀ ਸਿਰੇ ਦੇ ਦੇਸ਼ ਖੇਤਰ ਵਿੱਚ ਬੀਲੀਗਿਰੀਅੰਨ ਪਹਾੜੀਆਂ ਪੱਛਮੀ ਅਤੇ ਪੂਰਬੀ ਘਾਟਾਂ ਦੇ ਸੰਗਮ ਤੇ ਸਥਿਤ ਹੈ। ਪੱਛਮੀ ਘਾਟਾ ਨੂੰ ਵਿਸ਼ਵ ਵਿਰਾਸਤ ਸਾਇਟ ਵਿੱਚ ਸੂਚੀਬੱਧ ਕੀਤਾ ਜਾਣਾ ਹੈ। ਇਸ ਵਿੱਚ 7 ਨਾਲ ਲੱਗਦੇ ਖੇਤਰ ਹੋਣਗੇ।

1. **ਅਗਸਥਾਮਲਈ ਸਭ-ਕਲਸਟਰ (ਪੰਜ ਸਾਇਟ ਤੱਤਾਂ ਨਾਲ)** ਅਗਸਥਾਮਲਈ ਜੀਵਮੰਡਲ ਰਿਜਰਵ 900 ਵਰਗ ਕਿਮੀ. ਹੈ, ਜਿਸ ਵਿੱਚ ਕਲਾਕੜ ਮੁੰਦਨ ਦਰਈ ਟਾਈਗਰ ਰਿਜਰਵ 806 ਵਰਗ ਕਿਮੀ., ਤਮਿਲਨਾਡੂ ਅਤੇ ਨਈਅਰ ਸਿੱਧ, ਪੇਪਰ ਅਤੇ ਸੇਨਡਰਨੇਅ ਜੰਗਲੀ ਜੀਵ ਜੰਤੂ ਘਰ ਅਤੇ ਇਸਦੇ ਨਾਲ ਲੱਗਦੇ ਖੇਤਰ ਏਠਨਕਾਇਮ, ਪੇਨਮਾਲਾ, ਕੋਨੀ, ਪੁਨਾਲੁਰ, ਤਿਰੁਵੰਥਪੁਰਮ ਡਿਵੀਜਨ ਅਤੇ ਕੇਰਲਾ ਵਿੱਚ ਅਗਸਥਾਮਲਈ ਦੀ ਖਾਸ ਓਵੀਜਨ।

2. **ਪੇਰੀਆਰ ਸਭ ਕਲਸਟਰ (ਛੇ ਸਾਇਟ ਤੱਤਾਂ ਨਾਲ)** ਪੇਰੀਆਡ ਰਾਸ਼ਟਰੀ ਪਾਰਕ ਅਤੇ ਕੁਦਰਤੀ ਰਿਜ਼ਰਵ 777ਵਰਗ ਕਿਮੀ. ਕੇਰਲ ਵਿੱਚ, ਰੰਨੀ, ਕਨੀ ਅਤੇ ਅਠਨਕਇਲ ਜੰਗਲ ਡਿਵੀਜ਼ਨ, ਪੂਰਬੀ ਪਾਸੇ ਵੱਲ, ਸੁੱਕੇ ਜੰਗਲ ਦੇ ਨਾਲ ਲੱਗਦਾ ਵਰਖਾ-ਛਾਂ ਖੇਤਰ, ਸ੍ਰੀਵਿਲੀਪੁੱਤਰ ਜੀਵ ਜੰਤੂ ਘਰ ਅਤੇ ਤਿਰੁਨੇਲਵਲੀ ਜੰਗਲ ਡਿਵੀਜ਼ਨ ਦੇ ਆਸਿਖਿਕ ਜੰਗਲ।

**3. ਅੰਨਾਮਲਈ ਸਬ-ਕਲਸਟਰ (ਸੱਤ ਸਾਇਟ ਤੱਤਾਂ ਨਾਲ)** ਚਿਨਾਰ ਜੰਗਲੀ ਜੀਵ ਜੰਤੂਘਰ, ਇਰਾਵੀਕੁਲਮ ਰਾਸ਼ਟਰੀ ਪਾਰਕ 90 ਵਰਗ ਕਿਮੀ. ਇੰਦਰਾ ਗਾਂਧੀ ਰਾਸ਼ਟਰੀ ਪਾਰਕ, ਗ਼ਰਾਸ ਹਿਲਜ਼ (Grass Hills) ਰਾਸ਼ਟਰੀ ਪਾਰਕ, ਅਤੇ ਕੇਰੀਅਨ ਸ਼ੋਲਾ ਰਾਸ਼ਟਰੀ ਪਾਰਕ ਇੰਦਰਾ ਗਾਂਧੀ ਜੀਵ ਜੰਤੂ ਘਰ (958 ਵਰਗ ਕਿਮੀ.) ਵਿੱਚ ਸਥਿੱਤ ਹਨ। ਅਤੇ ਤਮਿਲਨਾਡੂ ਵਿੱਚ ਪਲਾਨੀ ਹਿਲਜ਼ ਰਾਸ਼ਟਰੀ ਪਾਰਕ (736.87 ਵਰਗ ਕਿਮੀ.) ਅਤੇ ਕੇਰਲ ਵਿੱਚ ਪਰਮਬੀਕੁਲਮ ਜੀਵ ਜੰਤੂ ਘਰ (285 ਵਰਗ ਕਿਮੀ.) (PRO)।

**4. ਨੀਲਗਿਰੀ ਸਭ ਕਲਸਟਰ (ਸੱਤ ਸਾਇਟ ਤੱਤਾਂ ਨਾਲ).** ਕਰੀਮਪੁਜਹ ਰਾਸ਼ਟਰੀ ਪਾਰਕ ਦੇ ਨਾਲ (230 ਵਰਗ ਕਿਮੀ, PRO) ਨੀਲਗਿਰੀ ਜੀਵਮੰਡਲ ਰਿਜ਼ਰਵ, ਸਾਇਲੈਂਟ ਰੈਲੀ ਰਾਸ਼ਟਰੀ ਪਾਰਕ (89.52 ਵਰਗ ਕਿਮੀ) ਅਤੇ ਕੇਰਲ ਵਿੱਚ ਵਾਯਾਨੰਦ ਜੀਵ ਜੰਤੂ ਘਰ (344 ਵਰਗ ਕਿਮੀ), ਬੰਦੀਪੁਰ ਰਾਸ਼ਟਰੀ ਪਾਰਕ (874 ਵਰਗ ਕਿਮੀ), ਮੁਕੁਰਥੀ ਰਾਸ਼ਟਰੀ ਪਾਰਕ (78.46 ਵਰਗ ਕਿਮੀ) ਮਧੂ ਮਲਈ ਨੈਸ਼ਨਲ ਪਾਰਕ 321 ਵਰਗ ਕਿ.ਮੀ. ਹੈ। ਸੰਖਿਆਂ ਮੰਗਲਮ ਜੀਵ ਜੰਤੂ ਘਰ (524.34ਵ.ਕਿ.ਮੀ)।

ਨਵਾਂ ਅਰਮਸਲਾਲਮ ਆਰਖਿਅਤ ਵਨ, ਤਮਿਲਨਾਡੂ। ਇਹ ਸਰ ਕਲਸਟਰ ਇੱਕ ਵੱਡੇ ਜੰਗਲ (6000 Km2) ਨੂੰ ਢੱਕਦਾ ਹੈ ਜੋ ਕਿ ਬਹੁਤ ਸੰਕਟਪਨ ਵਾਲੀਆਂ ਪ੍ਰਜਾਤੀਆਂ ਜਿਵੇਂ ਕਿ ਏਸ਼ੀਅਨ ਹਾਥੀ, ਟਾਈਗਰ (ਤੇਂਦੁਆ) ਅਤੇ ਗੌਰ ਲਈ ਇੱਕ ਬਹੁਤ ਹੀ ਮਹੱਤਵਪੂਰਨ ਸੁਰੱਖਿਅਣ ਖੇਤਰ ਹੈ।

**5. ਤਾਲਾਕਾਵੇਰੀ ਸਬ-ਕਲਸਟਰ (ਛੇ ਸਾਇਟ ਤੱਤਾਂ ਨਾਲ) :** ਬ੍ਰਹਮਗਿਰੀ ਜੀਵ ਜੰਤੂ ਘਰ (181.29 Km2), ਰਾਜੀਵ ਗਾਂਧੀ (ਨਗਰਹੋਨ ਰਾਸ਼ਟਰੀ ਪਾਰਕ) 321 Km2, ਪੁਸ਼ਪਗਿਰੀ ਜੀਵ ਜੰਤੂ ਘਰ 92.65 Km2, ਤਾਲਾਕਾਵੇਰੀ ਜੀਵ ਜੰਤੂ ਘਰ (105.01 Km2) ਕਰਨਾਟਕ ਵਿੱਚ ਅੰਕ ਕੇਰਲ ਵਿੱਚ ਅਰਾਲਮ ਰਾਖਵਾਂ ਜੰਗਲ।

**6. ਕੁਦਰੇਮੁੱਖ ਸਬ-ਕਲਸਟਰ ( ਪੰਜ ਸਾਇਟ ਤੱਤਾਂ ਨਾਲ) :** ਕੁਦਰੇਮੁੱਖ ਰਾਸ਼ਟਰੀ ਪਾਰਕ (600.32 Km2) , ਸੋਮੇਸ਼ਵਰ ਜੀਵ ਜੰਤੂ ਘਰ ਅਤੇ ਸੋਮੇਸ਼ਵਰ ਦੇ ਆਲੇ -ਦੁਆਲੇ ਦੇ ਰਾਖਵੇਂ ਜੰਗਲ, ਕਰਨਾਟਕ ਵਿੱਚ ਅਗੰਬੇ ਅਤੇ ਬਾਲਾਹਲੀ।

**7. ਸਹਾਦਰੀ ਸਬ-ਕਲਸਟਰ ( ਚਾਰ ਸਾਇਟ ਤੱਤਾਂ ਨਾਲ) :** ਅਨਸ਼ੀ ਰਾਸ਼ਟਰੀ ਪਾਰਕ (340 Km2) , ਚੰਡੋਲੀ ਰਾਸ਼ਟਰੀ ਪਾਰਕ (317.67 Km2) , ਕੋਇਨਾ ਜੀਵ ਜੰਤੂ ਘਰ ਅਤੇ ਮਹਾਂਰਾਸ਼ਟਰ ਵਿੱਚ ਰਾਧਾਨਗਰੀ ਜੀਵ ਜੰਤੂ ਘਰ।

ਪੱਛਮੀ ਘਾਟ ਵਿੱਚ, ਹਰ ਕਿਸਮ ਦੇ (ਜਿਵੇਂ ਕਿ ਮਨੋਰੰਜਨ ਤੋਂ ਸਾਹਸੀ ਕਾਰਨਾਮੇ ਤੱਟੀ ਪਹਾੜੀ ਸੈਰ ਸਪਾਟੇ ਲਈ ਭਰਪੂਰ ਸਰੋਤ ਹਨ।

### ਸਮੀਖਿਅੰਕ ਪ੍ਰਸ਼ਨ

1. ਪੱਛਮੀ ਘਾਟਾਂ ਉੱਪਰ ਇੱਕ ਛੋਟਾ ਨੋਟ ਲਿਖੋ।

## 2.5 ਪੂਰਬੀ ਘਾਟ (ਕੋਰੋਮੰਡਲ ਤੱਟ) ਅਤੇ ਸੈਰ ਸਪਾਟਾ

### (ੳ) ਭੂਗੋਲਿਕ ਸਥਿਤੀ

ਪੂਰਬੀ ਘਾਟ ਪੂਰਬੀ ਤੱਟ ਦੇ ਨਾਲ ਨਾਲ ਲਗਾਤਾਰ ਪਰਬਤ ਸ਼੍ਰੇਣੀ ਨਹੀਂ ਹੈ। ਪੱਛਮੀ ਬੰਗਾਲ ਤੋਂ ਸ਼ੁਰੂ ਹੋ ਕੇ, ਪੂਰਬੀ ਘਾਟ ਉੜੀਸਾ, ਆਂਧਰਾ ਪ੍ਰਦੇਸ਼ ਅਤੇ ਤਮਿਲਨਾਡੂ ਵਿਚੋਂ ਦੀ ਲੰਘਦੇ ਹਨ। ਇਹ ਘਾਟ ਨਦੀਆਂ ਦੁਆਰਾ ਕੱਟੇ ਗਏ ਹਨ ਜਿਵੇਂ ਕਿ ਗੋਦਾਵਰੀ, ਮਹਾਂਨਦੀ, ਕ੍ਰਿਸ਼ਨਾ ਅਤੇ ਕਾਵੇਰੀ, ਜੋ ਕਿ ਦੱਖਣ ਭਾਰਤ ਦੀਆਂ ਚਾਰ ਮੁੱਖ ਨਦੀਆਂ ਹਨ।

### (ਅ) ਪੂਰਬੀ ਘਾਟਾਂ ਦੀਆਂ ਵਿਸ਼ੇਸ਼ਤਾਵਾਂ:-

ਪੂਰਬੀ ਘਾਟ ਪੱਛਮੀ ਘਾਟਾਂ ਤੋਂ ਪੁਰਾਣੇ ਹਨ। ਪੂਰਬੀ ਘਾਟਾਂ ਦੀ ਉਚਾਈ ਪੱਛਮੀ ਘਾਟਾਂ ਨਾਲੋਂ ਘੱਟ ਹੈ। ਇਹ $11^0$-30' ਅਤੇ $22^0$ ਉੱਤਰੀ ਅਕਸ਼ਾਂਸ਼ ਅਤੇ $76^0$ -50' ਅਤੇ $86^0$ -30' ਪੂਰਬੀ ਰੇਖਾਂਸ (ਲੰਬਕਾਰ) ਵਿੱਚ ਉੱਤਰ-ਪੂਰਬ ਤੋਂ ਦੱਖਣ ਪੱਛਮ ਵੱਲ ਨੂੰ ਸਥਿੱਤ ਹਨ। ਇਹ ਲਗਪਗ 75,●●● ਵਰਗ ਕਿਮੀ ਦੇ ਖੇਤਰ ਵਿੱਚ ਫੈਲਿਆ ਹੈ। ਤਮਿਲਨਾਡੂ ਸਿਰਮਲਈ ਅਤੇ ਕਾਰਥਾਮਲਈ ਪਹਾੜੀਆ ਪੂਰਬੀ ਘਾਟਾਂ ਦੇ ਦੱਖਣੀ ਸਿਰੇ ਵਿੱਚ ਸਥਿੱਤ ਹਨ। ਕਾਵੇਰੀ ਨਦੀ ਦੇ ਉੱਤਰ ਵਿੱਚ ਉੱਚੀ ਕੋਲੀਮਲਈ, ਪਚਈਮਲਈ, ਸ਼ਿਵਾਰਾਏ, ਕਲਰਾਇਨ ਦੀ ਪਹਾੜੀਆਂ, ਪਲਾਮਲਾਈ ਅਤੇ ਤਮਿਲਨਾਡੂ ਦੇ ਉੱਤਰ ਵਿੱਚ ਮੇਤੁਰ ਦੀ ਪਹਾੜੀਆਂ ।

ਪੂਰਬੀ ਘਾਟਾਂ ਨੂੰ ਕਈ ਨਦੀਆਂ ਦਾ ਜਲਵਿਭਾਜਕ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਘਾਟ ਵਿੱਚ ਜਿਆਦਾ ਵਰਖਾ ਹੁੰਦੀ ਹੈ। ਜਿਆਦਾ ਵਰਖਾ ਦੇ ਕਾਰਨ ਬਨਸਪਤਿਕ ਅਤੇ ਜੈਵਿਕ ਸੰਪਦਾ ਬਹੁਤ ਹੈ। ਭਾਰਤ ਦੇ ਨਦੀ ਮੁਹਾਣੇ (Estuaries of India) ਨਾਲ ਜਾਣਿਆ ਜਾਣ ਵਾਲਾ ਪੂਰਬੀ ਘਾਟ ਸੈਲਾਨੀਆਂ ਲਈ ਪਰਿਆਵਰਣੀਏ ਸੈਰ ਅਤੇ ਭੂਮੀ ਸੈਰਸਪਾਟਾ ਦਾ ਇਕ ਖਾਸ ਤੋਹਫੇ ਦੀ ਤਰ੍ਹਾਂ ਹੈ। ਪੱਛਮੀ ਘਾਟਾਂ ਦੀ ਤਰ੍ਹਾਂ ਪੂਰਬੀ ਘਾਟ ਵੀ ਪਰਿਆਵਰਣ ਵਿੱਚ ਮਹੱਤਤਾ ਰੱਖਦੇ ਹਨ।

**(ੲ) ਪੂਰਬੀ ਘਾਟਾਂ ਦੀ ਬਨਸਪਤੀ ਅਤੇ ਜੈਵਿਕ ਸੰਪਦਾ** - ਵੱਖ-ਵੱਖ ਇਕੋਟੂਰਿਜ਼ਮ ਘਰ ਅਤੇ ਵਾਤਾਵਰਨ ਦੀ ਸਥਿਤੀ ਜੈਵਿਕ ਸੰਪਦਾ ਦਾ ਨਿਵਾਸ ਸਥਾਨ ਹੈ। ਪੂਰਬੀ ਘਾਟ ਸੰਸਾਰ ਭਰ ਦੇ ਵੱਡੀ ਗਿਣਤੀ ਵਿੱਚ ਏਸ਼ੀਆਈ ਹਾਥੀਆਂ ਦਾ ਘਰ ਹੈ। ਹੋਰ ਵੱਡੇ ਜਾਨਵਰ ਜਿਵੇਂ ਕਿ ਨੀਲਗਿਰੀ ਤਾਹਰ, ਤੇਂਦੁਏ, ਗੋਰ, ਸਾਂਬਰ ਅਤੇ ਟਾਈਗਰ ਇੱਕ ਭਰਪੂਰ ਛਵੀ ਪ੍ਰਸਤੂਤ ਕਰਦੇ ਹਨ। ਇਸਤੋਂ ਇਲਾਵਾ ਇਹ ਘਾਟ ਪੰਛੀਆਂ ਦੀਆਂ ਵੱਖ ਵੱਖ ਪ੍ਰਜਾਤੀਆਂ ਲਈ ਮਸ਼ਹੂਰ ਹਨ।

ਇੱਕ ਸੈਲਾਨੀ ਪੂਰਬੀ ਘਾਟਾਂ ਦੇ ਹੋਰ ਜੀਵ ਜੰਤੂ ਘਰਾਂ ਅਤੇ ਰਾਸ਼ਟਰੀ ਪਾਰਕਾਂ ਦੀ ਸੈਰ ਕਰ ਸਕਦੇ ਹਨ ਜਿਵੇਂ ਕਿ ਸਿੰਪਲੀਪਾਲ ਰਾਸ਼ਟਰੀ ਪਾਰਕ, ਬੈਸੀਪਾਲੀ ਜੀਵ ਜੰਤੂ ਘਰ, ਸੱਤ ਕੋਸ਼ੀਆ, ਗੋਰਜ ਸੈਂਚਰੀ ਅਤੇ ਕਾਫੀ ਹੋਰ। ਪੂਰਬੀ ਘਾਟਾਂ ਵਿੱਚ ਭਰਪੂਰ ਬਨਸਪਤੀ ਪ੍ਰਬੰਧ ਹੈ।

ਇਸ ਖੇਤਰ ਵਿੱਚ ਬਹੁਗਿਣਤੀ ਵਿੱਚ ਔਸ਼ਧੀਵਰਧਕ ਪੌਦੇ ਮਿਲਦੇ ਹਨ ਜੋ ਕਿ ਕੁਦਰਤ ਆਧਾਰਿਤ ਔਸ਼ਧੀ ਸੈਰਸਪਾਟੇ ਦੇ ਵਿਕਾਸ ਲਈ ਵਰਦਾਨ ਹਨ।

ਇਸ ਧਰਤੀ ਉੱਤੇ ਕਈ ਕਬੀਲੇ ਰਹਿੰਦੇ ਹਨ ਜਿਵੇਂ ਕਿ ਸਵਾਰਾ, ਜਟਾਪ, ਕੋਂਡਾ, ਦੋਰਾ, ਗਦਾਬਾ, ਖੋਂਡ, ਮੇਨੋ ਦੋਰਾ ਅਤੇ ਮੁੱਖ ਦੋਰਾ। ਇਹਨਾਂ ਸਵਦੇਸ਼ੀ ਲੋਕਾਂ ਦਾ ਆਪਣਾ ਹੀ ਇੱਕ ਵੱਖਰਾ ਸਭਿਆਚਾਰ ਹੈ। ਇਹ ਲੋਕ ਸਦੀਆਂ ਪੁਰਾਣੇ ਰੀਤੀ ਰਿਵਾਜਾ ਨੂੰ ਮੰਨਦੇ ਹਨ। ਇਹ ਅਜੇ ਤੱਕ ਜੰਗਲੀ ਉਪਜ ਅਤੇ ਸ਼ਿਕਾਰ ਉੱਤੇ ਨਿਰਭਰ ਕਰਦੇ ਹਨ। ਇਹਨਾਂ ਕਬੀਲਿਆਂ ਨੂੰ ਖੇਤਰੀ ਜਾਣਕਾਰੀ ਹੈ ਅਤੇ ਇਸਦੀ ਉਪਜ ਅਤੇ ਔਸ਼ਧੀਜਨਕ ਪੌਦਿਆਂ ਦਾ ਇਸਤੇਮਾਲ ਕਰਨਾ ਖ਼ੂਬ ਜਾਣਦੇ ਹਨ। ਇਸ ਕਰਕੇ ਹੀ ਇਸ ਖੇਤਰ ਵਿੱਚ ਕਬੀਲਾ ਅਤੇ ਇਕੋਟੂਰਿਜ਼ਮ ਸੈਰ ਦੇ ਵਿਕਾਸ ਉੱਤੇ ਜੋਰ ਦਿੱਤਾ ਗਿਆ ਹੈ।

ਪੱਛਮੀ ਘਾਟਾਂ ਦੀ ਤਰ੍ਹਾਂ, ਪੂਰਬੀ ਘਾਟਾਂ ਵਿੱਚ ਪਹਾੜੀ ਸੈਰ ਸਪਾਟਾ ਸਰੋਤ ਹਨ। ਚਾਹੇ ਉਹ ਮਨਪ੍ਰਚਾਵਾ ਹੋਵੇ ਜਾਂ ਸਾਹਸੀ ਕੰਮ ਹੋਣ।

**ਸਮੀਖਿਅੰਕ ਪ੍ਰਸ਼ਨ**

1. ਪੂਰਬੀ ਘਾਟਾਂ ਦੀਆਂ ਵਿਸ਼ੇਸ਼ਤਾਂਵਾਂ ਉੱਤੇ ਨੋਟ ਲਿਖੋ।

## 2.6 ਭਾਰਤ ਦੇ ਦੱਸ ਮਨਮੋਹਕ ਪਹਾੜ ਅਤੇ ਵਾਦੀਆਂ

### (ੳ) ਉੱਚਾ ਔਲੀ:-

ਰਾਜ : ਉੱਤਰਾਖੰਡ/ਖੇਤਰ - ਗੜਵਾਲ ਹਿਮਾਲਿਆ

ਇਹ ਮਸ਼ਹੂਰ ਸਕੀਇੰਗ ਦਾ ਰਿਸੋਰਟ ਦਿੱਲੀ ਤੋਂ ਲਗਪਗ 492 ਕਿਮੀ. ਦੀ ਦੂਰੀ ਤੇ ਹੈ, ਜੋਕਿ ਸਮੁੰਦਰੀ ਜਲ ਤੋਂ ਤਕਰੀਬਨ 3 ਕਿਮੀ. ਉੱਚਾ ਹੈ। ਬਰਫ ਨਾਲ ਢੱਕੀਆਂ ਢਲਾਨਾਂ ਤੇ ਜਾਣ ਲਈ, ਤੁਹਾਨੂੰ 4 ਕਿਮੀ. ਸਫਰ ਉਡਣਖਟੋਲੇ ਨਾਲ ਕਰਨਾ ਪੈਂਦਾ ਹੈ ਜੋ ਕਿ ਏਸ਼ੀਆ ਵਿੱਚ ਸਭ ਤੋਂ ਲੰਬਾ ਹੈ। ਸਕੀਇੰਗ ਤੋ ਇਲਾਵਾ, ਔਲੀ ਹੋਰ ਆਕਰਸ਼ਨ ਨੂੰ ਵੀ ਜਨਮ ਦਿੰਦਾ ਹੈ ਜਿਵੇਂ ਕਿ ਸੰਸਾਰ ਦੀ ਮਾਨਵ ਨਿਰਮਿਤ ਸਭ ਤੋਂ ਉੱਚੀ ਝੀਲ ਅਤੇ ਹਿਮਾਲਿਆ ਦੀਆਂ ਚੋਟੀਆਂ ਦਾ 18● ਡਿਗਰੀ ਦਾ ਦ੍ਰਿਸ਼।

### (ਅ) ਮੁਕਸਿਆਹੀ

ਰਾਜ : ਉੱਤਰਾਖੰਡ/ਖੇਤਰ - ਕੁਮਾਊ ਹਿਮਾਲਿਆ

ਮੁਨਸਿਆਰੀ ਹਿਮਾਲਾ ਉੱਤੇ ਸਾਹ ਸੁਕਾਉਣ ਵਾਲੇ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਪੈਦਲ ਚੱਲਣ ਲਈ ਲੰਬੇ ਰਸਤੇ, ਉੱਚੇ ਗਲੇਸ਼ੀਅਰਾਂ ਦੀ ਚੜ੍ਹਾਈ ਅਤੇ ਰੱਬ ਦੇ ਆਪਣੇ ਕੁਦਰਤੀ ਥਿਏਟਰ ਵਿੱਚ ਉਹ ਹਵਾ ਦੀ ਆਵਾਜ਼।

ਦਿੱਲੀ ਤੋਂ ਲਗਪਗ 588 ਕਿਮੀ. ਦੂਰੀ ਤੇ ਸਥਿੱਤ ਹੈ, ਮੁਨਸਿਆਹੀ ਦਾ ਮਤਲਬ "ਬਰਫ਼ ਵਾਲੀ ਥਾਂ" ਹੈ, ਜੋ ਕਿ 2,2●● ਮੀਟਰ ਹੈ। ਇੱਥੇ ਤੁਹਾਨੂੰ ਸਭ ਤੋਂ ਸੁੰਦਰ ਬਰਫ਼ ਵਾਲ਼ੇ ਭੂਦ੍ਰਿਸ਼ ਵੇਖਣ ਨੂੰ ਮਿਲਦੇ ਹਨ, ਜਿੱਥੇ ਦੀ ਸੜਕ ਬਹੁਤ ਹੀ ਸੁੰਦਰ ਲੁਭਾਉਣ ਵਾਲੇ ਨਜ਼ਾਰਿਆਂ ਨਾਲ ਭਰੀ ਹੋਈ ਹੈ।

### (ੲ) ਸਾਂਗਲਾ

ਰਾਜ ਹਿਮਾਚਲ ਪ੍ਰਦੇਸ਼

ਇਸ ਨੂੰ ਭਾਰਤ ਦੀ ਬਹੁਤ ਸੁੰਦਰ ਹਿਮਾਲਿਆ ਦੀਆਂ ਵਾਦੀਆਂ ਮੰਨਿਆਂ ਜਾਂਦਾ ਹੈ। ਵਿਸਮਕ ਦ੍ਰਿਸ਼ ਨਾਲ ਘਿਰਿਆ ਹੋਇਆ, ਸਾਂਗਲਾ ਇਤਿਹਾਸਿਕ ਮਹੱਤਵ ਵਾਲੇ ਹਿੰਦੁਸਤਾਨ-ਤਿੱਬਤ ਰਾਸ਼ਟਰੀਮਾਰਗ ਉੱਤੇ ਸਥਿੱਤ ਹੈ। ਇੱਕ ਵਧੀਆ ਅਨੁਭਵ, ਹੈ ਜਿਸਨੂੰ ਭਾਰਤ ਦਾ ਸਵਿਸ ਪੇਂਡੂ ਖੇਤਰ ਕਿਹਾ ਜਾ ਸਕਦਾ ਹੈ।

ਸੈਲਾਨੀ ਆਪਣੀ ਦਿਨ ਬਸਪਾ ਨਦੀ ਦੇ ਕਿਨਾਰੇ ਤੇ ਟਹਿਲ ਕੇ ਕਿਨਰ ਕੈਲਾਸ਼ ਦੀ ਸੈਰ ਕਰਕੇ ਰੋਕੈਗ ਪੀਉਕੇ ਮੱਠਾਂ ਤੇ ਜਾ ਸਕਦੇ ਹਨ।

### (ਸ) ਗੈਂਗਟੌਕ

ਰਾਜ : ਸਿੱਕਿਮ

ਗੈਂਗਟੌਕ, ਸਿੱਕਿਮ ਦੀ ਰਾਜਧਾਨੀ, ਸੈਲਾਨੀਆਂ , ਪੈਦਲ ਯਾਤਰਾ ਕਰਨ ਵਾਲਿਆਂ ਅਤੇ ਪਰਬਤਾਰੋਹਨ ਲਈ ਇੱਕ ਸਵਰਗ ਹੈ। ਇਹ ਇੱਕ ਬਹੁਤ ਹੀ ਵਧੀਆਂ ਜਗ੍ਹਾ ਹੈ। ਇੱਕ ਦਿਨ ਵਿੱਚ ਗੈਂਗਟੌਕ ਵਿੱਚ ਬਹੁਤ ਕੁਝ ਵੇਖਣ ਨੂੰ ਹੈ, ਜਿਵੇਂ ਕਿ ਸੋਮਗੋ (Tsomgo) ਜਾਂ ਚੰਗੂ (change lake) ਝੀਲ, ਮਸ਼ਹੂਰ ਨਾਥੂ-ਲਾ ਦਰਾ ਜੋ ਭਾਰਤ ਨੂੰ ਚਾਈਨਾ ਤਿੱਬਤ ਦੇ ਨਿੱਜੀ ਖੇਤਰ ਨਾਲ਼ ਜੋੜਦਾ ਹੈ, ਨਾਲ਼-ਨਾਲ਼ ਇਹ ਯਮਥਾਂਗ ਦੀ ਵਾਦੀ ਨਾਲ ਜੋੜਦਾ ਹੈ। ਇੱਥੇ ਕਈ ਗੰਗਟੋਕ ਤੋਂ ਸ਼ੁਰੂ ਹੋਣ ਵਾਲੇ ਪੈਦਲ ਯਾਤਰਾ ਦੇ ਰਾਹ ਵੀ ਹਨ। ਜਿੰਨ੍ਹਾਂ ਵਿੱਚ ਹੈ ਮਸ਼ਹੂਰ ਮਾਉਂਟ ਕੰਚਨਜੰਗਾ (ਸੰਸਾਰ ਦੀ ਤੀਸਰੀ ਉੱਚੀ ਚੋਟੀ)

### (ਹ) ਤਵਾਂਗ (Tawang)

ਰਾਜ : ਅਰੁਨਾਚਲ ਪ੍ਰਦੇਸ਼

ਭਾਰਤ ਅਤੇ ਭੂਟਾਨ ਦੇ ਸੀਮਾਂਤ ਵਿੱਚ ਸਥਿੱਤ, ਤਵਾਂਗ ਇੱਕ ਹੋਰ-ਪੂਰਬੀ ਹਿਮਾਲਾ ਦਾ ਮਨਮੋਹਕ ਪਹਾੜੀ ਸਟੇਸ਼ਨ ਹੈ। ਇਸ ਛੋਟੇ ਜਿਹੇ ਪਹਾੜੀ ਸਟੇਸ਼ਨ ਦੇ ਦਿਲ ਉੱਤੇ ਸਥਿਤ ਹੈ ਤਵਾਂਗ ਗੋਮਪਾ, ਇੱਕ ਬੋਧੀਆ ਦਾ ਮੱਠ ਜੋ ਵੱਧੋਂ ਵੱਧ 40% ਭਿਖਸ਼ੂਆਂ ਦਾ ਘਰ ਹੈ। ਇਸਦੇ ਨਜ਼ਦੀਕ ਹੀ ਹੈ ਸੁੰਦਰ ਸੇਲਾ ਝੀਲ, ਸ਼ਾਂਤ ਅਤੇ ਬਿਨਾ ਕਿਸੀ ਸ਼ੋਰ ਸ਼ਰਾਬੇ ਦੇ, ਜਦੋਂ ਕਿ ਸੈਰ ਕਰਨ ਵਾਲੇ ਸੇਲਾ ਦੇ ਦਰੇ ਉੱਤੇ ਜਾਣਾ ਮਨੋਰੰਜਕ ਅਨੁਭਵ ਕਰਦੇ ਹਨ।

### (ਕ) ਇਗਾਤਪੁਰੀ

ਰਾਜ: ਮਹਾਂਰਾਸ਼ਟਰ

ਇਗਾਤਪੁਰੀ ਮੁੰਬਈ ਤੋਂ ਥੋੜ੍ਹੀ ਦੂਰੀ ਦੇ (ਲੱਗਪਗ 138 ਕਿਲੋਮੀਟਰ) ਪੱਛਮੀ ਘਾਟ ਉੱਤੇ ਸਥਿਤ ਇੱਕ ਛੋਟਾ ਸ਼ਾਂਤ ਕਸਬਾ ਹੈ। ਵਰਖਾ ਰੁੱਤ ਵਿੱਚ, ਇਹ ਭੂ-ਦ੍ਰਿਸ਼ ਵੱਖ-ਵੱਖ ਰੰਗਾਂ ਦੇ ਉਤਸਵ ਵਿੱਚ ਬਦਲ ਜਾਂਦਾ ਹੈ ਅਤੇ ਝਰਨੇ ਵਾਦੀ ਦੇ ਹਰ ਕੋਨੇ ਵਿੱਚ ਨਿਕਲਦੇ ਹਨ। ਇਹ ਵਿਪਾਸਨਾ ਕੇਂਦਰ ਦਾ ਘਰ ਵੀ ਹੈ, ਜਿੱਥੇ ਵਿਸ਼ਵਾਸ ਰੱਖਣ ਵਾਲੇ ਧਿਆਨ ਕੇਂਦਰਿਤ ਕਰਨ ਲਈ ਇੱਕਠੇ ਹੁੰਦੇ ਤੇ ਆਪਣੀ ਅਧਿਆਤਮਕਤਾ ਨੂੰ ਜਾਗਰੂਕ ਕਰਦੇ ਹਨ। ਤਰਿੰਗਲਵਾੜੀ ਕਿਲ੍ਹਾ ਇੱਕ ਮਸ਼ਹੂਰ ਖੂਬਸੂਰਤ ਸਥਾਨ ਹੈ, ਜਿੱਥੇ ਪੂਰੀ ਵਾਦੀ ਦਾ ਵੱਡਾ ਦ੍ਰਿਸ਼ ਅਤੇ ਤੇਲੇਗਾਉ ਝੀਲ ਵੇਖਣ ਨੂੰ ਮਿਲਦੇ ਹਨ।

### (ਖ) ਅਰਾਕੂਵਾਦੀ

ਰਾਜ: ਆਂਧਰਾਪ੍ਰਦੇਸ਼

ਦੱਖਣੀ ਭਾਰਤ ਦੇ ਠੰਢੀ ਗਰਮ ਦੀ ਰੁੱਤ ਲਈ, ਸਿੱਧਾ ਅਰਾਕੂ ਦੀ ਵਾਦੀ ਜਾਓ। ਰੋਲਿੰਗ ਹਿਲਜ਼ ਅਤੇ ਅਰਾਕੂ ਦੀ ਵਾਦੀ ਦੇ ਝਰਨਿਆਂ ਤੇ ਪਹੁੰਚਣ ਤੋਂ ਪਹਿਲਾਂ ਵੱਖ-ਵੱਖ ਸੁਰੰਗਾਂ ਵਿਚੋਂ ਦੀ ਗੁਜਰਦੀ ਰੇਲਗੱਡੀ ਦੇ ਸਫਰ ਦਾ ਆਨੰਦ ਮਾਣੋ। ਅਰਾਕੂ ਦੀ ਵਾਦੀ ਤੋਂ 35 ਕਿਮੀ ਦੀ ਦੂਰੀ ਤੇ ਸਥਿੱਤ ਹਨ: ਬੋਰਾ ਗੁਫਾਵਾਂ, ਜੋ ਕਿ ਅਰਬਾ ਸਾਲ ਪੁਰਾਣੀ ਹੈ ਅਤੇ ਛੱਤ ਤੋਂ ਅਤੇ ਫਰਸ਼ ਤੋਂ ਉਭਰਦੀਆਂ ਚਾਰੇ ਇੱਕ ਵੱਖਰੇ ਜਮਾਨੇ ਦੀ ਕਹਾਣੀ ਬਿਆਨ ਕਰਦੀਆਂ ਹਨ।

### (ਗ) ਨਗਰਹੋਲ ਰਾਸ਼ਟਰੀ ਪਾਰਕ ਇਰਪੂ-ਝਰਨੇ

ਰਾਜ: ਕਰਨਾਟਕ

ਇਹ 640 ਵਰਗ ਕਿਮੀ ਵਿੱਚ ਫੈਲੇ ਪੁਰਾਣੇ ਜੰਗਲ , ਨਦੀਆਂ ਅਤੇ ਝਰਨੇ ਨਾਲ ਨਗਰਹੋਲ ਰਾਸ਼ਟਰੀ ਪਾਰਕ ਰਹੱਸਮਈ ਇਰਪੂ ਝਰਨੇ ਜਿਨ੍ਹਾਂ ਨੂੰ ਲਕਸ਼ਮਨਾ ਤਿਰਥਾ ਝਰਨੇ ਵੀ ਕਿਹਾ ਜਾਂਦਾ ਹੈ ਦਾ ਘਰ ਹੈ। ਇਹ ਝਰਨੇ 170 ਫੁੱਟ ਦੀ ਉੱਚਾਈ ਤੋਂ ਡਿੱਗਦੇ ਹਨ। ਇਹ ਬਨਸਪਤਿਕ ਅਤੇ ਜੈਵਿਕ ਸੰਪਦਾ ਦਾ ਸਵਰਗ ਹੈ ਇੱਥੇ ਪੰਛੀ, ਜੰਗਲੀ ਹਾਥੀ, ਤੇਂਦੂਏ, ਸਪੋਟਿਡ ਹਿਰਨ ਅਤੇ ਗੌਰ ਵੇਖੇ ਜਾ ਸਕਦੇ ਹਨ। ਪੰਛੀਆਂ ਨੂੰ ਵੇਖਣ ਲਈ ਇਹ ਇੱਕ ਬਹੁਤ ਵਧੀਆ ਥਾਂ ਹੈ।

### (ਘ) ਲਾਕੀੜੀ

ਰਾਜ: ਕੇਰਲ

ਜਦੋਂ ਤੁਸੀਂ ਰੱਬ ਦੇ ਦੇਸ਼ ਜਾਓ ਤਾਂ ਤੁਸੀਂ ਕੀ ਆਸ ਰੱਖੋਗੇ? ਸੁਭਾਵਿਕ ਹੈ, ਇੱਕ ਮਨਮੋਹਕ ਕੁਦਰਤੀ ਨਜ਼ਾਰਾ, ਜੋ ਕਿ ਕੇਰਲ ਵਿੱਚ ਮਿਲਦਾ ਹੈ। ਲਾਕੀੜੀ, ਜਿਸਨੂੰ ਟਾਰਜਨ ਖੇਤਰ ਵੀ ਕਿਹਾ ਜਾਂਦਾ ਹੈ, ਕੇਰਲ ਦੇ ਵਾਯਾਨਦ ਖੇਤਰ ਦਾ ਸਭ ਤੋਂ ਉੱਚਾ ਸਥਾਨ ਹੈ। ਇਸਦੇ ਜੰਗਲ ਦਾ ਖੇਤਰ ਇਹਨਾਂ ਸੰਘਣਾ ਹੈ ਕਿ ਤੁਸੀਂ ਮੁਸ਼ਕਿਲ ਨਾਲ ਹੀ ਆਸਮਾਨ ਵੇਖ ਸਕਦੇ ਹੋ, ਤੇ ਨਿਰਜਨ ਪ੍ਰਦੇਸ਼ ਵਿੱਚ ਚਲ ਸਕਦੇ ਹੋ।

ਇੱਥੇ ਤੁਸੀਂ ਪੇੜ੍ਹ ਉੱਪਰ ਰਹਿਣ ਅਤੇ ਇੱਕ ਦਰੱਖਤ ਤੋਂ ਦੂਸਰੇ ਉੱਤੇ ਜਾਣ ਲਈ ਜਮੀਨ ਤੋਂ 100 ਫੁੱਟ ਉੱਪਰ ਚੱਲਣ ਦਾ ਅਨੁਭਵ ਕਰ ਸਕਦੇ ਹੋ।

(ਙ) ਬੇਲੀਕਾਨ:-

ਰਾਜ: ਤਮਿਲਨਾਡੂ

ਬੇਲੀਕਾਨ ਨੀਲਗਿਰੀ ਪਹਾੜਾਂ ਤੇ ਉੱਪਰ ਸਥਿੱਤ ਇੱਕ ਖੂਬਸੂਰਤ ਪਿੰਡ ਹੈ, ਜਿਸਦੇ ਇੱਕ ਸਿਰੇ ਤੇ ਮੁਦੁਮਲਈ ਜੰਗਲ ਅਤੇ ਦੂਸਰੇ ਸਿਰੇ ਤੇ ਸਿਗੁਰ ਪਠਾਰ ਹੈ। ਇਹ ਇੱਕ ਸ਼ਾਂਤਮਈ ਸਥਾਨ ਹੈ, ਜੋ ਕਿ ਸਮੁੰਦਰੀ ਤਲ ਤੋਂ 55●● ਫੁੱਟ ਉੱਚਾ ਹੈ। ਇੱਕ ਪੈਦਲ ਯਾਤਰੀ ਲਈ ਸਵਰਗ ਹੈ, ਇੱਥੇ ਕਈ ਪੈਰਾਂ ਦੇ ਨਿਸ਼ਾਨ ਵੱਖ-ਵੱਖ ਆਕਰਸ਼ਕ ਥਾਂਵਾਂ ਵੱਲ ਲਿਜਾਂਦੇ ਹਨ। ਜਿਵੇਂ ਕਿ ਕਲਗਟੀ ਝਰਨੇ, ਦੇ ਨਾਲ-ਨਾਲ ਬੀਸੋਨ ਵਾਦੀ, ਜਿੱਥੇ ਤੁਸੀਂ ਛੁੱਪਕੇ ਅਦਭੁੱਤ ਜਾਨਵਰ ਵੇਖ ਸਕਦੇ ਹੋ। ਸਭ ਤੋਂ ਵੱਡੀ ਆਕਰਸ਼ਕ ਚੀਜ਼ ਇੱਥੇ ਦੀ ਕੁਰੀਨਜੀ ਝਾੜੀਆਂ ਹਨ ਜੋ ਪੂਰੇ 12 ਸਾਲ ਵਿੱਚ ਸਿਰਫ਼ ਇੱਕ ਵਾਰੀ ਫੁੱਲ ਖਿਲਾਉਂਦੀਆਂ ਹਨ।

**ਸਮੀਖਿਅਕ ਪ੍ਰਸ਼ਨ**

1 ਹੇਠਾਂ ਦਿੱਤਿਆਂ ਦਾ ਮਿਲਾਨ ਕਰੋ:

| ਕੱਾਲਮ A | ਕੱਾਲਮ B |
|---|---|
| ਬੇਲੀਕਾਨ | ਕਰਨਾਟਕ |
| ਨਗਰਹੋਲ ਰਾਸ਼ਟਰੀ ਪਾਰਕ:ਇਰਪੂ ਝਰਨੇ | ਅਰੁਨਾਚਲ ਪ੍ਰਦੇਸ਼ |
| ਤਵਾਂਗ | ਮਹਾਂਰਾਸ਼ਟਰ |
| ਇਗਾਤਪੁਰੀ | ਤਮਿਲਨਾਡੂ |

## 2.7 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

1. ਘਾਟ

ਘਾਟ ਦਾ ਮਤਲਬ ਨਦੀ ਵੱਲ ਜਾਂਦਾ ਰਸਤਾ ਜਾਂ ਪੌੜੀਆਂ ਤੋਂ ਹੈ, ਇੱਕ ਪਹਾੜੀ ਰਸਤਾ ਜਾਂ ਇਹ ਭਾਰਤ ਦੇ ਪੱਛਮੀ ਜਾਂ ਪੂਰਬੀ ਘਾਟਾਂ ਵੱਲ ਇਸ਼ਾਰਾ ਕਰਦਾ ਹੈ।

2. ਪਹਾੜੀ ਰਸਤਾ (ਦੱਰਾ)

ਦੱਰਾ ਇੱਕ ਪਰਬਤ ਸ਼੍ਰੇਣੀ ਜਾਂ ਪਹਾੜੀ ਉੱਪਰ ਬਣਿਆ ਰਸਤਾ ਹੈ। ਜੇਕਰ ਸਭ ਤੋਂ ਛੋਟੇ ਰਸਤੇ ਨੂੰ ਅਪਣਾਈਏ ਤਾਂ ਦੱਰਾ ਉਸ ਰਸਤੇ ਦਾ ਸਭ ਤੋਂ ਉੱਚਾ ਸਥਾਨ ਹੈ। ਜਦਕਿ ਸੰਸਾਰ ਦੀਆਂ ਪਰਬਤ ਸ਼੍ਰੇਣੀਆਂ ਰਸਤੇ ਦੀਆਂ ਰੁਕਾਵਟਾਂ ਹੁੰਦੀਆਂ ਹਨ। ਦੱਰੇ ਭੁਤਪੂਰਵ ਇਤਿਹਾਸ ਤੋਂ ਪਹਿਲਾਂ ਤੋਂ ਹੀ ਮਹੱਤਵਪੂਰਨ ਹਨ।

3. ਵਾਦੀ

ਇੱਕ ਵੱਡਾ ਮੈਦਾਨੀ ਖੇਤਰ ਜੋ ਉੱਚੀਆਂ ਪਹਾੜੀਆਂ ਨਾਲ ਘਿਰਿਆ ਹੁੰਦਾ ਹੈ।

4. ਪਰਬਤ ਸ਼੍ਰੇਣੀ

ਪਰਬਤ ਸ਼੍ਰੇਣੀ ਇੱਕ ਭੂਗੋਲਿਕ ਖੇਤਰ ਹੈ ਜਿਸ ਵਿੱਚ ਬਹੁਗਿਣਤੀ ਵਿੱਚ ਭੂਗੋਲਿਕ ਸਬੰਧਤ ਪਹਾੜ ਹੁੰਦੇ ਹਨ। ਇੱਕ ਪਹਾੜੀ ਪ੍ਰਬੰਧ ਜਾਂ ਪਹਾੜੀ ਸ਼੍ਰੇਣੀ ਪ੍ਰਬੰਧ ਨੂੰ ਕਈ ਵਾਰੀ ਕਈ ਭੂਗੋਲਿਕ ਵਿਸ਼ੇਸ਼ਤਾਵਾਂ ਨਾਲ ਵੀ ਜੋੜਿਆਂ ਜਾਂਦਾ ਹੈ ਜੋ ਆਪਸ ਵਿੱਚ ਭੂਗੋਲਿਕ ਤੌਰ ਤੇ ਜੁੜੇ ਹੁੰਦੇ ਹਨ।

# ਸਮੀਖਿਅਕ ਪ੍ਰਸ਼ਨ

### ਖਾਲੀ ਥਾਂਵਾਂ ਭਰੋ:

1. ਹਿਮਾਲਾ ਪਰਬਤ ਲਈ ਵਰਤਿਆ ਜਾਂਦਾ ਸੰਸਕ੍ਰਿਤ ਸ਼ਬਦ ........... ਹੈ।
2. ........... ਸੰਸਾਰ ਦੀ ਤੀਜੀ 8,590 ਮੀ. ਉੱਚੀ ਚੋਟੀ ਹੈ।
3. .......... ਸ਼੍ਰੇਣੀ ਦੀ ਪੂਰਾ ਮਤਲਬ 'ਚੋਟੀਆਂ ਦੀ ਰੇਖਾ' ਹੈ।
4. ਸਾਂਗਲਾ ਨੂੰ ਅਕਸਰ ਭਾਰਤ ਦੇ .......... ਵਜੋਂ ਜਾਣਿਆ ਜਾਂਦਾ ਹੈ।
5. .......... ਇੱਕ ਵੱਡਾ ਮੈਦਾਨੀ ਖੇਤਰ ਹੈ ਜੋ ਉੱਚੀਆਂ ਚਟਾਨਾਂ ਨਾਲ ਘਿਰਿਆ ਹੋਇਆ ਹੈ।
6. .......... ਘਾਟ ਤੋਂ ਗੋਦਾਵਰੀ, ਮਹਾਨਦੀ, ਕ੍ਰਿਸ਼ਨਾ ਅਤੇ ਕਾਵੇਰੀ ਵਰਗੀ ਨਦੀਆਂ ਨਿਕਲਦੀਆਂ ਹਨ।
7. ਪੂਰਬੀ ਘਾਟਾਂ ਨੂੰ ਅਕਸਰ ਭਾਰਤ ਦੇ ......... ਵਜੋਂ ਜਾਣਿਆ ਜਾਂਦਾ ਹੈ।
8. ਨੀਲਗਿਰੀ ............. ਉੱਤੇ ਸਥਿਤ ਹਨ।
9. ............ ਦਾ ਮਤਲਬ ਨਦੀ ਨੂੰ ਜਾਂਦੇ ਰਾਹ ਜਾਂ ਪੌੜੀਆਂ ਤੋਂ ਹੈ।
10. ਕਾਰਡੇਮੋਮ ਪਹਾੜੀਆਂ ਭਾਰਤ ਦੇ ........... ਪਾਸੇ ਹਨ।

### ਛੋਟੇ ਉੱਤਰਾਂ ਵਾਲੇ ਪ੍ਰਸ਼ਨ:-

1. ਭਾਰਤ ਦੀਆਂ ਸੱਤ ਭੈਣਾਂ ਦੇ ਨਾਮ ਦੱਸੋ।
2. ਅਰਾਵਲੀ ਦਾ ਸਥਾਨ ਅਤੇ ਵਿਸਥਾਰ ਕਿੱਥੇ-ਕਿੱਥੇ ਤੱਕ ਹੈ?
3. ਉੱਤਰੀ ਭਾਰਤ ਦੇ ਪਹਾੜੀ ਸਟੇਸ਼ਨਾਂ ਦੇ ਨਾਮ ਦੱਸੋ।
4. ਦੱਖਣੀ ਭਾਰਤ ਦੇ ਮਹੱਤਵਪੂਰਨ ਪਹਾੜੀ ਸਟੇਸ਼ਨਾਂ ਦੇ ਨਾਮ ਦੱਸੋ।
5. ਉਹਨਾਂ ਕਬੀਲਿਆਂ ਦੇ ਨਾਮ ਦੱਸੋ ਜੋ ਪੂਰਬੀ ਘਾਟਾਂ ਵਿੱਚ ਰਹਿੰਦੇ ਹਨ।

### ਵੱਡੇ ਉੱਤਰਾਂ ਵਾਲੇ ਪ੍ਰਸ਼ਨ:-

1. ਪਹਾੜ ਅਤੇ ਵਾਦੀ ਸੈਰਸਪਾਟਾ ਸਰੋਤਾਂ ਦੀਆਂ ਮੁੱਖ ਵਿਸ਼ੇਸ਼ਤਾਵਾ ਕਿਹੜੀਆਂ-ਕਿਹੜੀਆਂ ਹਨ? ਜੋ ਸੰਸਾਰ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਦੀਆਂ ਹਨ।
2. ਕਿਹੜੇ-ਕਿਹੜੇ ਰਾਜਾਂ ਵਿੱਚ ਹਿਮਾਲਾ ਪਰਬਤ ਸਥਿੱਤ ਹੈ? ਵਿਸਥਾਰ ਵਿੱਚ ਦੱਸੋ।
3. ਪੱਛਮੀ ਘਾਟ ਪਹਾੜੀਆਂ ਅਤੇ ਇਸਦੇ ਸ਼ਾਨਦਾਰ ਸਬੰਧ ਨੂੰ ਸੈਰਸਪਾਟਾ ਉਦਯੋਗ ਨਾਲ ਜੋੜੋ।
4. ਪੂਰਬੀ ਘਾਟਾਂ ਦੇ ਕਿਹੜੇ ਮੁੱਖ ਸਰੋਤ ਸੈਰ ਸਪਾਟੇ ਨੂੰ ਉਤਸਾਹਿਤ ਕਰਦੇ ਹਨ? ਪੂਰਬੀ ਘਾਟਾਂ ਦੇ ਜੀਵ-ਜੰਤੂ ਘਰਾਂ ਨੂੰ ਭਾਰਤ ਦੇ ਨਕਸ਼ੇ ਉੱਤੇ ਦਰਸਾਓ।
5. "ਪਹਾੜ ਭਾਰਤ ਦੇ ਸਦੀਵੀਂ ਗੌਰਵ ਹਨ"। ਭਾਰਤ ਦੇ ਕੋਈ ਦਸ ਆਕਰਸ਼ਕ ਪਹਾੜਾਂ ਅਤੇ ਵਾਦੀਆਂ ਬਾਰੇ ਚਰਚਾ ਕਰੋ।

## 2.8 ਪ੍ਰਯੋਗੀ ਗਤੀਵਿਧੀਆਂ

1) ਭਾਰਤੀ ਨਕਸ਼ੇ ਉੱਤੇ, ਕੋਈ ਚਾਰ ਨਦੀਆਂ ਅਤੇ ਪਰਬਤ ਸ਼੍ਰੇਣੀਆ ਨੂੰ ਦਰਸਾਓ।
2) ਇੱਕ ਨਜ਼ਦੀਕ ਦੇ ਹੋਟਲ ਵਿੱਚ ਜਾਓ ਅਤੇ ਹੋਟਲ ਦੁਆਰਾ ਖੇਤਰ ਵਿੱਚ ਸੈਰਸਪਾਟੇ ਨੂੰ ਉਤਸਾਹਿਤ ਲਈ ਕੀਤੀ ਗਈਆਂ ਗਤੀਵਿਧੀਆਂ ਉੱਤੇ ਇੱਕ ਰਿਪੋਰਟ ਬਣਾਓ।

# ਯੂਨਿਟ-3

# ਸੈਰ ਸਪਾਟਾ, ਭੌਤਿਕ ਸਰੋਤ - ਪਹਾੜੀ ਸਟੇਸ਼ਨ, ਰੇਤ ਦੇ ਟੀਲੇ, ਪਠਾਰ, ਮਾਰੂਥਲ, ਸੇਮ ਵਾਲੀ ਧਰਤੀ ਅਤੇ ਮੈਦਾਨ

**ਵਿਸ਼ਾ ਸੂਚੀ**


3.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

- ਸੰਖੇਪ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸਮੱਗਰੀ
- ਪੜ੍ਹਨ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

3.1 ਜਾਣ-ਪਛਾਣ

3.2 ਭਾਰਤ ਦੇ ਪਹਾੜੀ ਸਟੇਸ਼ਨ ਅਤੇ ਰੇਤ ਦੇ ਟੀਲੇ

3.3 ਉੱਤਰੀ-ਪੂਰਬੀ ਰਾਜਾਂ ਦੇ ਪਹਾੜੀ ਸਟੇਸ਼ਨ (ਮਨੀਪੁਰ, ਮੇਘਾਲਿਆ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ)

3.4 ਪਠਾਰ ਅਤੇ ਸੈਰ ਸਪਾਟਾ

3.5 ਮੈਦਾਨ ਅਤੇ ਸੈਰ ਸਪਾਟਾ

3.6 ਸੇਮ ਵਾਲੀ ਧਰਤੀ, ਰਾਮਸਾਰ ਸਾਈਟ ਅਤੇ ਸੈਰ ਸਪਾਟਾ

3.7 ਯੁਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

3.8 ਪ੍ਰਯੋਗੀ ਗਤੀਵਿਧੀਆਂ


## 3.0 ਯੁਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

### ਸੰਖੇਪ ਜਾਣਕਾਰੀ

ਇਹ ਅਧਿਆਇ ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲਾਂ, ਮੈਦਾਨਾਂ ਅਤੇ ਸੈਰ ਸਪਾਟਾ ਸਰੋਤਾਂ ਦੇ ਮੂਲ ਤੱਤਾਂ ਨਾਲ ਸਬੰਧ ਰੱਖਦਾ ਹੈ।

### ਇਹ ਯੁਨਿਟ ਹੇਠਾਂ ਦਿੱਤੀ ਹੁਨਰਤਾ ਅਤੇ ਜਾਣਕਾਰੀ ਦਿੰਦਾ ਹੈ।

- ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲ, ਸੇਮ ਵਾਲੀ ਧਰਤੀ (ਰਾਮਸਾਰ ਸਾਈਟ ਸਮੇਤ) ਦੇ ਸੈਰਸਪਾਟਾ ਸਰੋਤਾਂ ਵਜੋਂ ਮੂਲ ਤੱਤ
- ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲ, ਸੇਮ ਵਾਲੀ ਧਰਤੀ ਦੀਆਂ ਸੈਰ ਸਪਾਟਾ ਸਰੋਤਾਂ ਵਜੋਂ ਵਿਸ਼ੇਸ਼ਤਾਂਵਾਂ।

– ਪਹਾੜੀ ਸਟੇਸ਼ਨਾਂ, ਰੇਤ ਦੇ ਟੀਲੇ, ਪਠਾਰ, ਮਾਰੂਥਲ, ਸੇਮ ਵਾਲੀ ਧਰਤੀ ਸੈਰ ਸਪਾਟਾ ਸਰੋਤਾਂ ਦੀਆਂ ਕਿਸਮਾਂ।

– ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲ, ਸੇਮ ਵਾਲੀ ਧਰਤੀ ਸੈਰ ਸਪਾਟਾ ਸਰੋਤਾਂ ਦੀ ਧਰਾਤਲੀ ਵੰਡ ਅਤੇ ਨਤੀਜੇ ਵਜੋਂ ਮਿਲਣ ਵਾਲੇ ਸੈਰਸਪਾਟਾ ਉਤਪਾਦ।

**ਸਰੋਤ ਸਮੱਗਰੀ :**


1. Majid Husain – Geography of India, Tata Mcgraw Hill, New Delhi (2013)
2. Manohar Sajnani – Encylcopedia of Tourism Resources in India (In two Vol.), Kalpoz Pub. Delhi, 2001
3. H.Y. Sharada Prasad and Ashok Dilwali-life and Landscapes, under the Incredible India Series, Wisdom Tree Publications, New Delhi, 2007


**ਪੜ੍ਹਣ ਦੇ ਨਤੀਜੇ**

| ਯੂਨਿਟ-3<br>ਸੈਰਸਪਾਟੇ ਦੇ ਭੌਤਿਕ ਸਰੋਤ-ਪਹਾੜੀ ਸਟੇਸ਼ਨ, ਰੇਤ ਦੇ ਟੀਲੇ, ਪਠਾਰ, ਮਾਰੂਥਲ, ਸੇਮ ਵਾਲੀ ਧਰਤੀ ਅਤੇ ਮੈਦਾਨ | ਨਤੀਜੇ<br>ਇਹਨਾਂ ਸਭ ਯੂਨਿਟਾਂ ਨੂੰ ਪੜ੍ਹਣ ਤੋਂ ਬਾਅਦ |
|---|---|
| 3.1 ਜਾਣ-ਪਛਾਣ | ਵਿਦਿਆਰਥੀ ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲ, ਸੇਮ ਵਾਲੀ ਧਰਤੀ, ਭਾਰਤ ਦੇ ਸੈਰਸਪਾਟਾ ਸਰੋਤਾਂ ਬਾਰੇ ਸਮਝਣ ਦੇ ਯੋਗ ਹੋਣਗੇ। |
| 3.2 ਭਾਰਤ ਦੇ ਪਹਾੜੀ ਸਟੇਸ਼ਨ ਅਤੇ ਰੇਤ ਦੇ ਟੀਲੇ | ਵਿਦਿਆਰਥੀ ਭਾਰਤ ਦੇ ਪਹਾੜੀ ਸਟੇਸ਼ਨਾਂ ਅਤੇ ਰੇਤ ਦੇ ਟੀਲਿਆਂ ਦੇ ਮੁੱਖ ਵਿਸ਼ੇਸ਼ਤਾਂਵਾਂ ਅਤੇ ਵੰਡ ਨੂੰ ਸਮਝਣ ਦੇ ਯੋਗ ਹੋਣਗੇ। |
| 3.3 ਉੱਤਰ-ਪੂਰਬੀ ਰਾਜਾਂ ਦੇ ਪਹਾੜੀ ਸਟੇਸ਼ਨ (ਮਨੀਪੁਰ, ਮੇਘਾਲਾ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ | 3.3 ਵਿਦਿਆਰਥੀ ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੇ ਪਹਾੜੀ ਸਟੇਸ਼ਨ (ਮਨੀਪੁਰ, ਮੇਘਾਲਾ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੰਡ ਨੂੰ ਸਮਝਣ ਦੇ ਯੋਗ ਹੋਣਗੇ। |
| 3.4 ਪਠਾਰ ਅਤੇ ਸੈਰਸਪਾਟਾ | ਵਿਦਿਆਰਥੀ ਭਾਰਤ ਦੇ ਪਠਾਰਾਂ ਦੀਆਂ ਮੁੱਖ ਵਿਸ਼ੇਸ਼ਤਾਂਵਾਂ ਅਤੇ ਵੰਡ ਨੂੰ ਸਮਝਣ ਦੇ ਯੋਗ ਹੋਣਗੇ। |
| 3.5 ਮੈਦਾਨ ਅਤੇ ਸੈਰਸਪਾਟਾ | ਵਿਦਿਆਰਥੀ ਭਾਰਤ ਦੇ ਮੈਦਾਨਾ ਅਤੇ ਸੈਰ ਸਪਾਟਾ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |
| 3.6 ਸੇਮ ਵਾਲੀ ਧਰਤੀ, ਰਾਮਸਾਰ ਸਾਈਟ ਅਤੇ ਸੈਰਸਪਾਟਾ | ਵਿਦਿਆਰਥੀ ਭਾਰਤ ਦੇ ਸੇਮ ਵਾਲੀ ਧਰਤੀ ਰਾਮਸਾਰ ਸਾਈਟ ਬਾਰੇ ਜਾਣਨ ਦੇ ਯੋਗ ਹੋਣਗੇ। |

ਮੁਲਾਂਕਣ ਪਲਾਨ (ਅਧਿਆਪਕਾਂ ਲਈ)

| ਯੂਨਿਟ-1 | ਵਿਸ਼ਾ | ਮੁਲਾਂਕਣ ਤਰੀਕਾ | ਸਮਾਂ ਸਾਰਨੀ | ਕਥਨ |
|---|---|---|---|---|
| 3.1 | ਜਾਣ-ਪਛਾਣ | ਪ੍ਰਸ਼ਨ-ਉੱਤਰ | | |
| 3.2 | ਭਾਰਤ ਦੇ ਪਹਾੜੀ ਸਟੇਸ਼ਨ ਅਤੇ ਰੇਤ ਦੇ ਟੀਲੇ | ਪ੍ਰਸ਼ਨ-ਉੱਤਰ | | |
| 3.3 | ਉੱਤਰ ਪੂਰਬੀ ਰਾਜਾਂ ਦੇ ਪਹਾੜੀ ਸਟੇਸ਼ਨ (ਮਨੀਪੁਰ, ਮੇਘਾਲਿਆ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ) | ਪ੍ਰਸ਼ਨ-ਉੱਤਰ | | |
| 3.4 | ਪਠਾਰ ਅਤੇ ਸੈਰਸਪਾਟਾ | ਪ੍ਰਸ਼ਨ-ਉੱਤਰ | | |
| 3.5 | ਮੈਦਾਨ ਅਤੇ ਸੈਰਸਪਾਟਾ | ਪ੍ਰਸ਼ਨ-ਉੱਤਰ | | |
| 3.6 | ਸੇਮ ਵਾਲੀ ਧਰਤੀ, ਰਾਮਸਾਰ ਸਾਈਟ ਅਤੇ ਸੈਰਸਪਾਟਾ | ਪ੍ਰਸ਼ਨ-ਉੱਤਰ | | |

### 3.1 ਜਾਣ-ਪਛਾਣ

ਪਹਾੜੀ ਸਟੇਸ਼ਨ ਉੱਚਾਈ ਤੇ ਸਥਿਤ ਮਾਨਵ ਦੁਆਰਾ ਸੁਧਾਰੇ ਗਏ ਪਹਾੜ ਹਨ, ਜੋ ਕਿ ਖਾਸ ਕਰਕੇ ਸ਼ਾਸਕਾਂ ਅਤੇ ਰਾਜ ਕਰਨ ਵਾਲੇ ਯੂਰਪੀਅਨ ਬਸਤੀਕਾਰਾਂ ਦੁਆਰਾ ਗਰਮੀਆਂ ਦੇ ਦਿਨਾਂ ਦੇ ਤਾਪ ਤੋਂ ਬਚਣ ਲਈ ਇਸਤੇਮਾਲ ਕੀਤੇ ਗਏ। ਇਹ ਦੱਖਣ ਪੂਰਬ ਏਸ਼ੀਆ ਅਤੇ ਦੱਖਣ ਏਸ਼ੀਅਨ ਦੇਸ਼ਾਂ, ਖਾਸ ਤੌਰ ਤੇ ਭਾਰਤ ਵਿੱਚ ਪ੍ਰਚੱਲਿਤ ਹਨ। ਅੰਗਰੇਜੀ ਰਾਜ ਅਤੇ ਖਾਸ ਕਰਕੇ ਅੰਗਰੇਜੀ ਇੰਡੀਅਨ ਥਲ ਸੈਨਾ ਨੇ ਭਾਰਤੀ ਉਪਮਹਾਂਦੀਪ ਦੇ 80 ਵਿਚੋਂ 50 ਪਹਾੜੀ ਸਟੇਸ਼ਨਾਂ ਦਾ ਪਤਾ ਲਗਾਇਆ। ਬਾਕੀ ਦੇ ਭਾਰਤੀ ਸ਼ਾਸਕਾਂ ਨੇ ਸਦੀਆਂ ਵਿੱਚ ਆਪਣੇ ਐਸ਼ੋ ਆਰਾਮ ਲਈ ਬਣਵਾਏ।

ਰੇਤ ਦੇ ਟੀਲੇ ਅਕਸਰ ਛੋਟੀ ਪਹਾੜੀਆਂ ਨਾਲ ਘਿਰੇ ਮੈਦਾਨੀ ਖੇਤਰ ਹੁੰਦੇ ਹਨ। ਦੇਹਰਾਦੂਨ (ਉੱਤਰਾਖੰਡ) ਇਸ ਦੀ ਇੱਕ ਵਧੀਆ ਉਦਾਹਰਨ ਹੈ।

ਮੈਦਾਨ, ਨਦੀਆਂ ਦੇ ਤਲਛਟ ਦੇ ਜਮਾਵ ਨੂੰ ਬਣਾਏ ਗਏ ਚਪਟੀ ਟੋਪੋਗਰਾਫੀ ਵਾਲੇ ਹੁੰਦੇ ਹਨ। ਪੰਜਾਬ-ਹਰਿਆਣਾ ਦੇ ਮੈਦਾਨ, ਗੰਗਾ ਦੇ ਮੈਦਾਨ ਭਾਰਤ ਦੇ ਕੁਝ ਮਸ਼ਹੂਰ ਮੈਦਾਨਾਂ ਵਿਚੋਂ ਹਨ। ਮੈਦਾਨ ਇੱਕਲੇ ਹੀ ਭਾਰਤ ਦੇ 70% ਸੈਰਸਪਾਟੇ ਦਾ ਹਿੱਸਾ ਹਨ ਕਿਉਂਕਿ ਜ਼ਿਆਦਾਤਰ ਵਾਸਤੂਕਲਾ ਅਤੇ ਇਤਿਹਾਸਿਕ-ਸਭਿਆਚਾਰਕ ਸੈਰਸਪਾਟੇ ਦੇ ਉਤਪਾਦ ਮੈਦਾਨਾਂ ਵਿੱਚ ਮਿਲਦੇ ਹਨ।

ਇਸ ਵਿੱਚ ਕੋਈ ਸ਼ੱਕ ਹੀ ਨਹੀਂ ਕਿ ਚੱਟਾਨਾਂ ਸੈਰਸਪਾਟਾ ਉਤਪਾਦਾਂ ਦੀ ਫੀਡਬੈਕ ਦਾ ਕੰਮ ਕਰਦੀਆਂ ਹਨ ਕਿਉਂਕਿ ਕੋਈ ਇੱਕ ਇਤਿਹਾਸਿਕ, ਵਾਸਤੂਕਲਾ ਸੰਬੰਧਤ, ਸਮਾਰਕ ਜਾਂ ਕੋਈ ਹੋਰ ਇਮਾਰਤ ਬਿਨ੍ਹਾਂ ਚੱਟਾਨ ਦੇ ਸਿੱਧੇ ਜਾਂ ਅਸਿੱਧੇ ਤੌਰ ਤੇ ਹਸਤਖੇਪ ਤੋਂ ਬਿਨ੍ਹਾਂ ਹੋਂਦ ਵਿੱਚ ਨਹੀਂ ਆਈ।

ਮਾਰੂਥਲ ਖੇਤਰ ਵਿੱਚ ਅਵਕਸ਼ੇਪਣ ਦੀ ਮਾਤਰਾ ਵਾਸ਼ਪੀਕਰਨ ਨਾਲੋਂ ਬਹੁਤ ਘੱਟ ਹੋਣ ਕਰਕੇ, ਇਥੇ ਵਨਸਪਤੀ ਘੱਟ, ਖੁਸ਼ਕ ਅਤੇ ਪਥਰੀਲੀ ਹੈ। ਥਾਰ ਮਾਰੂਥਲ ਭਾਰਤੀ ਮਾਰੂਥਲ ਟੌਪੋਗ੍ਰਾਫੀ ਦੀ ਸਭ ਤੋਂ ਵਧੀਆ ਉਦਾਹਰਣ ਹੈ। ਰੇਤ ਦੇ ਟੀਲੇ ਕੁਦਰਤੀ ਅਤੇ ਸਭਿਆਚਾਰਕ ਸੈਰਸਪਾਟੇ ਨੂੰ ਹੱਲਾ ਸ਼ੇਰੀ ਦਿੰਦੇ ਹਨ ਜਿਵੇਂ ਕਿ ਊਂਠ ਦੀ ਸਫਾਰੀ ਅਤੇ ਊਂਠਾਂ ਦਾ ਕਾਰਵਾਂ। ਸੇਮ ਵਾਲੀ ਧਰਤੀ ਸਮੁੰਦਰੀ ਅਤੇ ਖੁਸ਼ਕ ਧਰਾਤਲ ਪਰਿਆਵਰਣ ਦੇ ਪ੍ਰਬੰਧ ਵਿਚਕਾਰ ਇੱਕ ਟਰਾਂਜਿਸ਼ਨਲ ਜੋਨ ਦਾ ਕੰਮ ਕਰਦੇ ਹਨ। ਰਾਮਸਰ ਸਭਾ ਵਿੱਚ ਸੇਮ ਵਾਲੀ ਧਰਤੀ 'ਨੂੰ ਦਲਦਲ ਖੇਤਰ, ਪੀਟ ਲੈਂਡ ਜਾਂ ਪਾਣੀ, ਚਾਹੇ ਕੁਦਰਤੀ ਮਾਨਵ ਨਿਰਮਿਤ ਸਥਾਈ ਜਾਂ ਅਸਥਾਈ ਪਾਣੀ ਵਹਿਣ ਯੋਗ, ਤਾਜ਼ਾ ਜਾਂ ਖਾਰਾ ਪਾਣੀ, ਜਿੱਥੇ ਲਹਿਰ 6 ਮੀਟਰ ਤੋਂ ਉੱਚੀ ਨਹੀਂ ਹੁੰਦੀ' ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਸੇਮ ਵਾਲੀ ਧਰਤੀ ਸੈਰਸਪਾਟੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਕਿਉਂਕਿ ਇਹ ਜੰਗਲੀ ਜੀਵ ਜੰਤੂ ਘਰ, ਰਾਸ਼ਟਰੀ ਪਾਰਕ, ਚਿੜੀਆ ਘਰ ਆਦਿ ਦੇ ਵਿਕਾਸ ਵਿੱਚ ਹਿੱਸਾ ਪਾਉਂਦੀ ਹੈ।

## ਮਕਸਦ

ਕਈਂ ਪਹਾੜੀ ਸਟੇਸ਼ਨਾਂ ਨੇ ਰਾਜਸੀ ਰਾਜਾਂ ਵੇਲੇ ਗਰਮੀ ਦੀ ਰਾਜਧਾਨੀ ਸ਼ਹਿਰਾਂ ਦਾ ਕੰਮ ਕੀਤਾ ਹੈ। ਆਜ਼ਾਦੀ ਤੋਂ ਹੀ, ਕਸ਼ਮੀਰ ਤੋਂ ਇਲਾਵਾ ਇਹਨਾਂ ਪਹਾੜੀ ਸਟੇਸ਼ਨਾਂ ਦਾ ਗਰਮੀ ਦੀ ਰਾਜਧਾਨੀ ਵਜੋਂ ਹਿੱਸਾ ਖ਼ਤਮ ਹੋ ਗਿਆ। ਜਿੱਥੇ ਸਰਦੀ ਵਿੱਚ ਸ਼੍ਰੀਨਗਰ ਅਤੇ ਗਰਮੀ ਵਿੱਚ ਜੰਮੂ ਰਾਜਧਾਨੀ ਹੁੰਦੀ ਹੈ। ਪਰ ਹੁਣ ਪਹਾੜੀ ਸਟੇਸ਼ਨ ਗਰਮੀਆਂ ਦੇ ਮਸ਼ਹੂਰ ਰਿਸੋਰਟ ਹਨ।

## ਵਿਚਾਰ ਵਟਾਂਦਰਾ

ਅਸੀਂ ਦੇਸ਼ ਦੇ ਸਾਰੇ ਭਾਗਾਂ ਵਿੱਚ ਛੁੱਟੀਆਂ ਬਿਤਾਉਣ ਵਾਲੇ ਕਈਂ ਰਿਸੋਰਟ ਵੇਖ ਸਕਦੇ ਹਾਂ। ਉੱਤਰ ਵਿੱਚ ਹਿਮਾਲਾ ਤੋਂ ਇਲਾਵਾ, ਉੱਤਰ ਪੂਰਬ ਵਿੱਚ ਉੱਚੀਆਂ ਪਹਾੜੀਆਂ ਅਤੇ ਦੱਖਣ ਵਿੱਚ ਨੀਲਗਿਰੀ ਦੇ ਆਸਪਾਸ ਵਿੰਧੀਆ, ਪਰਬਤ ਸ਼੍ਰੇਣੀਆਂ ਹਨ ਅਤੇ ਛੋਟੇ ਪਹਾੜੀ ਟੀਲਿਆਂ ਤੋਂ ਇਲਾਵਾ ਪੱਛਮੀ ਘਾਟ ਵੀ ਹਨ। ਇਸ ਕਰਕੇ ਹੀ ਜਿਨ੍ਹਾਂ ਰਾਜਾਂ ਵਿੱਚ ਪੂਰੀ ਤਰ੍ਹਾਂ ਮੈਦਾਨ ਹਨ, ਉੱਥੇ ਵੀ ਪੰਜਾਬ ਅਤੇ ਉੜੀਸਾ ਨੂੰ ਛੱਡ ਕੇ ਪਹਾੜੀ ਰਿਜ਼ੋਰਟਸ ਹਨ। ਸਥਿਤੀ ਅਨੁਸਾਰ, 100 ਪਹਾੜੀ ਸਟੇਸ਼ਨਾਂ ਵਿੱਚੋਂ 42 ਦਾ ਵੱਡਾ ਝੁੰਡ ਪੱਛਮੀ ਹਿਮਾਲਾ ਵਿੱਚ ਕੁਮਾਉਂ ਤੋਂ ਕਸ਼ਮੀਰ ਤੱਕ ਫੈਲਿਆ ਹੋਇਆ ਹੈ। ਉਸ ਤੋਂ ਬਾਅਦ 25 ਦਾ ਝੁੰਡ ਨੀਲਗੀਰੀ – ਪੱਛਮੀ ਘਾਟ ਦੇ ਨਾਲ-ਨਾਲ ਹੈ ਜੋ ਤਿੰਨ ਦੱਖਣੀ ਰਾਜਾਂ ਦੀ ਸੀਮਾ ਬਣਾਉਂਦਾ ਹੈ। 15 ਦਾ ਝੁੰਡ ਸਹਾਦਰੀ ਸ਼੍ਰੇਣੀ ਨਾਲ, ਜ਼ਿਆਦਾਤਰ ਮਹਾਂਰਾਸ਼ਟਰ ਅਤੇ ਕੁਝ ਹੋਰ 12 ਦਾ ਉੱਤਰੀ-ਪੂਰਬੀ ਪਹਾੜੀਆਂ ਦੇ ਨਾਲ-ਨਾਲ ਵਿਖਰਿਆ ਹੋਇਆ ਹੈ। ਕੁਝ ਹੋਰ ਕੇਂਦਰੀ ਪਹਾੜੀਆਂ, ਪੂਰਬੀ ਘਾਟ ਅਤੇ ਅਰਾਵਲੀ ਦੇ ਨਾਲ-ਨਾਲ ਹਨ।

ਕੁਝ ਪਹਾੜੀ ਰਿਸੋਰਟ ਬਹੁਤ ਹੀ ਵਿਕਸਿਤ ਅਤੇ ਕੁਝ ਮਸ਼ਹੂਰ ਹਨ। ਕੁਝ ਹਿੱਲ ਸਟੇਸ਼ਨ ਆਉਣ ਵਾਲੇ ਸਾਲਾਂ ਵਿੱਚ ਵਿਕਸਿਤ ਹੋ ਕੇ ਆਪਣੀ ਮਹੱਤਤਾ ਨੂੰ ਦਰਸਾਉਣਗੇ। ਇਨ੍ਹਾਂ ਪਹਾੜੀ ਸਟੇਸ਼ਨਾਂ ਨੂੰ ਉਚਾਈ ਦੇ ਲਿਹਾਜ਼ ਨਾਲ ਹੇਠਾਂ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :-

(ੳ) ਘੱਟ ਉਚਾਈ ਵਾਲੇ ਪਹਾੜੀ ਰਿਜ਼ੋਰਟਸ (ਸਮੁੰਦਰੀ ਤਲ ਤੋਂ 800 ਤੋਂ 1200 ਮੀ.)

(ਅ) ਮੱਧ ਉਚਾਈ ਵਾਲੇ ਪਹਾੜੀ ਰਿਜ਼ੋਰਟ (ਸਮੁੰਦਰੀ ਤਲ ਤੋਂ 1200 ਤੋਂ 2100 ਮੀਟਰ ਦੇ ਵਿਚਕਾਰ)

(ੲ) ਜ਼ਿਆਦਾ ਉਚਾਈ ਵਾਲੇ ਪਹਾੜੀ ਰਿਜ਼ੋਰਟਸ (2100 ਤੋਂ 3500 ਮੀਟਰ ਵਿਚਕਾਰ)

ਨਕਸ਼ੇ ਵਿੱਚ ਜ਼ਿਆਦਾਤਰ ਮੱਧਵਰਤੀ ਉੱਚਾਈ ਵਾਲੇ ਬਹੁਤ ਗਿਣਤੀ ਵਿੱਚ ਹਨ, ਕੁਝ ਛੋਟੀ ਉਚਾਈ ਵਾਲੇ ਅਤੇ ਥੋੜ੍ਹੇ ਜਿਹੇ ਵੱਧ ਉਚਾਈ ਵਾਲੇ। ਜ਼ਿਆਦਾਤਰ ਇੱਥੇ ਵਧੀਆ ਜਲਵਾਯੂ, ਗਰਮੀ, ਪਰ ਅਕਸਰ ਵਰਖਾ ਰੁੱਤ ਅਤੇ ਹਲਕੀ ਜਿਹੀ ਠੰਢ ਹੁੰਦੀ ਹੈ। ਇਹਨਾਂ ਵਿੱਚੋਂ ਕੁਝ ਪੱਛਮੀ ਹਿਮਾਲਾ ਅਤੇ ਜ਼ਿਆਦਾ ਠੰਡੇ ਹੋਣ ਕਰਕੇ ਬਰਫਬਾਰੀ ਹੁੰਦੀ ਹੈ ਅਤੇ ਇਹ ਇੱਥੇ ਆਉਣ ਵਾਲਿਆਂ ਨੂੰ ਮੈਦਾਨੀ ਇਲਾਕਿਆਂ ਦੀ ਗਰਮੀ ਤੋਂ ਰਾਹਤ ਦਿੰਦਾ ਹੈ। ਇੱਥੇ ਪਹਾੜੀ ਰਿਜ਼ੋਰਟਸ ਘੱਟ ਹੀ ਮਸ਼ਹੂਰ ਹੋਣ ਕਰਕੇ ਨਕਸ਼ੇ ਉੱਤੇ ਵੀ ਨਹੀਂ ਦੇਖੇ ਜਾ ਸਕਦੇ। ਇਹਨਾਂ ਵਿੱਚ ਮੋਰਨੀ 1000 ਮੀ. ਦੀ ਉਚਾਈ ਉੱਤੇ ਹਰਿਆਣਾ ਵਿੱਚ ਕਾਲਕਾ ਨੇੜੇ, ਹੈਫਲੋਂਗ (1637 ਮੀ.) ਆਸਾਮ ਵਿੱਚ ਸਿਲਚਰ ਜ਼ਿਲ੍ਹੇ ਦੇ ਉੱਤਰ ਕੈਚਰ ਦੀਆਂ ਪਹਾੜੀਆਂ ਵਿੱਚ, ਉੱਤਰ ਤ੍ਰਿਪੁਰਾ ਵਿੱਚ ਜਮਾਪੁਈ (1309 ਮੀ.), ਉਖਰੁਲ (1900 ਮੀ.), ਮਨੀਪੁਰ ਵਿੱਚ ਇੰਫਾਲ ਦੇ ਪੂਰਬ ਵਿੱਚ, ਦੀਮਾਪੁਰ ਇੰਫਾਲ ਦੇ ਰਾਹ ਵਿੱਚ ਮਾਉ (1788 ਮੀ.), ਆਂਧਰ ਪ੍ਰਦੇਸ਼ ਦੇ ਤਿਰੁਮਲਾ ਮੰਦਿਰ ਵਿੱਚ ਹਾਰਸ਼ਲੀ ਪਹਾੜੀਆਂ (1265 ਮੀਟਰ), ਕੇਰਲ ਦੇ ਪੱਛਮੀ ਘਾਟ ਵਿੱਚ ਮਨਾਰ (1600 ਮੀ.), ਮੁੰਬਈ ਕੋਲ ਮੇਥਰਨ (830 ਮੀ.), ਸਤਪੁੜ (873 ਮੀ.) ਗੁਜਰਾਤ ਦੇ ਦੱਖਣ ਪੂਰਬ ਵਿੱਚ ਸਹਾਦਰੀ ਅਤੇ ਮਹਾਂਰਾਸ਼ਟਰ ਵਿੱਚ ਅਮਰਾਵਤੀ ਕਸਬੇ ਕੋਲ ਸਤਪੁੜਾ ਦੀ ਪਹਾੜੀਆਂ ਉੱਤੇ ਚਿਕਲਦਾਰਾ (1000 ਮੀ.)

ਇਹਨਾਂ ਦੀ ਘੱਟ ਪ੍ਰਸਿੱਧੀ ਅਤੇ ਹੌਲੀ ਵਿਕਾਸ ਕਾਰਨ ਇਸ ਵੱਲ ਧਿਆਨ ਨਹੀਂ ਗਿਆ। ਇਹ ਘੱਟ ਆਕਰਸ਼ਨ ਵਾਲੀਆਂ ਸਾਈਟਾਂ ਹਨ। ਅਜਿਹੇ ਦਰਜਨਾਂ ਸਥਾਨ ਪੱਛਮੀ ਅਤੇ ਪੂਰਬੀ ਘਾਟ ਜਾਂ ਸਤਪੁੜਾ ਪਰਬਤ ਸ਼੍ਰੇਣੀਆਂ ਉੱਤੇ ਸਥਿਤ ਹਨ। ਇਹਨਾਂ ਵਿੱਚੋਂ ਹਰ ਕੋਈ ਆਪਣੇ ਆਪ ਵਿੱਚ ਵੱਖ ਹੈ। ਸ਼ਿਮਲਾ, ਦਾਰਜਲਿੰਗ, ਗੰਗਟੋਕ ਜਾਂ ਮਸੂਰੀ ਆਪਣੀ ਡੂੰਘੀ ਖਾਈਆਂ ਅਤੇ ਬਰਫ਼ ਵਾਲੀ ਚੋਟੀਆਂ ਕਾਰਨ ਮਸ਼ਹੂਰ ਹਨ। ਢਲਾਨਾਂ ਉੱਤੇ ਹਰੇ ਭਰੇ ਜੰਗਲ ਅਤੇ ਚੋਟੀਆਂ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਜੇਕਰ ਇਹ ਹਰੀ ਭਰੀ ਵਾਦੀਆਂ ਦੇ ਜੰਗਲ ਕੱਟ ਕੇ ਇਮਾਰਤਾਂ ਖੜੀਆਂ ਕਰ ਦਿੱਤੀਆਂ ਜਾਣ ਤਾਂ ਇਹ ਲੁਭਾਉਣ ਯੋਗ ਦ੍ਰਿਸ਼ ਖ਼ਤਮ ਹੀ ਹੋ ਜਾਣਗੇ।

ਕੁਝ ਪਹਾੜੀ ਰਿਜ਼ੋਰਟਸ ਜਿਵੇਂ ਨੈਨੀ ਤਾਲ, ਉਦਗਮ ਮੰਡਲਮ (ਊਟੀ) ਅਤੇ ਕੋਡੇਕਨਾਲ ਝੀਲ ਦੇ ਕਿਨਾਰੇ ਤੇ ਸਥਿਤ ਹਨ, ਜੋ ਪਹਾੜੀਆਂ ਦੁਆਰਾ ਘਿਰੇ ਹਨ। ਇਹ ਪਾਣੀ ਦੇ ਕਿਨਾਰਿਆਂ ਤੱਕ ਜੰਗਲਾਂ ਨਾਲ ਢੱਕੇ ਹੋਏ ਹਨ। ਜਿਵੇਂ ਕਿ ਸ਼੍ਰੀਨਗਰ, ਕਸ਼ਮੀਰ ਵਿੱਚ ਅਤੇ ਤਾਮਿਲਨਾਡੂ ਵਿੱਚ ਊਟੀ ਵਿਚ, ਦੂਰ ਤੋਂ ਵਿਖਾਈ ਦਿੰਦੀਆਂ ਪਹਾੜੀਆਂ ਅਤੇ ਖੁੱਲੀਆਂ ਵਾਦੀਆਂ ਅਤੇ ਘਾਹ ਦੇ ਮੈਦਾਨ।

ਰਾਜਸਥਾਨ ਵਿੱਚ ਉਦੈਪੁਰ ਝੀਲ ਵਾਲੇ ਪਾਸੇ ਦਾ ਰਿਜ਼ੋਰਟਸ ਹਿਮਾਲਾ ਅਤੇ ਪਹਾੜੀ ਖੇਤਰਾਂ ਦੇ ਬਾਹਰੀ ਪਾਸੇ ਦੇ ਝੀਲ ਰਿਜ਼ੋਰਟਸ ਦੀ ਉਦਾਹਰਨ ਹੈ।

ਪਹਾੜੀ ਰਿਜ਼ੋਰਟਸ ਜਿਵੇਂ ਮਾਉਂਟ ਆਬੂ, ਮੋਰਨੀ, ਮੇਥਰੇਨ, ਪਚਮਨੀ, ਸਤਪੁੜਾ ਅਤੇ ਰਾਂਚੀ ਜੋ ਕਿ ਇੱਕ ਵੱਡੇ ਉਭਾਰ ਵਾਲੇ ਚੌੜੇ ਸਿਰੇ ਜਾਂ ਇੱਕ ਉਭੜ-ਖਾਭੜ ਪਠਾਰੀ ਸਤਹ ਉੱਤੇ ਸਥਿਤ ਹੈ ਜੋ ਇੱਕ ਹਰੀ-ਭਰੀ ਵਾਦੀ ਜਾਂ ਜੰਗਲੀ ਭੂਦ੍ਰਿਸ਼ ਚਿੱਤਰ ਪੇਸ਼ ਕਰਦਾ ਹੈ। ਸਿਲਾਂਗ ਅਤੇ ਡਲਹੌਜ਼ੀ ਦੋ ਤੰਗ ਵਾਦੀਆਂ ਦੁਆਰਾ ਵੱਖ ਕੀਤੇ ਗਏ ਪਹਾੜੀਆਂ ਦੇ ਸਮੂਹ ਉੱਤੇ ਸਥਿਤ ਦੋ ਸਥਾਨਾਂ ਦੀਆਂ ਉਦਾਹਰਨਾਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਧਰਮਸ਼ਾਲਾ ਧੌਲਾ ਧਾਰ ਤੋਂ ਕਾਂਗੜਾ ਦੀ ਵਾਦੀ ਵੱਲ ਨੂੰ ਫੈਲਿਆ ਹੋਇਆ ਇੱਕ ਪੱਧਰਾ ਸਥਾਨ ਹੈ। ਗੋਲਾਕਾਰ ਪਹਾੜੀਆਂ ਦੇ ਕਿਨਾਰਿਆਂ ਦੀ ਲੰਬੀ ਯਾਤਰਾ ਹਰ ਰੋਜ਼ ਦੇ ਸੈਲਾਨੀਆਂ ਨੂੰ ਵਿਅਸਤ ਰੱਖਦੀ ਹੈ। ਨਦੀ ਦੇ ਨਾਲ ਲੱਗਦੀ ਜਗ੍ਹਾ ਜਿਵੇਂ ਮਨਾਲੀ ਅਤੇ ਪਹਿਲਗਾਮ ਵਾਦੀ ਦੀ ਸਾਈਟ ਅਤੇ ਪਹਾੜੀ ਦੀ ਉਚਾਈ ਦੋਵਾਂ ਦਾ ਮਿਸ਼ਰਣ ਹੈ। ਇੰਡੋ-ਭੂਟਾਨ ਸੀਮਾ ਦੇ ਨਾਲ ਲਗਦੇ, ਅਰੁਣਾਚਲ ਪ੍ਰਦੇਸ਼ ਵਿੱਚ ਸਥਿਤ ਤਵਾਂਗ ਅਤੇ ਜੰਮੂ ਅਤੇ ਕਸ਼ਮੀਰ ਰਾਜ ਵਿੱਚ ਗੁਲਮਰਗ ਹਿਮਾਚਲ ਪ੍ਰਦੇਸ਼ ਵਿੱਚ ਚੈਲ, ਸ਼ਿਮਲਾ, ਡਲਹੌਜ਼ੀ, ਟੈਬੂ ਸਾਂਗਲਾ, ਥਾਨੇਦਾਰ ਅਤੇ ਮਾਸ਼ਹੋਲੋਗ ਉਚਾਈ ਵਾਲੇ ਪਹਾੜੀ ਸਟੇਸ਼ਨ ਹਨ।

**ਸਮੀਖਿਅਕ ਪ੍ਰਸ਼ਨ**

1) ਹੇਠਾਂ ਦਿੱਤੇ ਦੀ ਪਰਿਭਾਸ਼ਾ ਦਿਓ।

a) ਪਹਾੜੀ ਸਟੇਸ਼ਨ

b) ਰੇਤ ਦੇ ਟੀਲੇ

c) ਮੈਦਾਨ

d) ਮਾਰੂਥਲ

e) ਸੇਮ ਵਾਲੀ ਧਰਤੀ

## 3.2 ਭਾਰਤ ਵਿੱਚ ਪਹਾੜੀ ਸਟੇਸ਼ਨ ਅਤੇ ਰੇਤ ਦੇ ਟੀਲੇ

### ੳ) ਉਤਰਾਖੰਡ ਵਿੱਚ

ਅਲਮੋਰਾ, ਕੁਮਾਉ ਖ਼ੇਤਰ ਦੇ ਸਭ ਤੋਂ ਸੁੰਦਰ ਸਥਾਨਾਂ ਵਿੱਚੋਂ ਇੱਕ ਹੈ। ਰਾਨੀਖੇਤ ਅਤੇ ਨੈਨੀਤਾਲ ਵਰਗੀ ਸ਼ਾਨਦਾਰ ਚਮਕ- ਦਮਕ ਅਲਮੋਰਾ ਵਿੱਚ ਨਹੀਂ ਹੈ।

ਨਰ ਨਰਾਇਣ ਦੀ ਪਹਾੜੀ ਰੇਂਜ ਵਿੱਚ ਸਥਿਤ ਗੁਣਗੁਣਾਉਂਦੀ ਹੋਈ ਸੁੰਦਰਮਈ ਨੀਲਕੰਠ ਦੀ ਚੋਟੀ, ਹਿੰਦੂਆਂ ਦਾ ਸਭ ਤੋਂ ਪਵਿੱਤਰ ਧਾਰਮਿਕ ਸਥਾਨ, ਬਦਰੀਨਾਥ ਵਿਚ ਸਥਿਤ ਹੈ ਭੀਮਤਾਲ, ਨੈਨੀਤਾਲ ਤੋਂ 22 ਕਿ.ਮੀ. ਦੀ ਦੂਰੀ ਤੇ ਸਥਿਤ ਹੈ, ਜੋ ਕਿ ਪਾਂਡਵ ਭਰਾਵਾਂ ਵਿਚੋਂ ਇਕ ਦੇ ਨਾ 'ਭੀਮ' ਤੇ ਰੱਖਿਆ ਗਿਆ ਸੀ। ਆਪਣੀ ਖੂਬਸੂਰਤੀ ਕਾਰਨ ਮਸੂਰੀ ਨੂੰ ਪਹਾੜੀ ਸਟੇਸ਼ਨ ਦੀ ਰਾਣੀ ਕਿਹਾ ਜਾਂਦਾ ਹੈ। ਮਸੂਰੀ ਗੜ੍ਹਵਾਲ ਪਹਾੜੀਆਂ ਵਿੱਚ ਸਥਿਤ ਹੈ।

ਆਪਣੀ ਅਦਭੁੱਤ ਕੁਦਰਤੀ ਸੁੰਦਰਤਾ ਕਰਕੇ, ਮਸੂਰੀ ਨੂੰ ਪਹਾੜੀ ਸਟੇਸ਼ਨਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ।

ਕਮਾਉਂ ਦੀਆਂ ਪਹਾੜੀਆਂ ਵਿਚਲੇ ਛੋਟੇ-ਛੋਟੇ ਸ਼ਹਿਰ, ਨੈਨੀਤਾਲ ਤਿੰਨ ਪਾਸਿਆਂ ਤੋਂ ਘਿਰਿਆ ਹੋਇਆ ਇੱਕ ਬਹੁਤ ਹੀ ਪਿਆਰਾ ਪਹਾੜੀ ਸਟੇਸ਼ਨ ਹੈ। ਪਹਿਲਾਂ ਇਸ ਖੇਤਰ ਵਿੱਚ ਬਹੁਤ ਝੀਲਾਂ ਸਨ ਅਤੇ ਇਸਨੂੰ 60 ਝੀਲਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਸੀ। ਦੁਨਦਨਾਦੁਨ (Dundanadun), ਮਸੂਰੀ, ਔਲੀ ਅਤੇ ਪਿਥੌਰਾਗੜ੍ਹ ਨੂੰ ਅਕਸਰ ਛੋਟੇ ਕਸ਼ਮੀਰ ਵਜੋਂ ਜਾਣਿਆ ਜਾਂਦਾ ਹੈ। ਇਸ ਲਈ ਉਤਰਾਖੰਡ ਸੈਲਾਨੀਆਂ ਲਈ ਹੇਠਾਂ ਦਿੱਤੇ ਪਹਾੜੀ ਸਟੇਸ਼ਨਾਂ ਦੇ ਰੂਪ ਵਿੱਚ ਰਤਨ ਪ੍ਰਦਾਨ ਕਰਦਾ ਹੈ।

1. ਨੈਨੀਤਾਲ ਝੀਲ ਸ਼ਹਿਰ
2. ਮਸੂਰੀ
3. ਅਲਮੋਰਾ
4. ਅਸਕੋਟ
5. ਔਲੀ
6. ਬਦਰੀਨਾਥ
7. ਬਾਗੇਸ਼ਵਰ
8. ਵੈਰੀਨਾਗ
9. ਭੀਮਤਾਲ
10. ਬਿਨਸਾਰ
11. ਚਮੋਲੀ
12. ਔਲੀ
13. ਚੰਪਾਵਤ
14. ਚੋਕੌਰੀ
15. ਚੋਪਤਾ
16. ਦੇਹਰਾਦੂਨ
17. ਦੀਦੀ ਹੱਟ
18. ਗੰਗੋਲੀਹੱਟ
19. ਧਨੌਲਤੀ
20. ਗੜ੍ਹਵਾਲ
21. ਜੋਸ਼ੀਮੱਠ
22. ਰੋਸਾਨੀ
23. ਕੇਦਾਰਨਾਥ
24. ਲੈਨਡੋਅਰ
25. ਲੈਨਸਡੋਨੇ
26. ਲੋਹਾਘਾਟ
27. ਮੁਕਤੇਸ਼ਵਰ

28. ਮੁਨਸਿਆਰੀ
29. ਮਸੂਰੀ
30. ਨੈਨੀਤਾਲ
31. ਨੰਦਾ ਦੇਵੀ
32. ਨਕੁਚਿਆਤਲ
33. ਪੌਰੀ
34. ਪਿਥੌਰਾਗੜ੍ਹ
35. ਤਰਕੇਸ਼ਵਰ ਮਹਾਂਦੇਵ
36. ਰਾਨੀਖੇਤ
37. ਰਿਸ਼ੀਕੇਸ਼
38. ਰੁਦਰਪ੍ਰਯਾਗ
39. ਉੱਤਰਕਾਸ਼ੀ
40 ਮਰਚੁਲਾ
41. ਜੋਸ਼ੀਮੱਠ
42. ਫੁੱਲਾਂ ਦੀ ਵਾਦੀ
43. ਕਨਾਟਲ

**ਅ) ਹਿਮਾਚਲ ਪ੍ਰਦੇਸ਼ ਵਿੱਚ**

ਚੈਲ, ਚੰਬਾ ਵਾਦੀ, ਡਲਹੌਜੀ, ਧਰਮਸ਼ਾਲਾ, ਕਾਂਗੜਾ, ਕਸੌਲੀ, ਖੱਜਿਆਰ ਕੁਫਰੀ, ਕੁੱਲੂ, ਲਾਹੌਲ ਅਤੇ ਸਪੀਤੀ, ਮਨਾਲੀ, ਪਾਲਮਪੁਰ, ਰੇਨੁਕਾ, ਸ਼ਿਮਲਾ, ਸੋਲਨ, ਚੋਪਤਾ, ਧਨੌਲਤੀ ਦੀਆਂ ਪਹਾੜੀਆਂ ਅਤੇ ਹੋਰ। ਚੌਪਤਾ ਗੋਪੇਸ਼ਵਰ ਉਖੀਮੱਠ ਸੜਕ ਉੱਤੇ ਸਥਿਤ ਹੈ ਜੋ ਕਿ ਗੋਪੇਸ਼ਵਰ ਤੋਂ 40 ਕਿ.ਮੀ. ਦੀ ਦੂਰੀ ਤੇ ਹੈ ਤੇ ਸਮੁੰਦਰ ਪੱਧਰ ਤੋਂ 2,900 ਮੀ. ਉਚਾਈ ਤੇ ਹੈ।

ਕੁੱਲ ਹਿਮਾਚਲ ਪ੍ਰਦੇਸ਼ ਵਿਚ ਸੈਲਾਨੀ ਹੇਠਾਂ ਦਿੱਤੇ ਪਹਾੜੀ ਸਟੇਸ਼ਨਾਂ ਦਾ ਨਜ਼ਾਰਾ ਲੈ ਸਕਦੇ ਹਨ–

1. ਚੇਲ
2. ਧਰਮਕੋਟ
3. ਧਰਮਸ਼ਾਲਾ
4. ਮਕਲੋਡਗੰਜ
5. ਡਲਹੋਜੀ
6. ਕਸੌਲੀ
7. ਕੁੱਲੂ
8. ਮਨਾਲੀ

9. ਸ਼ਿਮਲਾ
10. ਕੁਫਰੀ
11. ਬਰੋਗ
12. ਕਿਆਰੀ ਘਾਟ
13. ਸੋਲਨ
14. ਮਾਸ਼ੋਬਰਾ
15. ਕਾਂਗੜਾ
16. ਖੱਜਿਆਰ
17. ਹਰੀਪੁਰਧਾਰ
18. ਲਾਹੌਲ ਅਤੇ ਸਪੀਤੀ
19. ਪਾਲਮਪੁਰ

### ੲ) ਜੰਮੂ ਅਤੇ ਕਸ਼ਮੀਰ ਵਿੱਚ

ਇੱਕ ਕੱਪ ਆਕਾਰ ਦੀ ਚਰਾਗਾਹ, ਹਰੀ ਭਰੀ ਲਹਿਰਾਉਂਦੀਆਂ ਢਲਾਣਾਂ ਜਿੱਥੇ ਸ਼ਾਂਤੀ ਕੇਵਲ ਗਾਂਵਾਂ ਦੀ ਟੱਲੀਆਂ ਹੀ ਭੰਗ ਕਰਦੀਆਂ ਹਨ, ਗੁਲਮਰਗ ਅਤੇ ਜੋਨਮਾਰਗ ਇੱਕ ਫਿਲਮੀ ਸੈੱਟ ਦੀ ਤਰ੍ਹਾਂ ਲੱਗਦੇ ਹਨ ਅਤੇ ਕੋਈ ਅਚੰਬੇ ਵਾਲੀ ਗੱਲ ਨਹੀਂ ਕਿ ਇਹ ਕਈ ਫਿਲਮਾਂ ਦੇ ਖਿੱਚ ਕੇਂਦਰ ਬਣੇ ਹਨ।

ਰੰਗਡਮ ਦੇ ਦੱਖਣ ਵਿੱਚ 20 ਕਿ.ਮੀ. ਦੀ ਦੂਰੀ ਤੇ ਹੈ ਪਜੀਲਾ ਜਲਸੰਭਾਰ ਜਿਸਦੇ ਸਾਹਮਣੇ ਹੈ ਜੰਸਕਾਰ, ਜੋ ਸਾਰੇ ਟਰਾਂਸ ਹਿਮਾਲਾ ਪਹਾੜੀ ਸਟੇਸ਼ਨਾਂ ਤੋਂ ਬਿਲਕੁਲ ਵੱਖ ਹੈ।

ਲੱਦਾਖ਼ ਹੋਰਾਂ ਥਾਂਵਾਂ ਤੋਂ ਬਿਲਕੁਲ ਅਲੱਗ ਹੈ। ਸੰਸਾਰ ਦੀ ਦੋ ਵਿਸ਼ਾਲ ਪਰਬਤ ਸ਼੍ਰੇਣੀਆਂ ਦੁਆਰਾ ਘਿਰੀ ਹੋਈ, ਦ ਗਰੇਟ ਹਿਮਾਲਾ ਅਤੇ ਕਰਾਕੋਰਮ, ਇਹ ਦੋ ਤਿਰਛੀਆਂ ਹਨ, ਲੱਦਾਖ ਸ਼੍ਰੇਣੀ ਅਤੇ ਜੰਸਕਾਰ ਸ਼੍ਰੇਣੀ।

ਲੇਹ ਪਹੁੰਚਣ ਤੋਂ ਬਾਅਦ, ਮਿੱਟੀ ਅਤੇ ਗੋਲਪੱਥਰਾਂ ਦੀ ਢਲਾਣ ਇਸਨੂੰ ਇੰਡਸ (Indus) ਦੀ ਵਾਦੀ ਤੋਂ ਵੱਖ ਕਰਦੀ ਹੈ।

ਜੰਮੂ ਅਤੇ ਕਸ਼ਮੀਰ ਦੀ ਰਾਜਧਾਨੀ ਅਤੇ ਰਾਜ ਦਾ ਸਭ ਤੋਂ ਵੱਡਾ ਸ਼ਹਿਰ, ਸ਼੍ਰੀਨਗਰ (1,730 ਮੀ.) ਆਪਣੀਆਂ ਛੋਟੀਆਂ ਨਦੀਆਂ, ਕਿਸ਼ਤੀ ਘਰਾਂ ਅਤੇ ਮੁਗਲ ਗਾਰਡਨ ਲਈ ਮਸ਼ਹੂਰ ਹੈ।

2,130 ਮੀ. ਦੀ ਉਚਾਈ ਉੱਤੇ ਅਤੇ ਸ਼੍ਰੀਨਗਰ ਤੋਂ 95 ਕਿ.ਮੀ. ਦੂਰ, ਪਹਿਲਗਾਮ ਕਸ਼ਮੀਰ ਦੀ ਵਾਦੀ ਦਾ ਸਭ ਤੋਂ ਮਸ਼ਹੂਰ ਪਹਾੜੀ ਸਥਾਨ ਹੈ।

ਘੱਟ ਮਸ਼ਹੂਰ, ਪਰ ਦੂਸਰੇ ਸੈਲਾਨੀ ਥਾਂਵਾਂ ਦੇ ਮੁਕਾਬਲੇ ਪਟਨੀਟੌਪ ਕੋਈ ਘੱਟ ਸੁੰਦਰ ਜਾਂ ਵਿਰਾਨ ਨਹੀਂ ਹੈ।

2,740 ਮੀ. ਦੀ ਉਚਾਈ ਉੱਤੇ, ਸੋਨਮਰਗ ਕਸ਼ਮੀਰ ਦੀ ਵਾਦੀ ਦੀ ਅੰਤਿਮ ਮੁੱਖ ਥਾਂ ਹੈ ਜੋ ਕਿ ਲੱਦਾਖ ਤੋਂ ਜੋਜੀਲਾ ਪਾਸ ਤੋਂ ਪਹਿਲਾਂ ਆਉਂਦਾ ਹੈ।

ਇਸਲਈ ਸੈਲਾਨੀ ਜੰਮੂ ਅਤੇ ਕਸ਼ਮੀਰ ਦੇ ਹੇਠਾਂ ਦਿੱਤੇ ਪਹਾੜੀ ਸਟੇਸ਼ਨਾਂ ਦਾ ਪੂਰਾ ਆਨੰਦ ਮਾਣ ਸਕਦੇ ਹਨ, ਅਤੇ ਆਪਣੀ ਯਾਤਰਾ ਨੂੰ ਯਾਦਗਾਰ ਯਾਤਰਾ ਵਿੱਚ ਬਦਲ ਸਕਦੇ ਹਨ।

1. ਬਹਦੇਰਵਾਹੀਦਾ
2. ਪਟਨੀਟੌਪ
3. ਅਰੂ
4. ਗੁਲਮਾਰਗ
5. ਪਹਿਲਗਾਮ
6. ਸੋਨਮਾਰਗ
7. ਸ਼੍ਰੀਨਗਰ
8. ਯੂਸਮਾਰਗ
9. ਲੇਹ

**(d) ਅਰੁਣਾਚਲ ਪ੍ਰਦੇਸ਼ ਵਿੱਚ**

ਸੈਰ ਸਪਾਟੇ ਲਈ ਅਰੁਣਾਚਲ ਪ੍ਰਦੇਸ਼ ਵਿੱਚ ਪਹਾੜੀ ਸਟੇਸ਼ਨ ਅਲੌਂਗ, ਬੋਮਦੀਲਾ, ਈਟਾਨਗਰ, ਖੋਨਸਾ, ਤਵਾਂਗ, ਜੀਰੋ ਆਦਿ ਹਨ।

**(e) ਅਸਾਮ ਵਿੱਚ**

ਹੈਵਲੋਂਗ ਅਤੇ ਮਾਈਬੋਂਗ ਅਸਾਮ ਦੇ ਮੁੱਖ ਪਹਾੜੀ ਸਟੇਸ਼ਨ ਹਨ।

**(f) ਰਾਜਸਥਾਨ ਅਤੇ ਹਰਿਆਣਾ ਵਿੱਚ**

ਇੱਕਲਾ ਪਹਾੜੀ ਸਟੇਸ਼ਨ, ਮਾਉਂਟ ਆਬੂ ਦਾ ਝੁੰਡ ਚਟਾਨਾਂ ਦੇ ਵਿੱਚ ਹੈ ਜੋ ਅਰਾਵਲੀ ਪਹਾੜੀਆਂ ਦੇ ਦੱਖਣ-ਪੱਛਮੀ ਸਿਰੇ ਤੇ ਸਥਿਤ 1,220 ਮੀ. ਗਰੇਨਾਈਟ ਟੇਬਲ ਪਹਾੜੀ ਉੱਤੇ ਸਥਿਤ ਹੈ।

ਅਰਾਵਲੀ ਪਹਾੜੀਆਂ ਦੇ ਉੱਪਰ ਸੋਹਨਾ ਹੈ, ਦ੍ਰਿਸ਼ਮੋਹਕ ਛੁੱਟੀਆਂ ਬਿਤਾਉਣ ਲਈ। 'ਸੋਹਨਾ' ਦਾ ਪੰਜਾਬੀ ਵਿੱਚ ਮਤਲਬ 'ਸੋਹਣਾ' ਹੁੰਦਾ ਹੈ। ਮੋਰਨੀ ਪਹਾੜੀਆਂ ਹਰਿਆਣਾ ਦਾ ਮਸ਼ਹੂਰ ਪਹਾੜੀ ਸਟੇਸ਼ਨ ਹੈ।

**(g) ਮੱਧ ਪ੍ਰਦੇਸ਼ ਵਿੱਚ**

ਮੱਧਪ੍ਰਦੇਸ਼ ਦੇ ਮੁੱਖ ਪਹਾੜੀ ਸਟੇਸ਼ਨ ਪੰਚਮਰਹੀ, ਅਮਰਕੰਟਕ ਅਤੇ ਸ਼ਿਵਪੁਰੀ ਹਨ।

**(h) ਗੁਜਰਾਤ ਵਿੱਚ**

ਗੁਜਰਾਤ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਾਲੇ ਪਹਾੜੀ ਸਟੇਸ਼ਨ ਹਨ ਪਾਵਾਗੜ, ਸਪੁਤਰਾ ਅਤੇ ਵਿਲਸਨ ਪਹਾੜੀਆਂ।

**(i). ਝਾਰਖੰਡ ਵਿੱਚ**

ਝਾਰਖੰਡ ਵਿੱਚ ਮੁੱਖ ਪਹਾੜੀ ਸਟੇਸ਼ਨ ਹਨ ਹਜਾਰੀਬਾਗ ਅਤੇ ਰਾਂਚੀ।

**(j) ਪੱਛਮੀ ਬੰਗਾਲ ਵਿੱਚ**

ਪੱਛਮੀ ਬੰਗਾਲ ਵਿੱਚ ਸੈਲਾਨੀ ਹੇਠ ਲਿਖੇ ਪਹਾੜੀ ਸਟੇਸ਼ਨ ਤੇ ਮਨੋਰੰਜਨ ਅਤੇ ਤਾਜਗੀ ਮਹਿਸੂਸ ਕਰਦੇ ਹਨ।

1. ਦਾਰਜਲਿੰਗ ਦੀ 'Toy Train'
2. ਦਾਰਜਲਿੰਗ
3. ਕਲੀਮਪੋਂਗ
4. ਕੁਰਸੀਉਂਗ
5. ਮਿਰੀਕ

**ਸਮੀਖਿਅਕ ਪ੍ਰਸ਼ਨ**

1. ਆਪਣੀ ਇੱਛਾ ਅਨੁਸਾਰ ਕਿਸੇ ਖ਼ੇਤਰ ਦੇ ਚਾਰ ਪ੍ਰਮੁੱਖ ਪਹਾੜੀ ਸਟੇਸ਼ਨਾਂ ਦੇ ਨਾਮ ਲਿਖੋ ?

### 3.3 ਉੱਤਰ-ਪੂਰਬੀ ਰਾਜਾਂ ਦੇ ਪਹਾੜੀ ਸਟੇਸ਼ਨ (ਮਨੀਪੁਰ, ਮੇਘਾਲਿਆ, ਨਾਗਾਲੈਂਡ, ਸਿੱਕਿਮ, ਤ੍ਰਿਪੁਰਾ ਅਤੇ ਮਿਜ਼ੋਰਮ)

ਸੈਲਾਨੀਆਂ ਨੂੰ ਆਪਣੇ ਵੱਲ ਖਿਚਣ ਲਈ ਸੈਵਨ ਸਿਸ਼ਟਰਜ ਸਟੇਟਸ ਵੱਲ ਖਿਚਦੇ ਹਨ ਨਾਂ ਨਾਲ ਮਸ਼ਹੂਰ ਉਪਰੋਕਤ ਰਾਜਾਂ ਦੇ ਮੁੱਖ ਥਾਵਾਂ

1. ਨੋਹਕਾਲੀਕੇਈ
2. ਚਿਰਾਪੁੰਜੀ
3. ਜੋਵਾਈ
4. ਸ਼ਿਲੋਂਗ
5. ਐਜੋਲ
6. ਕੋਹੀਮਾ
7. ਫੱਤਸੀਰੋ
8. ਲਾਚੁੰਗ
9. ਗੰਗਤੋਕ
10. ਪੇਲਿੰਗ
11. ਯੁਕਸੋਮ

ਇਹ ਸਥਾਨ ਸੈਲਾਨੀਆਂ ਲਈ ਖ਼ਾਸ ਜੌਖਿਮ ਭਰੇ ਸੈਰਸਪਾਟੇ, ਪਰਿਆਵਰਣੀਏ ਸੈਰ, ਭੂਮੀ ਸੈਰਸਪਾਟਾ ਅਤੇ ਕੁਦਰਤੀ ਭੂਦ੍ਰਿਸ਼ ਮੁਹੱਈਆ ਕਰਵਾਉਂਦੇ ਹਨ।

(a) ਉੜੀਸਾ ਵਿੱਚ

ਮੁੱਖ ਪਹਾੜੀ ਸਟੇਸ਼ਨ ਦਾਰਿੰਗਬਾੜੀ ਹੈ।

(b) ਆਂਧਰ ਪ੍ਰਦੇਸ਼ ਵਿੱਚ

ਸੈਰ ਸਪਾਟੇ ਲਈ ਹੇਠਾਂ ਦਿੱਤੇ ਪ੍ਰਮੁੱਖ ਪਹਾੜੀ ਸਟੇਸ਼ਨ ਹਨ:

1. ਅਰਾਕੂ ਦੀ ਵਾਦੀ
2. ਹੋਰਸਲੇਅ ਦੀਆਂ ਪਹਾੜੀਆਂ

1. ਅਰਾਕੂ ਦੀ ਵਾਦੀ
2. ਹੋਰਸਲੇਅ ਦੀਆਂ ਪਹਾੜੀਆਂ
3. ਨਾਲਾਮਲਾ ਦੀਆਂ ਪਹਾੜੀਆਂ
4. ਅਨੰਨਥਾਗਿਰੀ ਦੀਆਂ ਪਹਾੜੀਆਂ

## (a) ਕਰਨਾਟਕਾ ਵਿੱਚ

ਕਰਨਾਟਕ ਵਿੱਚ ਸੈਲਾਨੀਆਂ ਨੂੰ ਹੇਠ ਦਿੱਤੇ ਪਹਾੜੀ ਸਥਾਨਾਂ ਚੋਂ ਆਪਣੀ ਪਸੰਦ ਦੇ ਪਹਾੜੀ ਸਟੇਸ਼ਨ ਚੁਨਣੇ ਪੈਂਦੇ ਹਨ।

1. ਕੁਦਰੇਮੁੱਖ
2. ਅਗੁੰਬੇ
3. ਬਾਬਾ ਬੁੰਦਨਗਿਰੀ
4. ਬਿਲੀਗਿਰੀ ਰੰਗਾਂ ਦੀਆਂ ਪਹਾੜੀਆਂ
5. ਦੰਦੇਲੀ
6. ਹੋਰਾਨਾਡੂ
7. ਹੋਸਾਨਗਾਰਾ
8. ਕੀਮਾਨਗੁੰਡੀ
9. ਰੋਪਾ
10. ਮਦੀਕੇਰੀ
11. ਮੁਦੀਗੇਰੇ
12. ਮੁਲਾਆਨਗਿਰੀ
13. ਨੰਦੀ ਦੀਆਂ ਪਹਾੜੀਆਂ
14. ਚਿਕਾਮਾਗਾਲੁਰ
15. ਸਾਕਲੇਸ਼ਪੁਰ
16. ਸਿਰਸੀ
17. ਸਿਦਾਪੁਰਾ
18. ਸੋਮਵਾਰਪੇਟ
19. ਸਰੀਨਗੇਰੀ
20. ਤਾਲਾਕਾਵੇਰੀ
21. ਤੀਰਥਾਹਾਲੀ
22. ਵੀਰਜਾਪੇਟ
23. ਧਾਨਾ
24. ਧੇਲਾਪੁਰਾ

## (b) ਕੇਰਲਾ ਵਿੱਚ

ਕੇਰਲਾ ਦੋਹਾਂ ਭਾਰਤੀ ਅਤੇ ਗੈਰ-ਭਾਰਤੀਆਂ ਲਈ ਸਥਾਪਿਤ ਕੀਤਾ ਗਿਆ ਪਰਯਟਕ ਸਥਾਨ ਹੈ। ਕੇਰਲਾ ਆਪਣੇ ਬੀਚਾਂ, ਬੈਕਵਾਟਰ, ਪਰਬਤ ਸ਼੍ਰੇਣੀਆਂ ਅਤੇ ਜੀਵ ਜੰਤੂ ਘਰਾਂ ਲਈ ਪ੍ਰਸਿੱਧ ਹੈ।


ਸੈਲਾਨੀਆਂ ਦੀ ਪਸੰਦ ਲਈ ਪਹਾੜੀ ਸਟੇਸ਼ਨ ਪੂਰੀ ਤਰ੍ਹਾਂ ਤਿਆਰ ਰਹਿੰਦੇ ਹਨ। ਸੈਲਾਨੀਆਂ ਦੇ ਪਸੰਦੀਦਾ ਪਹਾੜੀ ਸਟੇਸ਼ਨ ਦੇ ਉਤਪਾਦ ਹੇਠਾਂ ਦਿੱਤੇ ਗਏ ਹਨ:

1. ਮੁਨਾਰ
2. ਚਾਰਲਕੁੰਨੂ
3. ਦੇਵੀਕੁਲਮ
4. ਕਾਲਪੇਟਾ
5. ਕੋਟਾਨਚੇਰੀ
6. ਕੁਮੀਲੀ
7. ਮੰਨਾਥਾਵੇਡੀ
8. ਨੀਲੀਆਮਪਾਥੀ
9. ਪੀਰਮੇਡ
10. ਪੋਨਮੁੜੀ
11. ਰਾਨੀਪੁਰਮ
12. ਸੁਲਥਾਨ ਬਾਥਰੀ
13. ਥੁਸ਼ਾਗਗਿਰੀ
14. ਵਿਲਾਰੀਮਾਲਾ
15. ਵਾਏਥਿਰੀ
16. ਵਾਗਾਮੋਨ

### (e) ਮਹਾਰਾਸ਼ਟਰ ਵਿੱਚ

ਜਿਵੇਂ ਕਿ ਮਹਾਰਾਸ਼ਟਰ ਸਹਾਦਰੀ ਦੀ ਪਹਾੜੀਆਂ ਦਾ ਘਰ ਹੈ, ਰਾਜ ਵਿੱਚ ਨਾ ਕੇਵਲ ਭਾਰਤ ਤੋਂ ਬਲਕਿ ਪੂਰੇ ਸੰਸਾਰ ਤੋਂ ਸੈਲਾਲੀਆਂ ਨੂੰ ਆਕਰਸ਼ਿਤ ਕਰਨ ਵਾਲੇ ਪਹਾੜੀ ਸਟੇਸ਼ਨ ਹਨ, ਇਹਨਾਂ ਵਿੱਚ ਸੈਲਾਨੀਆਂ ਨੂੰ ਖਿੱਚਣ ਲਈ ਹਰ ਤਰ੍ਹਾਂ ਦੇ ਇੰਤਜਾਮ ਕਰਨ ਦੀ ਸਮਰੱਥਾ ਹੈ। ਮਹਾਰਾਸ਼ਟਰ ਦੇ ਮੁੱਖ ਪਹਾੜੀ ਸਟੇਸ਼ਨ ਹਨ:

1. ਲੋਨਾਵਲਾ
2. ਅਮਬੋਲੀ
3. ਚਿਕਹਾਲਦਾਗ
4. ਇਗਤਪੁਰੀ
5. ਜਵਾਹਰ
6. ਕਰਜਾਤ
7. ਖੰਡਾਲਾ
8. ਲਾਵਾਸਾ
9. ਮਹਾਂਬਲੇਸ਼ਵਰ



ਮਾਲਵਾ ਦਾ ਪਠਾਰ



ਜੀਪ ਸਫਾਰੀ, ਰਨਥੰਮ ਭੋਰ ਜੰਗਲੀ ਜੀਵ ਜੰਤੂ ਘਰ



ਊਠਾਂ ਦਾ ਕਾਫ਼ੀਲਾ, ਰਾਜਸਥਾਨ **(Camel Caravan)**


ਲੋਕਤਕ ਝੀਲ (ਰਾਮਸਾਰ ਸਾਈਟ), ਮਨੀਪੁਰ


ਇੱਕ ਆਰਦਰ ਭੂਮੀ


ਫੁੱਲਾਂ ਦੀ ਵਾਦੀ, ਉੱਤਰਾਖੰਡ ਦਾ ਪਹਾੜੀ ਸਟੇਸ਼ਨ


ਡੈਕਨ ਦਾ ਪਠਾਰ

10. ਮਥੇਰਨ
11. ਪੰਚਗਾਨੀ
12. ਪਨਹਾਲਾ
13. ਤੋਰਾਨਮਲ

**(a) ਤਮਿਲਨਾਡੂ ਵਿੱਚ**


ਤਮਿਲਨਾਡੂ ਦੇ ਸੈਰ ਸਪਾਟਾ ਦਾ ਭਾਰਤ ਦੇ ਭੂਦ੍ਰਿਸ਼ ਟੂਰ ਦੇ ਵਿੱਚ ਮਹੱਤਵਪੂਰਨ ਸਥਾਨ ਹੈ। ਬਿਨ੍ਹਾਂ ਹਲਚਲ ਵਾਲੇ ਬੀਚਾਂ ਦੀ ਧਰਤੀ ਅਤੇ ਮਨਮੋਹਕ ਪਹਾੜ, ਪਹਾੜੀ ਸਟੇਸ਼ਨਾਂ ਦੀਆਂ ਵਾਦੀਆਂ, ਤਮਿਲਨਾਡੂ ਆਪਣੇ ਬੇਹਿਸਾਬ ਕੁਦਰਤੀ ਸੁੰਦਰਤਾ ਨਾਲ ਸਵਾਗਤ ਕਰਦਾ ਹੈ। ਦੇਸ਼ ਦੇ ਦੱਖਣੀ ਕੋਨੇ ਵਿੱਚ ਸਥਿਤ ਤਮਿਲਨਾਡੂ ਦੇ ਪਹਾੜੀ ਸਟੇਸ਼ਨ ਉੱਤੇ ਕਈ ਘਰੇਲੂ ਅਤੇ ਪ੍ਰਦੇਸੀ ਸੈਲਾਨੀ ਆਉਂਦੇ ਹਨ। ਤਮਿਲਨਾਡੂ ਦੇ ਪਹਾੜੀ ਸਟੇਸ਼ਨ ਨਾ ਹੀ ਕੇਵਲ ਛੁੱਟੀਆਂ ਦੇ ਦਿਨਾਂ ਦਾ ਆਕਰਸ਼ਣ ਦੇ ਕੇਂਦਰ ਹਨ ਬਲਕਿ ਇਹ ਬਾਹਰਲੀ ਦੁਨੀਆਂ ਲਈ ਖ਼ੂਬਸੂਰਤ ਜਗ੍ਹਾ ਵੀ ਹੈ। ਤਮਿਲਨਾਡੂ ਦੇ ਮੁੱਖ ਪਹਾੜੀ ਸਟੇਸ਼ਨ ਹਨ:

1. ਊਟੀ
2. ਅਗਸਥੀਆ ਮਲਾਈ
3. ਕਨੂਰ
4. ਜਾਵੇਦੀ ਪਹਾੜੀਆਂ
5. ਕੋਡੇਕਨਾਲ
6. ਕੋਲੀ ਪਹਾੜੀਆਂ
7. ਕੋਥਾਗਿਰੀ
8. ਮੇਘਾਮਲਈ
9. ਸਿਰੂਮਲਈ
10. ਓਡਾਗਾਮਨਦਲਮ
11. ਵਲਪਰਈ
12. ਯੇਲਾਗਿਰੀ
13. ਯੇਰਕੋਡ

**ਸਮੀਖਿਅਕ ਪ੍ਰਸ਼ਨ**

1. ਹੇਠਾਂ ਦਿੱਤੇ ਦਾ ਮਿਲਾਨ ਕਰੋ:

| ਕਾਲਮ A | ਕਾਲਮ B |
|---|---|
| ੳ) ਲੋਨਾਵਾਲਾ, ਅਮਬੌਲੀ, ਚਿਕਹਾਲਦਾਰਾ | ਤਾਮਿਲਨਾਡੂ |
| ਅ) ਕੁਨੂਰ, ਜਾਵੇਦੀ ਪਹਾੜੀਆਂ, ਕੋਡੇਕਨਾਲ | ਮਹਾਰਾਸ਼ਟਰ |
| ੲ) ਅਰਾਕੂ ਵਾਦੀ, ਹੋਰਸਲੇਅ ਪਹਾੜੀਆਂ | ਪੱਛਮੀ ਬੰਗਾਲ |
| ਸ) ਦਾਰਜਲਿੰਗ, ਕਲੀਮਪੋਂਗ, ਕੁਰਸਿਉਂਗ | ਆਂਧਰ ਪ੍ਰਦੇਸ਼ |




ਨਕਸ਼ਾਂ 3.1: ਭਾਰਤ ਦੇ ਪਹਾੜੀ ਸਟੇਸ਼ਨਾਂ, ਰੇਤ ਦੇ ਟੀਲਿਆਂ, ਪਠਾਰਾਂ, ਮਾਰੂਥਲਾਂ ਅਤੇ ਮੈਦਾਨਾਂ ਦੀ ਵੰਡ

ਅਦਭੁੱਤ ਕੁਦਰਤੀ ਸੁੰਦਰਤਾ ਕਰਕੇ, ਮਸੂਰੀ ਨੂੰ ਪਹਾੜੀ ਸਟੇਸ਼ਨਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ।

## 3.4 ਪਠਾਰ ਅਤੇ ਸੈਰ-ਸਪਾਟਾ

ਪਠਾਰ ਚਪਟੇ ਸਿਖਰ ਅਤੇ ਤਿਰਛੀ ਢਲਾਨ ਵਾਲੀ ਟੋਪੋਗਰਾਫੀ ਵਾਲੇ ਸੈਰ ਸਪਾਟੇ ਲਈ ਬਹੁਤ ਮਹੱਤਤਾ ਰੱਖਦੇ ਹਨ। ਭਾਰਤ ਵਿੱਚ ਤਿੰਨ ਪ੍ਰਮੁੱਖ ਪਠਾਰ ਹੇਠਾਂ ਅਨੁਸਾਰ ਸੈਰ ਸਪਾਟੇ ਵਿੱਚ ਆਪਣੀ ਮਹੱਤਤਾ ਰੱਖਦੇ ਹਨ:

### ਛੋਟਾ ਨਾਗਪੁਰ ਦਾ ਪਠਾਰ ਅਤੇ ਸੈਰਸਪਾਟਾ

ਛੋਟਾ ਨਾਗਪੁਰ ਦਾ ਪਠਾਰ ਭਾਰਤੀ ਰਾਜ ਦੇ ਝਾਰਖੰਡ ਅਤੇ ਨਾਲ ਦੇ ਰਾਜਾਂ ਵਿੱਚ ਸਥਿਤ ਹੈ। ਇਸ ਖੇਤਰ ਵਿੱਚ ਸੈਰ ਸਪਾਟੇ ਲਈ ਬਹੁਤ ਕੁਝ ਹੈ ਅਤੇ ਹਰ ਤਰ੍ਹਾਂ ਦੇ ਸੈਲਾਨੀ ਲਈ ਚਾਹੇ ਧਾਰਮਿਕ ਪ੍ਰਵਿਰਤੀ ਵਾਲਾ ਹੋਵੇ, ਇਤਿਹਾਸਿਕ ਰੁਚੀ ਵਾਲਾ ਹੋਵੇ, ਮਨੋਰੰਜਨ ਲਈ ਯਾਤਰਾ ਕਰਦਾ ਹੋਵੇ ਅਤੇ ਸ਼ਿਲਪਕਾਰ ਹੋਵੇ ਅਤੇ ਚਾਹੇ ਕੁਦਰਤ ਵੱਲ ਰੁਚੀ ਵਾਲਾ ਹੋਵੇ। ਇਹ ਖੇਤਰ ਬਹੁਤ ਹੀ ਵੱਡਾ ਅਤੇ ਸੁੰਦਰ ਅਤੇ ਬਿਨ੍ਹਾ ਕਿਸੀ ਦਖ਼ਲਅੰਦਾਜ਼ੀ ਵਾਲਾ ਹੈ। ਛੋਟਾ ਨਾਗਪੁਰ ਦੇ ਖ਼ੇਤਰ ਵਿੱਚ ਬਹੁਤ ਪਹਾੜੀਆਂ ਅਤੇ ਵਾਦੀਆਂ ਹਨ ਅਤੇ ਇਹ ਸਥਾਨ ਪਹਾੜਾਂ ਵਿੱਚ ਕੈਂਪ ਬਣਾ ਕੇ ਰਹਿਣ ਅਤੇ ਪਹਾੜ ਤੇ ਚੜਨ ਲਈ ਵਧੀਆ ਵਿਕਲਪ ਹੈ। ਸੈਲਾਨੀ ਇਸ ਸਥਾਨ ਤੇ ਪੰਛੀਆਂ ਤੇ ਜੰਗਲੀ ਜਾਨਵਰਾਂ ਨੂੰ ਵੇਖਣ ਦਾ ਲੁੱਤਫ ਵੀ ਉਠਾ ਸਕਦੇ ਹਨ। ਇਸੇ ਸਥਾਨ ਤੇ ਕਈ ਕਬੀਲੇ ਹਨ ਜਿਵੇਂ (ਖੋਡਸ਼, ਗੋਡਸ਼, ਕੋਰਾਜ, ਲੋਹਾਰ, ਅਸੂਰ ਅਤੇ ਸੈਨਥਲਜ) ਜਿਨ੍ਹਾ ਨੂੰ ਸੈਲਾਨੀ ਵੇਖਣ ਆਉਂਦੇ ਹਨ।

ਛੋਟੇ ਨਾਗਪੁਰ ਦੇ ਖ਼ੇਤਰ ਦੇ ਪ੍ਰਮੁੱਖ ਸਥਾਨਾਂ ਵਿੱਚ ਰਾਂਚੀ, ਧਨਬਾਦ, ਨੇਤਰਹਟ ਅਤੇ ਹਜਾਰੀ ਬਾਗ਼ ਹਨ। ਇੱਥੇ ਕਈ ਝਰਨੇ ਹਨ। ਹਜਾਰੀ ਬਾਗ਼ ਇੱਕ ਪਹਾੜੀ ਸਟੇਸ਼ਨ ਹੈ ਅਤੇ ਇਹ ਮਨਮੋਹਕ ਦ੍ਰਿਸ਼ ਪੇਸ਼ ਕਰਦਾ ਹੈ। ਸੈਲਾਨੀ ਇਸ ਕਸਬੇ ਦੇ ਕੋਲ ਸਥਿਤ ਜੰਗਲੀ ਜੀਵ-ਜੰਤੂ ਘਰ ਵਿਖੇ ਵੀ ਜਾ ਸਕਦੇ ਹਨ। ਨੇਤਰਹਤ ਇੱਕ ਹੋਰ ਸੁੰਦਰ ਪਹਾੜੀ ਰਿਸੋਰਟ ਹੈ ਜੋ ਕਿ ਆਪਣੀ ਸੁੰਦਰਤਾ ਅਤੇ ਅਨੋਖੇ ਪਣ ਲਈ ਵੇਖਣ ਯੋਗ ਹੈ। ਇਸ ਖ਼ੇਤਰ ਨੂੰ ਖਣਿਜ ਪਦਾਰਥ ਅਤੇ ਕੱਚੀ ਧਾਤ ਦੇ ਸਰੋਤਾਂ ਨਾਲ ਭਰਪੂਰ ਹੋਣ ਦਾ ਵਰਦਾਨ ਹੈ ਜੋ ਕਿ ਖਨਨ ਸੈਰਸਪਾਟੇ ਦਾ ਵੀ ਆਧਾਰ ਹੈ।

ਉੱਪਰ ਕੀਤੇ ਛੋਟੇ ਨਾਗਪੁਰ ਦੇ ਪਠਾਰ ਦੇ ਵਿਸ਼ਲੇਸ਼ਣ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਇਹ ਖ਼ੇਤਰ ਕੁਦਰਤ ਆਧਾਰਿਤ, ਖਨਨ ਅਤੇ ਸਭਿਆਚਾਰਕ ਸੈਰਸਪਾਟੇ ਲਈ ਬਹੁਤ ਵਧੀਆ ਸਥਾਨ ਹੈ।

### ਮਾਲਵਾ ਦਾ ਪਠਾਰ ਅਤੇ ਸੈਰ ਸਪਾਟਾ

ਰਾਜਨੀਤਿਕ ਅਤੇ ਪ੍ਰਸ਼ਾਸ਼ਨਿਕ ਪੱਖੋਂ, ਮਾਲਵਾ ਵਿੱਚ ਪੱਛਮੀ ਮੱਧਪ੍ਰਦੇਸ਼ ਅਤੇ ਦੱਖਣ-ਪੂਰਬੀ ਰਾਜਸਥਾਨ ਦੇ ਕੁਝ ਹਿੱਸੇ ਆਉਂਦੇ ਹਨ। ਮਾਲਵਾ ਵਿੱਚ ਵਿੰਧਿਆ ਦੇ ਉੱਤਰ ਵਿੱਚ ਨਿਰਮਾਰ ਖ਼ੇਤਰ ਵੀ ਆਉਂਦਾ ਹੈ।

ਇਸ ਪਠਾਰ ਵਿੱਚ ਰਾਜਸਥਾਨੀ, ਮਰਾਠੀ ਅਤੇ ਗੁਜਰਾਤੀ ਸਭਿਆਚਾਰਾਂ ਦਾ ਸੁਮੇਲ ਹੈ। ਭਾਰਤ ਦੇ ਇਤਿਹਾਸ ਦੇ ਕਈ ਮਹਾਨ ਲੋਕ ਮਾਲਵਾ ਨਾਲ ਸਬੰਧ ਰੱਖਦੇ ਸਨ, ਜਿਨ੍ਹਾਂ ਵਿੱਚ ਕਵੀ ਕਾਲੀਦਾਸ, ਲੇਖਕ ਭਾਰਤਰੀ ਹਰੀ, ਗਣਿਤਕਾਰ ਅਤੇ ਪੁਲਾੜ ਖੋਜੀ ਵਰਹਮਹੀਰ ਅਤੇ ਬ੍ਰਹਮਗੁਪਤ, ਬਹੁਗਣਿਤਕ ਰਾਜਾ ਭੋਜ ਅਤੇ ਸੰਗੀਤਕਾਰ ਤਾਨਸੇਨ ਸਨ। ਉਜੈਨ ਪੁਰਾਤਨ ਅਤੇ ਮੱਧਕਾਲ ਦੇ ਸਮੇਂ ਵਿੱਚ ਇਸ ਖ਼ੇਤਰ ਦੀ ਰਾਜਨੀਤਕ, ਸਭਿਆਚਾਰਕ ਅਤੇ ਵਿੱਤੀ ਰਾਜਧਾਨੀ ਰਹੀ ਹੈ, ਅਤੇ ਇੰਦੌਰ ਅੱਜ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਵਪਾਰਿਕ ਕੇਂਦਰ ਹੈ।

## ਮਾਲਵੇ ਦੇ ਪਠਾਰ ਦਾ ਸੈਰਸਪਾਟਾ

ਮਾਲਵੇ ਦੇ ਮੁੱਖ ਸੈਲਾਨੀ ਸਥਾਨਾਂ ਵਿੱਚ ਇਤਹਾਸਿਕ ਜਾਂ ਧਾਰਮਿਕ ਮਹੱਤਤਾ ਵਾਲੇ ਸਥਾਨ ਆਉਂਦੇ ਹਨ। ਸਿਪਰਾ ਨਦੀ ਅਤੇ ਉਜੈਨ ਦਾ ਸ਼ਹਿਰ ਕਈ ਹਜ਼ਾਰਾਂ ਸਾਲਾਂ ਤੋਂ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ। ਉਜੈਨ ਦਾ ਮਹਾਂਕਾਲ ਮੰਦਿਰ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਉਜੈਨ ਵਿੱਚ 100 ਤੋਂ ਵੱਧ ਪੁਰਾਤਨ ਮੰਦਿਰ ਹਨ।

ਜਿਨ੍ਹਾਂ ਵਿੱਚ ਹਰਸਿੱਧੀ, ਚਿੰਤਾਮਨਗਨੇਸ਼, ਗਧ ਕਾਲੀਕਾ, ਕਾਲ ਭੈਰਵ ਅਤੇ ਮੰਗਲਨਾਥ ਹਨ। ਕਾਲੀਦੇਹ ਮਹਿਲ ਪੁਰਾਤਨ ਭਾਰਤ ਦੀ ਸ਼ਿਲਪਕਲਾ ਦਾ ਇੱਕ ਬਹੁਤ ਵਧੀਆ ਉਦਾਹਰਨ ਹੈ। ਭਰਤਹਰੀ ਗੁਫ਼ਾਵਾਂ ਨਾਲ ਕਈ ਰੋਮਾਂਚਕ ਕਿੱਸੇ ਵੀ ਜੁੜੇ ਹਨ। ਚੌਥੀ ਸ਼ਤਾਬਦੀ ਤੋਂ ਉਜੈਨ ਨੂੰ ਭਾਰਤ ਦੇ 'ਗਰੀਨ ਵਿੱਚ' ਵਜੋਂ ਮਾਨਤਾ ਪ੍ਰਾਪਤ ਹੈ, ਜੋ ਕਿ ਹਿੰਦੂ ਭੂਗੋਲ ਸ਼ਾਸਤਰੀ ਲਈ ਭੂਮੱਧ ਰੇਖਾ ਦਾ ਕੰਮ ਕਰਦਾ ਹੈ। ਜੈ ਸਿੰਘ ਦੁਆਰਾ ਬਣਾਈ ਗਈ ਔਬਸਰਵੇਟਰੀ ਭਾਰਤ ਦੀਆਂ ਚਾਰ ਔਬਸਰਵੇਟਰੀਆਂ ਵਿੱਚੋਂ ਇੱਕ ਹੈ ਅਤੇ ਪੁਰਾਤਨ ਖਗੋਲੀ ਯੰਤਰਾਂ ਨੂੰ ਪ੍ਰਸਤੁੱਤ ਕਰਦੀ ਹੈ। ਸਿਮਹਸਥਾ ਮੇਲਾ, ਹਰ 12 ਸਾਲਾਂ ਬਾਅਦ ਮਨਾਇਆ ਜਾਂਦਾ ਹੈ, ਜੋ ਚੈਤਰ (ਅਪ੍ਰੈਲ) ਦੀ ਪੁਰਨਿਮਾ ਨੂੰ ਸ਼ੁਰੂ ਹੁੰਦਾ ਹੈ ਅਤੇ ਅਗਲੀ ਪੁਰਨਿਮਾ ਤੱਕ ਵੈਸਾਖ (ਮਈ) ਤੱਕ ਚਲਦਾ ਹੈ।

ਮੰਡੂ ਅਸਲ ਵਿੱਚ ਪਰਮਾਰ ਸਾਮਰਾਜ ਦੀ ਰਾਜਧਾਨੀ ਸੀ। 13ਵੀਂ ਸ਼ਤਾਬਦੀ ਦੇ ਅੰਤ ਵਿੱਚ, ਇਹ ਮਾਲਵਾ ਦੇ ਸੁਲਤਾਨਾਂ ਦੇ ਕਬਜੇ ਹੇਠ ਆ ਗਈ, ਜਿਸਨੇ ਪਹਿਲਾਂ ਨਾਮ ਸਾਦੀਆਬਾਦ (ਖੁਸ਼ੀ ਦਾ ਸ਼ਹਿਰ) ਰੱਖਿਆ ਸੀ। ਇਹ ਰਾਜਧਾਨੀ ਵੀ ਰਹੀ ਹੈ। ਇਸ ਵਿੱਚ ਸੁਲਤਾਨਾਂ ਨੇ ਕਈ ਮਹਿਲ ਬਣਵਾਏ ਜਿਵੇਂ ਕਿ ਜਹਾਜ਼ ਮਹਿਲ ਅਤੇ ਹਿੰਡੋਲਾ ਮਹਿਲ, ਨਹਿਰਾਂ, ਗੁਸਲਖਾਨੇ ਅਤੇ ਖੁੱਲੇ ਰੰਗ ਮੰਚ। ਵੱਡੀ ਜਾਮਾ ਮਸਜਿਦ ਅਤੇ ਹੋਸ਼ਾਂਗ ਸ਼ਾਹ ਦਾ ਮਕਬਰਾ, ਸਦੀਆਂ ਬਾਅਦ ਤਾਜ ਮਹਿਲ ਬਣਾਉਣ ਵਾਲਿਆਂ ਲਈ ਪ੍ਰੇਰਨਾ ਦਾ ਸਰੋਤ ਬਣਿਆ। ਬਾਜ ਬਹਾਦਰ ਨੇ ਮੰਡੂ ਵਿੱਚ 16ਵੀਂ ਸ਼ਤਾਬਦੀ ਵਿੱਚ ਇੱਕ ਵੱਡਾ ਮਹਿਲ ਬਣਵਾਇਆ। ਹੋਰ ਪ੍ਰਸਿੱਧ ਇਤਿਹਾਸਿਕ ਸਮਾਰਕ ਹਨ ਰੇਵਾ ਕੁੰਡ, ਰੁਪ ਮਤੀ ਰੰਗ ਮੰਚ, ਨੀਲਕੰਠ ਮਹਿਲ, ਹਾਥੀ ਮਹਿਲ, ਦਰਿਆ ਖਾਨ ਦਾ ਮਕਬਰਾ, ਦਾਈ ਦਾ ਮਹਿਲ, ਮਲਿਕ ਮੁਗਹਿਤ ਮਸਜਿਦ ਅਤੇ ਜਾਲੀ ਮਹਿਲ।

ਮੰਡੂ ਦੇ ਨਜ਼ਦੀਕ ਹੈ ਮਹੇਸ਼ਵਰ, ਇੱਕ ਕਸਬਾ ਨਰਮਦਾ ਨਦੀ ਦੇ ਉੱਤਰੀ ਕਿਨਾਰੇ ਤੇ ਸਥਿਤ ਹੈ ਰਾਜਮਾਤਾ ਅਹੀਲਿਆ ਦੇਵੀ ਹੋਲਕਰ ਦੇ ਸਮੇਂ ਇੰਦੋਰ ਰਾਜ ਦੀ ਰਾਜਧਾਨੀ ਸੀ। ਮਰਾਠਾ ਰਜਵਾੜਾ (ਕਿਲ੍ਹਾ) ਮੁੱਖ ਆਕਰਸ਼ਨ ਦਾ ਕੇਂਦਰ ਹੈ। ਕਿਲ੍ਹੇ ਦੇ ਅੰਦਰ ਸਿਹਾਸਨ ਤੇ ਬੈਠੀ ਰਾਣੀ ਅਹੀਲਿਆ ਦਾ ਇੱਕ ਵੱਡਾ ਬੁੱਤ ਹੈ। 1405 ਵਿੱਚ ਮੰਡੂ ਦੇ ਰਾਜਧਾਨੀ ਬਨਣ ਤੋਂ ਪਹਿਲਾਂ ਧਾਰ ਮਾਲਵਾ ਦੀ ਰਾਜਧਾਨੀ ਸੀ। ਕਿਲ੍ਹਾ ਅੱਜ ਕਲ ਖੰਡਰ ਬਣ ਚੁੱਕਾ ਹੈ, ਪਰ ਇੱਕ ਸੁੰਦਰ ਤਸਵੀਰ ਪੇਸ਼ ਕਰਦਾ ਹੈ। ਭੋਜਸ਼ਾਲਾ ਮਸਜਿਦ (1400 ਵਿੱਚ ਬਣਾਈ ਗਈ) ਅਜੇ ਤੱਕ ਸ਼ੁੱਕਰਵਾਰ ਦੇ ਦਿਨ ਪੂਜਾ ਕਰਨ ਦਾ ਸਥਾਨ ਹੈ। ਟੁੱਟੀ-ਭੱਜੀ ਲਾਤ ਮਸਜਿਦ (1405) ਅਤੇ ਕਮਲ ਮੌਲਾ ਦਾ ਮਕਬਰਾ (15ਵੀਂ ਸ਼ਤਾਬਦੀ ਦੀ ਸ਼ੁਰੂਆਤ ਦਾ), ਇੱਕ ਮੁਸਲਿਮ ਸੰਤ, ਕੁਝ ਹੋਰ ਵੇਖਣ ਯੋਗ ਸਥਾਨ ਹਨ।

ਆਧੁਨਿਕ ਇੰਦੌਰ ਬੜਾ ਹੀ ਨਿਯੋਜਿਤ ਸੀ ਅਤੇ ਰਾਜਮਾਤਾ ਅਹੀਲਿਆ ਦੇਵੀ ਹੋਲਕਰ ਦੁਆਰਾ ਬਣਵਾਇਆ ਗਿਆ ਸੀ। ਵਿਸ਼ਾਲ ਲਾਲ਼ ਬਾਗ ਪੈਲੇਸ ਇੱਕ ਵੱਡੀਆਂ ਸਮਾਰਕਾਂ ਵਿੱਚੋਂ ਇੱਕ ਹੈ। ਬੜਾ ਗਣਪਤੀ ਮੰਦਿਰ ਘਰ ਵਿੱਚ ਗਣੇਸ਼ ਦੀ ਸੰਸਾਰ ਦੀ ਸਭ ਤੋਂ ਵੱਡੀ ਮੂਰਤੀ ਰੂਪ ਸਥਾਪਿਤ ਹੈ, ਜੋ ਕਿ ਪੈਰ ਤੋਂ ਮੁਕੁਟ ਤੱਕ 7.6 ਮੀ. ਉੱਚੀ ਹੈ। ਕੰਚ ਮੰਦਿਰ ਇੱਕ ਸ਼ੀਸ਼ੇ ਨਾਲ ਬਣਿਆ ਜੈਨ ਮੰਦਿਰ ਹੈ। ਟਾਉਨ-ਹੱਾਲ 1904 ਵਿੱਚ ਬਣਿਆ ਇੰਡੋ-ਗੋਥਿਕ ਤਰੀਕੇ ਨਾਲ ਬਣਿਆ ਹੋਇਆ ਹੈ, ਸਭ ਤੋਂ ਪਹਿਲਾਂ ਇਸਦਾ ਨਾਂ ਕਿੰਗ ਏਡਵਰਡ ਹਾੱਲ ਸੀ, ਜੋ ਬਾਅਦ ਵਿੱਚ 1948 ਵਿੱਚ ਮਹਾਤਮਾ ਗਾਂਧੀ ਹਾੱਲ ਰੱਖ ਦਿੱਤਾ ਗਿਆ ਸੀ। ਛੱਤਰੀਆਂ ਇੱਕ ਤਰ੍ਹਾਂ ਦੇ ਮਕਬਰੇ ਜਾਂ ਸਮਾਰਕਾਂ ਹਨ ਜੋ ਮਰ ਚੁੱਕੇ ਹੋਲਕਰ ਰਾਜਿਆਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੀ ਯਾਦ ਵਿੱਚ ਬਣਵਾਏ ਗਏ ਹਨ।

ਹੁਸੈਨ ਟੇਕਰੀ ਦੀ ਸਮਾਧ, ਜਾਉਰਾ ਦੇ ਨਵਾਬ ਮੁਹੰਮਦ ਇਫ਼ਤੀਖ਼ਾਰ ਅਲੀ ਖ਼ਾਨ ਬਹਾਦੁਰ ਦੁਆਰਾ, ਰਤਲਮ ਜ਼ਿਲ੍ਹੇ ਦੇ ਜਾਉਰਾ ਦੇ ਬਾਹਰੀ ਖ਼ੇਤਰ ਵਿੱਚ 19ਵੀਂ ਸ਼ਤਾਬਦੀ ਵਿੱਚ ਬਣਵਾਈ ਗਈ। ਮੁਹੰਮਦ ਇਫ਼ਤੀਖ਼ਾਰ ਅਲੀ ਖ਼ਾਨ ਬਹਾਦੁਰ ਨੂੰ ਵੀ ਉਸੀ ਕਬਰ ਵਿੱਚ ਦਫ਼ਨਾਇਆ ਗਿਆ ਜਿੱਥੇ ਹੁਸੈਨ ਟੇਕਰੀ ਨੂੰ ਦਫ਼ਨਾਇਆ ਗਿਆ। ਮੁਹੱਰਮ ਦੇ ਮਹੀਨੇ ਵਿੱਚ, ਪੂਰੀ ਦੁਨੀਆਂ ਤੋਂ ਹਜਾਰਾਂ ਲੋਕ ਹਜਰਤ ਇਮਾਮ ਹੁਸੈਨ ਜੀ ਦੀ ਦਰਗਾਹ ਤੇ ਆਉਂਦੇ ਹਨ, ਜੋ ਕਿ ਅਸਲੀ ਇਰਾਕੀ ਦਾ ਦੂਜਾ ਰੂਪ ਹੈ। ਇਹ ਸਥਾਨ ਮਾਨਸਿਕ ਕਮਜ਼ੋਰੀ ਨੂੰ ਠੀਕ ਕਰਨ ਲਈ ਕੀਤੀ ਜਾਂਦੀ ਰਸਮ ਹਾਜਰੀ ਲਈ ਮਸ਼ਹੂਰ ਹੈ।

## ਡੈਕਨ ਦਾ ਪਠਾਰ ਅਤੇ ਸੈਰਸਪਾਟਾ

1. ਇਹ ਪਠਾਰ ਪੂਰਬ ਅਤੇ ਪੱਛਮ ਵੱਲੋਂ ਘਾਟਾਂ ਨਾਲ ਘਿਰਿਆ ਹੋਇਆ ਹੈ। ਜਦਕਿ ਇਸਦੇ ਉੱਤਰੀ ਸਿਰੇ ਤੇ ਸਤਪੁੜਾ ਪਰਬਤ ਸ਼੍ਰੇਣੀ ਹੈ, ਤੇ ਇਸਦੀਆਂ ਮੁੱਖ ਨਦੀਆਂ ਹਨ, ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ, ਜੋ ਕਿ ਪੱਛਮੀ ਘਾਟਾਂ ਤੋਂ ਪੂਰਬ ਨੂੰ ਬੰਗਾਲ ਦੀ ਖਾੜੀ ਵੱਲ ਨੂੰ ਵਹਿੰਦੀਆਂ ਹਨ। ਪਠਾਰ ਦਾ ਵਾਤਾਵਰਨ, ਤਟ ਨਾਲੋਂ ਖੁਸ਼ਕ ਅਤੇ ਨੀਰਸ ਹੁੰਦਾ ਹੈ। ਪਠਾਰ ਦੇ ਪੱਛਮੀ ਸਿਰੇ ਉੱਤੇ ਸਹਾਦਰੀ, ਨੀਲਗੀਰੀ, ਅੰਨਾਮਲਈ ਅਤੇ ਕਾਰਡੇਮੋਮ ਦੀਆਂ ਪਹਾੜੀਆਂ ਹਨ, ਜਿਨ੍ਹਾਂ ਨੂੰ ਪੱਛਮੀ ਘਾਟ ਕਿਹਾ ਜਾਂਦਾ ਹੈ। ਪੂਰਬੀ ਡੈਕਨ ਪਠਾਰ ਨੂੰ ਤੇਲੰਗਾਨਾ ਕਿਹਾ ਜਾਂਦਾ ਹੈ। ਦਰਾਵਿੜ ਸੰਘ ਦੀ ਤੇਲਗੂ ਭਾਸ਼ਾ ਇਸ ਪਠਾਰ ਤੇ ਬੋਲੀ ਜਾਂਦੀ ਹੈ। ਪਠਾਰ ਦੇ ਮਹੱਤਵਪੂਰਨ ਸ਼ਹਿਰ ਅਤੇ ਕਸਬੇ ਹਨ ਹੈਦਰਾਬਾਦ, ਵਾਰੰਗਲ, ਕੁਰਨੂਲ ਅਤੇ ਨਿਜਾਮਾਬਾਦ।

## ਡੈਕਨ ਪਠਾਰ ਦੇ ਸੈਲਾਨੀ ਆਕਰਸ਼ਣ ਕੇਂਦਰ

### 1. ਔਰੰਗਾਬਾਦ

ਮਹਾਂਰਾਸ਼ਟਰ ਵਿੱਚ ਸਥਿਤ ਔਰੰਗਾਬਾਦ ਦਾ ਨਾਂ ਮੁਗਲ ਸਮਰਾਟ ਔਰੰਗਜੇਬ ਦੇ ਨਾਂ ਤੇ ਪਿਆ। ਇਹ ਸੰਸਾਰ ਵਿੱਚ ਆਪਣੀਆਂ ਅਜੰਤਾ ਅਤੇ ਇਲੋਰਾ ਦੀਆਂ ਗੁਫ਼ਾਵਾਂ ਲਈ ਮਸ਼ਹੂਰ ਹੈ, ਜਿੱਥੇ ਬੀਬੀ ਦਾ ਮਕਬਰਾ (ਔਰੰਗਜੇਬ ਦੀ ਪਤਨੀ ਦੀ ਸਮਾਧੀ) ਅਤੇ ਔਰੰਗਾਬਾਦ ਦੀਆਂ ਗੁਫ਼ਾਵਾਂ ਵੀ ਹਨ।

### 2. ਬਾਦਾਮੀ

ਇਹ ਚਾਲੂਕਿਆ ਦੀ ਰਾਜਧਾਨੀ ਸੀ, ਬਾਦਾਮੀ ਹੁਣ ਕਰਨਾਟਕ ਦਾ ਇੱਕ ਛੋਟਾ ਕਸਬਾ ਹੈ। ਇਹ ਆਪਣੇ ਸੁੰਦਰ ਗੁਫ਼ਾ ਵਾਲੇ ਮੰਦਿਰਾਂ, ਲਈ ਪ੍ਰਸਿੱਧ ਹਨ ਜੋ ਕਿ ਲਾਲ ਪੱਥਰਾਂ ਦੀਆਂ ਚਟਾਨਾਂ ਤੋਂ ਕੱਟ ਕੇ ਬਣਾਏ ਹਨ।

### 3. ਬੈਂਗਲੁਰੂ

ਬੈਂਗਲੁਰੂ ਜੋ ਕਿ ਕਰਨਾਟਕ ਵਿੱਚ ਸਥਿਤ ਹੈ ਇਹ ਭਾਰਤ ਦੀ 'ਗਾਰਡਨ ਸਿਟੀ' ਹੈ ਇਨ੍ਹਾਂ ਵਿੱਚ ਸੁੰਦਰ ਪਾਰਕ ਅਤੇ ਇਤਿਹਾਸਿਕ ਸਮਾਰਕ ਹਨ। ਹੁਣ ਇਹ ਭਾਰਤ ਦੀ ਸੂਚਨਾ ਅਤੇ ਤਕਨੀਕੀ ਰਾਜਧਾਨੀ ਹੈ ਜਿੱਥੇ ਕਈ ਮਲਟੀਨੈਸ਼ਨਲ ਸਾਫਟਵੇਅਰ ਕੰਪਨੀਆਂ ਸਥਾਪਿਤ ਹੋ ਰਹੀਆਂ ਹਨ।

**4. ਬੇਲਗਾਮ**

ਕਰਨਾਟਕ ਦਾ ਇਹ ਛੋਟਾ ਕਸਬਾ ਆਪਣੇ ਜੈਨ ਮੰਦਿਰਾਂ ਅਤੇ ਸਾਟਾ ਮਸਜਿਦ ਕਰਕੇ ਮਸ਼ਹੂਰ ਹੈ। ਵਾੱਚਟਾਵਰ ਅਤੇ ਸਨਸੇਟ ਪੁਆਇੰਟ ਤੋਂ ਪੇਂਡੂ ਖੇਤਰ ਅਤੇ ਦੂਰ ਸਥਿਤ ਪਹਾੜੀਆਂ ਦਾ ਇੱਕ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦਾ ਹੈ।

**5. ਬਿਦਰ**

ਦੱਖਣ ਭਾਰਤ ਦੇ ਬਾਹਮਨੀ ਸ਼ਾਸਕਾਂ ਦੀ ਇੱਕ ਵਾਰ ਬਣਾਈ ਗਈ ਰਾਜਧਾਨੀ, ਬਿਦਰ, ਕਰਨਾਟਕ ਵਿੱਚ ਸਥਿਤ ਹੈ ਜੋ ਆਪਣੇ ਇਤਿਹਾਸਿਕ ਸਮਾਰਕਾਂ ਲਈ ਜਾਣੀ ਜਾਂਦੀ ਹੈ। ਬਿਦਰ ਦਾ ਮੁੱਖ ਸੈਲਾਨੀ ਆਕਰਸ਼ਣ ਹੈ ਇਸਦਾ ਅਹਮਦ ਵਲੀ ਸ਼ਾਹ ਦੁਆਰਾ ਬਣਾਇਆ ਗਿਆ ਕਿਲ੍ਹਾ। ਕਿਲ੍ਹੇ ਅੰਦਰ ਕਈ ਮਹੱਤਵਪੂਰਨ ਮਹਿਲ ਹਨ, ਜਿਨ੍ਹਾਂ ਵਿੱਚ ਰੰਗ ਮਹਿਲ, ਸੋਲਹ ਖੰਬਾ ਮਸਜਿਦ (16 ਖੰਭਿਆਂ ਵਾਲੀ ਮਸਜਿਦ), ਗਗਨ ਮਹਿਲ, ਦੀਵਾਨ-ਏ-ਆਮ, ਰੋਇਲ ਪੈਵੀਲੀਅਨ (ਸ਼ਾਹੀ ਰੰਗ ਮੰਚ) ਅਤੇ ਤਖ਼ਤ ਮਹਿਲ ਹਨ।

**6. ਬੀਜਾਪੁਰ**

ਮੱਧਕਾਲੀਨ ਭਾਰਤ ਦੇ ਆਦਿਲ ਸ਼ਾਹੀ ਸ਼ਾਸਕਾਂ ਦੀ ਰਾਜਧਾਨੀ, ਬੀਜਾਪੁਰ, ਕਰਨਾਟਕ ਰਾਜ ਦੇ ਦੱਖਣ ਵਿੱਚ ਸਥਿਤ ਹੈ। ਇਹ ਆਪਣੇ ਇਤਿਹਾਸਿਕ ਸਮਾਰਕਾਂ ਕਰਕੇ ਜਾਣਿਆ ਜਾਂਦਾ ਹੈ। ਸ਼ਾਨਦਾਰ ਗੋਲ ਗੁੰਬਜ (ਭਾਰਤ ਦਾ ਸਭ ਤੋਂ ਵੱਡਾ ਗੁੰਬਜ ਅਤੇ ਸੰਸਾਰ ਦਾ ਦੂਸਰਾ ਵੱਡਾ) ਇਬਰਾਹਿਮ ਰੋਜਾ (ਸੁੰਦਰ ਮਕਬਰਾ ਜੋ ਆਦਿਲ ਸ਼ਾਹ II ਨੇ ਆਪਣੀ ਰਾਣੀ ਲਈ ਬਣਵਾਇਆ ਸੀ) ਅਤੇ ਗਗਨ ਮਹਿਲ ਦੇ ਖੰਡਰ ਸੈਲਾਨੀਆਂ ਨੂੰ ਲੁਭਾਉਂਦੇ ਹਨ। ਸੱਤ ਮੰਜ਼ਿਲ (7 ਮੰਜਿਲ ਮਹਿਲ), ਜਲ ਮੰਜ਼ਿਲ ਬਾਰਾਂ ਕਮਨ (12 ਆਰਕ), ਤਾਜ ਬਾਵੜੀ (ਪਾਣੀ ਦੀ ਟੰਕੀ), ਉਪਲੀ ਬੁਰਜ (ਵਾੱਚ ਟਾਵਰ), ਮੇਹਤਾਰ ਮਹਿਲ ਅਤੇ ਅਸਰ ਮਹਿਲੇ, ਕੁਝ ਹੋਰ ਬੀਜਾਪੁਰ ਵਿੱਚ ਸੈਲਾਨੀਆਂ ਦੁਆਰਾ ਵੇਖੇ ਜਾਣ ਵਾਲੇ ਸਥਾਨ ਹਨ।

**7. ਕਾਲੀਕਟ**

ਕਾਲੀਕਟ (ਕੋਜੀਕੋਡ), ਕੇਰਲ ਵਿੱਚ ਸਥਿਤ, ਪੁਰਾਤਨ ਸਮੇਂ ਤੋਂ ਹੀ ਇੱਕ ਵਪਾਰਿਕ ਕੇਂਦਰ ਰਿਹਾ ਹੈ। ਵਾਸਕੋ-ਡੀ-ਗਾਮਾ 1498 ਵਿੱਚ ਕਾਲੀਕਟ ਦੇ ਨਜ਼ਦੀਕ ਕਪਾੜਾ ਸਥਾਨ ਤੇ ਉੱਤਰਿਆ ਸੀ। ਇਹ ਸ਼ਹਿਰ ਲੱਕੜ ਦੇ ਉਦਯੋਗ ਦਾ ਕੇਂਦਰ ਹੈ ਅਤੇ ਕਿਸ਼ਤੀ ਨਿਰਮਾਣ ਲਈ ਜਾਣਿਆ ਜਾਂਦਾ ਹੈ। ਸ਼ਬਦ 'ਕੈਲੀਕੋ' ਵੀ ਇਸ ਸਥਾਨ ਦੇ ਨਾਂ ਤੋਂ ਹੀ ਲਿਆ ਗਿਆ ਹੈ।

**8. ਗੁਲਬਰਗ**

ਕਰਨਾਟਕ ਰਾਜ ਵਿੱਚ ਸਥਿਤ, ਛੋਟਾ ਜਿਹਾ ਕਸਬਾ ਗੁਲਬਰਗ ਆਪਣੇ ਬਾਹਾਮਨੀ ਮੱਧਕਾਲੀਨ ਸਾਮਰਾਜ ਦੇ ਨਾਲ ਸੰਬੰਧਾਂ ਲਈ ਮਸ਼ਹੂਰ ਹੈ। ਸੈਲਾਨੀ ਇੱਥੇ ਆਨੰਦ ਮਾਣਦੇ ਹਨ ਉਨ੍ਹਾਂ ਸਮਾਰਕਾਂ ਦਾ, ਜੋ ਕਿ 13 ਵੀਂ ਤੋਂ 15ਵੀਂ ਸ਼ਤਾਬਦੀ ਨਾਲ ਸਬੰਧ ਰੱਖਦੇ ਹਨ। ਗੁਲਬਰਗ ਕਿਲ੍ਹਾ ਸੈਰ ਸਪਾਟੇ ਦੇ ਕੇਂਦਰ ਵਜੋਂ ਮਹੱਤਵਪੂਰਨ ਸਥਾਨ ਹੈ। ਇਸ ਕਿਲ੍ਹੇ ਵਿੱਚ ਜਾਮਾ ਮਸਜਿਦ ਹੈ, ਜੋ ਕਿ ਸਪੇਨ ਤੋਂ ਮੁਰਿਸ਼ ਸ਼ਿਲਪਕਾਰ ਦੁਆਰਾ 14ਵੀਂ ਸਦੀ ਦੱਖਣ ਸਪੇਨ ਦੀ ਗਰੇਟ ਕੋਰਡੋਬਾ ਮਸਜਿਦ ਦੀ ਨਕਲ ਨਾਲ ਬਣਾਈ ਗਈ। ਕਸਬੇ ਵਿੱਚ ਹੋਰ ਖਿੱਚ ਦਾ ਕੇਂਦਰ ਬਨਣ ਵਾਲੇ ਸਥਾਨ ਹਨ ਬਾਹਮਨੀ ਸ਼ਾਸਕਾਂ ਦੇ ਮਕਬਰੇ, ਹਾਫਟ ਗੁੰਬਦ, ਖਵਾਜਾ ਬੰਦੇ ਨਵਾਜ਼ ਦਾ ਮਕਬਰਾ, ਇੱਕ ਸੂਫੀ ਫਕੀਰ ਅਤੇ ਸ਼ਰਾਨਾ ਭਾਸਾਵੇਸ਼ਵਰ ਮੰਦਿਰ।

### 9. ਹੈਮਪੀ

ਕਰਨਾਟਕ ਦੇ ਕੇਂਦਰੀ ਭਾਗ ਵਿੱਚ ਸਥਿਤ, ਹੈਮਪੀ ਵਿਜੈਨਗਰ ਸਾਮਰਾਜ ਦੇ ਸੰਬੰਧ ਰੱਖਣ ਵਾਲੇ ਖੰਡਰ੍ਹਾਂ ਕਰਕੇ ਵਰਲਡ ਹੈਰੀਟੇਜ ਸਾਈਟ ਵਜੋਂ ਮਸ਼ਹੂਰ ਹੈ। ਮੰਦਿਰ, ਵਿਸ਼ਾਲਕਾਅ ਸ਼ਿਲਪਕਲਾ, ਸਮਾਰਕਾਂ ਸੈਲਾਨੀਆਂ ਨੂੰ ਹੈਮਪੀ ਵੱਲ ਖਿੱਚਦੀਆਂ ਹਨ।

### 10. ਹਸਨ

ਹਸਨ ਕਰਨਾਟਕ ਵਿੱਚ ਸਥਿਤ ਹੈ। ਇਸ ਥਾਂ ਦਾ ਨਾਂ ਹਸਨ ਇੱਥੋਂ ਦੀ ਪੂਜੀ ਜਾਣ ਵਾਲੀ ਪ੍ਰਮੁੱਖ ਦੇਵੀ, ਦੇਵੀ "ਹਸਨਅੰਬਾ" ਦੇ ਕਾਰਨ ਰੱਖਿਆ ਗਿਆ ਹੈ। ਹਸਨਅੰਬਾ ਦਾ ਮੰਦਿਰ ਦੂਸਰੀ ਅਸ਼ਵਪੂਜਾ (ਅਕਤੂਬਰ) ਦੌਰਾਨ ਮਾਲ ਵਿੱਚ ਇੱਕ ਵਾਰੀ ਖੋਲਿਆ ਜਾਂਦਾ ਹੈ। ਇਸ ਮੌਕੇ ਉੱਤੇ ਇੱਕ ਵੱਡਾ ਮੇਲਾ ਲੱਗਦਾ ਹੈ। ਹਸਨ ਇੱਕ ਕੇਂਦਰ ਦੀ ਤਰ੍ਹਾਂ ਹੈ ਜਿੱਥੋ ਨੇੜੇ ਦੇ ਕਸਬੇ ਹਨ ਜਿਵੇਂ ਕਿ ਬੇਲੁਰ, ਹੇਲਬਿਦ ਅਤੇ ਸਰਵਨਬੇਲਗੋਲਾ। ਸਰਵਨਬੇਲਗੋਲਾ ਇੱਥ ਪ੍ਰਸਿੱਧ ਜੈਨ ਤੀਰਥ ਸਥਾਨ ਹੈ ਜਿੱਥੇ ਭਗਵਾਨ ਬਾਹੂਬਲੀ ਦੀ 17 ਮੀ. ਉੱਚੀ ਮੂਰਤੀ ਹੈ। ਬੇਲੁਰ ਕਦੇ ਰੋਅਸਾਲਾ ਰਾਜਿਆਂ ਦੀ ਰਾਜਧਾਨੀ ਹੁੰਦਾ ਸੀ। ਚੇਨਾਕੇਸਵਾਂ ਮੰਦਿਰ ਨੂੰ ਪੂਰੇ ਹੋਣ ਵਿੱਚ 103 ਸਾਲ ਲੱਗੇ ਅਤੇ ਬੜੀ ਗੁੰਝਲਦਾਰ ਨੱਕਾਸ਼ੀ ਅਤੇ ਮੂਰਤੀਕਲਾ ਦਾ ਨਮੂਨਾ ਹੇਲਬਿਦ, ਬੇਲੁਰ ਦੀ ਤਰ੍ਹਾਂ, ਕਰਨਾਟਕ ਦੀ ਇਕ ਸਭਿਆਚਾਰਕ ਧਰੋਹਰ ਹੈ।

### 11. ਹੈਦਰਾਬਾਦ

ਹੁਸੈਨ ਸਾਗਰ ਝੀਲ ਦੇ ਦੁਆਲੇ ਬਣਿਆ, ਹੈਦਰਾਬਾਦ ਆਂਧਰ ਪ੍ਰਦੇਸ਼ ਦੀ ਰਾਜਧਾਨੀ ਹੈ। ਇਸਨੂੰ 16ਵੀਂ ਸ਼ਤਾਬਦੀ ਵਿੱਚ ਮੁਹੰਮਦ ਕੁਲੀ ਕੁਤੁਬ ਸ਼ਾਹ ਦੁਆਰਾ ਸਥਾਪਿਤ ਕੀਤਾ ਗਿਆ ਸੀ ਅਤੇ ਇਹ ਬਾਅਦ ਵਿੱਚ ਨਿਜ਼ਾਮ ਸ਼ਾਸਕਾਂ ਦੀ ਗੱਦੀ ਬਣ ਗਿਆ। ਹੈਦਰਾਬਾਦ ਦਾ ਨਿਸ਼ਾਨ ਚਿੰਨ੍ਹ ਚਾਰ ਮਿਨਾਰ ਹੈ। ਆਯਤਾਕਾਰ ਇਮਾਰਤ ਜਿਸਦੇ ਚਾਰ ਮਿਨਾਰ ਬਣੇ ਹੋਏ ਹਨ, ਆਕਰਸ਼ਿਤ ਕਰਨ ਵਾਲੀ ਇਮਾਰਤ ਹੈ। ਹੋਰ ਸੈਲਾਨੀ ਆਕਰਸ਼ਕ ਥਾਵਾਂ ਵਿੱਚ ਮੱਕਾ ਮਸਜਿਦ, ਸਲਾਰ ਜੰਗ ਮਿਊਜ਼ੀਅਮ, ਬਿਰਲਾ ਮੰਦਿਰ ਅਤੇ ਮਹਾਂਕਾਲੀ ਦਾ ਮੰਦਿਰ ਹਨ। ਗੋਲਕੋਂਡਾ ਕਿਲ੍ਹਾ, 13 ਵੀਂ ਸ਼ਤਾਬਦੀ ਦਾ ਕਿਲ੍ਹਾ ਹੈ ਜੋ ਕੁਤੁਬ ਸ਼ਾਹੀ ਸ਼ਾਸਕਾਂ ਦੁਆਰਾ ਦੁਬਾਰਾ ਬਣਵਾਇਆ ਗਿਆ ਸੀ, ਇਹ ਹੈਦਰਾਬਾਦ ਤੋਂ 13 ਕਿ.ਮੀ. ਦੀ ਦੂਰੀ ਤੇ ਹੈ।

### 12. ਮੈਸੂਰ

ਮੈਸੂਰ ਅਤੇ ਬੈਂਗਲੁਰੂ ਨੂੰ ਜੁੜਵਾਂ ਸ਼ਹਿਰ ਵੀ ਕਿਹਾ ਜਾ ਸਕਦਾ ਹੈ। ਸਦੀਆਂ ਤੋਂ ਰਾਜ ਅਧਿਕਾਰ ਵਿੱਚ ਰਹਿਣ ਵਾਲਾ, ਮੈਸੂਰ ਵਿੱਚ, ਬਹੁਗਿਣਤੀ ਵਿੱਚ ਪੈਲੇਸ, ਬਗੀਚੇ ਅਤੇ ਮੁੱਖ ਰਸਤੇ ਦੇ ਨਾਲ-ਨਾਲ ਅਜਾਇਬ ਘਰ ਅਤੇ ਸਭਿਆਚਾਰਕ ਕੇਂਦਰ ਵੀ ਹਨ। ਮਹਾਰਾਜਾ ਪੈਲੇਸ, ਲਲੀਥਾ ਮਹਿਲ, ਜਯਾਚਾਮਰਾਜੇਂਦਰ ਚਿੱਤਰ ਸ਼ਾਲਾ, ਜਗਨਮੋਹਨ ਪੈਲੇਸ, ਚਾਮਾਰਾਜੇਂਦਰ ਜਿਉਲੋਜੀਕਲ ਗਾਰਡਨ, ਰੇਲ ਅਜਾਇਬ ਘਰ, ਸੰਤ ਫਿਲੋਮੀਨਸ ਗਿਰਜਾਘਰ, ਕੁਝ ਬੈਂਗਲੋਰ ਦੇ ਵੇਖਣ ਯੋਗ ਥਾਂਵਾਂ ਹਨ। ਨੇੜੇ ਦੀਆਂ ਥਾਂਵਾਂ ਵਿੱਚ ਚਾਮੁੰਡੀ ਪਹਾੜੀ (13 ਕਿ.ਮੀ.), ਸ੍ਰੀਰੰਗਾਪਟਨਮ (16 ਕਿ.ਮੀ), ਰੰਗਨਾਥਿੱਟੂ ਚਿੜੀਆ ਘਰ (16 ਕਿ.ਮੀ.), ਮਸ਼ਹੂਰ ਸ਼ਾਸਕਾਂ ਹੈਦਰ ਅਲੀ, ਟੀਪੂ ਸੁਲਤਾਨ ਦਾ ਇਤਿਹਾਸਿਕ ਰਾਜਧਾਨੀ ਸ਼ਹਿਰ ਅਤੇ ਕ੍ਰਿਸ਼ਨਾ ਸਾਗਰ ਡੈਮ (19 ਕਿ.ਮੀ) ਹਨ। ਯਾਦਗਾਰ ਸੈਲਾਨੀਆਂ ਦੁਆਰਾ ਮੈਸੂਰ ਵਿੱਚ ਵਰਿੰਦਾਵਨ ਗਾਰਡਨ ਘੁੰਮਣ ਯੋਗ ਯਾਦਗਾਰ ਥਾਂ ਹੈ।

### 13. ਊਟੀ

ਤਮਿਲਨਾਡੂ ਦੀ ਨੀਲਗਿਰੀ ਦੀ ਨੀਲੀ ਪਹਾੜੀਆਂ ਵਿੱਚ ਸਥਿਤ, ਊਟੀ ਕਦੇ ਅੰਗਰੇਜ਼ੀ ਰਾਜ ਦਾ ਸ਼ਹਿਰ ਸੀ ਅਤੇ ਇੱਕ ਮਸ਼ਹੂਰ ਪਹਾੜੀ ਸਟੇਸ਼ਨ ਹੈ। ਸੁੰਦਰ ਵਨਸਪਤਿਕ ਗਾਰਡਨ, ਕੇਟੀ ਵਾਦੀ, ਵੇਨਲੋਕ ਡਾਉਨ ਅਤੇ ਡੋਡਾਬੇਟਾ ਦੀ ਚੋਟੀ ਸੈਲਾਨੀਆਂ ਨੂੰ ਲੁਭਾਉਂਦੀ ਹੈ।

**ਸਮੀਖਿਅਕ ਪ੍ਰਸ਼ਨ**

1. ਖਾਲੀ ਥਾਵਾਂ ਭਰੋ:

(ੳ) ਪੂਰਬੀ ਡੈਕਨ ਪਠਾਰ ਨੂੰ _______ ਵੀ ਕਹਿੰਦੇ ਹਨ।

(ਅ) __________ ਵਿੱਚ ਪੱਛਮੀ ਮੱਧ ਪ੍ਰਦੇਸ਼ ਅਤੇ ਦੱਖਣ-ਪੂਰਬੀ ਰਾਜਸਥਾਨ ਆਉਂਦੇ ਹਨ।

(ੲ) __________ ਪਠਾਰ ਭਾਰਤੀ ਰਾਜ ਝਾਰਖੰਡ ਅਤੇ ਨਾਲ ਲੱਗਦੇ ਰਾਜਾਂ ਵਿੱਚ ਆਉਂਦਾ ਹੈ।

## 3.5 ਮੈਦਾਨ ਅਤੇ ਸੈਰ ਸਪਾਟਾ

ਮੈਦਾਨ ਅਕਸਰ ਉਹ ਸਥਲ ਰੂਪ ਰੇਖਾ ਹੈ ਜੋ ਨਦੀਆਂ ਅਤੇ ਹੋਰ ਜਮਾਂ ਕਰਨ ਵਾਲੇ ਕਾਰਕਾਂ ਦੁਆਰਾ ਜਮਾ ਕੀਤੀ ਮਿੱਟੀ ਦੁਆਰਾ ਬਣਦੇ ਹਨ। ਭਾਰਤ ਵਿੱਚ ਨਦੀ ਅਤੇ ਤੱਟਵਰਤੀ ਮੈਦਾਨਾਂ ਦੀ ਸੈਰ ਸਪਾਟਾ ਵਜੋਂ ਮਹੱਤਤਾ ਹੁੰਦੀ ਹੈ। ਭਾਰਤ ਵਿੱਚ ਵੱਡੇ ਮੈਦਾਨੀ ਖੇਤਰ ਹਨ ਜਿਨ੍ਹਾਂ ਵਿੱਚ ਇੰਡੋ ਗੰਗੇ, ਬ੍ਰਹਮਪੁੱਤਰ, ਅਵਧ ਅਤੇ ਤੱਟਵਰਤੀ ਮੈਦਾਨ ਆਉਂਦੇ ਹਨ ਜੋ ਸੈਲਾਨੀਆਂ ਲਈ ਸੈਰਸਪਾਟਾ ਥਾਂਵਾਂ ਮੁਹੱਈਆ ਕਰਵਾਉਂਦੇ ਹਨ। ਇਹਨਾਂ ਮੈਦਾਨਾਂ ਵਿੱਚ ਕਈ ਧਰਮ, ਜਾਤ, ਸਭਿਆਚਾਰ ਪਣਪਦੇ ਹਨ। ਨਤੀਜੇ ਵਜੋਂ, ਭਾਰਤ ਵਿੱਚ ਸੈਲਾਨੀ ਆਕਰਸ਼ਣ ਇਹਨਾਂ ਮੈਦਾਨਾਂ ਕਰਕੇ ਬਹੁਗਿਣਤੀ ਵਿੱਚ ਵੱਖ-ਵੱਖ ਪਰਵਿਰਤੀ ਵਾਲੇ ਹਨ। ਆਸਾਨੀ ਲਈ ਭਾਰਤੀ ਮੈਦਾਨਾਂ ਅਤੇ ਇਹਨਾਂ ਦੇ ਸੈਰ ਸਪਾਟਾ ਥਾਂਵਾਂ ਨੂੰ ਹੇਠਾਂ ਦਿੱਤੇ ਜੋਨਾਂ ਵਿੱਚ ਵੰਡਿਆ ਜਾ ਸਕਦਾ ਹੈ।

### 1. ਉੱਤਰੀ ਜ਼ੋਨ

ਉੱਤਰੀ ਭਾਰਤ ਖੇਤਰ ਸੰਸਾਰ ਦਾ ਇੱਕ ਸਭ ਤੋਂ ਵੱਡਾ ਉਪਜਾਊ ਭੂਮੀ ਦਾ ਖੇਤਰ ਹੈ ਜਿੱਥੇ ਨਦੀਆਂ ਦੁਆਰਾ ਲਾਈ ਗਈ ਜਲੌੜ ਮਿੱਟੀ ਦਾ ਜਮਾਵ ਹੈ। ਹਿਮਾਲਾ ਦੇ ਦੱਖਣ ਵੱਲ ਸਥਿੱਤ, ਉੱਤਰੀ ਮੈਦਾਨਾਂ ਵਿੱਚ ਇੰਡਸ ਬੇਸਿਨ, ਗੰਗਾ ਬ੍ਰਹਮਪੁੱਤਰ ਬੇਸਿਨ ਆਉਂਦੇ ਹਨ। ਉੱਤਰ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉੱਤਰਾਂਚਲ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਰਾਜ ਉੱਤਰੀ ਜੋਨ ਨੂੰ ਜਨਮ ਦਿੰਦੇ ਹਨ। ਭਾਰਤ ਦੇ ਉੱਤਰੀ ਜੋਨ ਵਿੱਚ ਸੈਲਾਨੀਆਂ ਲਈ ਵੇਖਣ ਯੋਗ ਥਾਵਾਂ ਹਨ, ਤਾਜ ਮਹਿਲ, ਹਵਾ ਮਹਿਲ, ਜਾਮਾ ਮਸਜਿਦ, ਡੱਲ ਝੀਲ, ਜੈਸਲਮੇਰ ਕਿਲ੍ਹਾ, ਆਗਰੇ ਦਾ ਕਿਲ੍ਹਾ, ਕੁਤੁਬ ਕੰਪਲੈਕਸ ਅਤੇ ਕੌਰਬਟ ਰਾਸ਼ਟਰੀ ਪਾਰਕ ਆਦਿ।

### 2. ਪੂਰਬੀ ਜ਼ੋਨ

ਪੂਰਬੀ ਜੋਨ ਵਿੱਚ ਉੜੀਸਾ, ਪੱਛਮੀ ਬੰਗਾਲ, ਝਾਰਖੰਡ, ਆਸਾਮ ਆਦਿ ਰਾਜ ਆਉਂਦੇ ਹਨ।

ਅਸਾਮ ਦੀ ਬ੍ਰਹਮਪੁੱਤਰ ਅਤੇ ਬਾਰਾਕ ਨਦੀ ਦੇ ਮੈਦਾਨ ਪੂਰੀ ਤਰ੍ਹਾਂ ਜੰਗਲਾਂ ਨਾਲ ਭਰੇ ਹਨ। ਇਸ ਜੋਨ ਵਿੱਚ ਕੁਝ ਮਹੱਤਵਪੂਰਨ ਸੈਲਾਨੀ ਆਕਰਸ਼ਕ ਥਾਵਾਂ ਹਨ ਜਿਵੇਂ ਕੋਨਾਰਕ ਮੰਦਿਰ, ਸੁੰਦਰਬਨ, ਵਿਕਟੋਰੀਆ ਮੈਮੋਰੀਅਲ, ਕੋਲਕਾਤਾ ਰਾਸ਼ਟਰੀ ਮਿਊਜ਼ੀਅਮ, ਬੋਧ ਗਯਾ, ਰਾਜਗੀਰ ਆਦਿ।

### 3. ਪੱਛਮੀ ਜ਼ੋਨ

ਗੁਜਰਾਤ, ਮਹਾਰਾਸ਼ਟਰ, ਦਮਨ ਅਤੇ ਦਿਓ, ਗੋਆ ਰਾਜ ਵਾਲੇ ਪੱਛਮੀ ਜੋਨ ਭਾਰਤ ਦੇ ਸਭ ਤੋਂ ਵੱਧ ਘੁੰਮਣ ਯੋਗ ਜੋਨਾਂ ਵਿੱਚੋਂ ਇੱਕ ਹੈ। ਅਰਬ ਸਾਗਰ ਦੇ ਨੀਲੇ ਪਾਣੀਆਂ ਨਾਲ-ਨਾਲ ਸਥਿੱਤ, ਸਾਰੇ ਰਾਜਾਂ ਵਿੱਚ ਸੁੰਦਰ ਬੀਚ ਅਤੇ ਸਮੁੰਦਰੀ ਤੱਟ ਆਉਂਦੇ ਹਨ। ਗੁਜ਼ਰਾਤ ਜੋ ਇੱਕ ਬਹੁਤ ਹੀ ਮਹੱਤਵਪੂਰਨ ਰਾਜ ਹੈ। ਇੱਥੇ ਕਈ ਤਰ੍ਹਾਂ ਦੀ ਸ਼ਿਲਪਕਾਰੀ ਦਾ ਕੰਮ ਮਿਲਦਾ ਹੈ, ਜਿਵੇਂ ਕਿ ਸੋਮਨਾਥ ਮੰਦਿਰ ਅਤੇ ਦਵਾਰਕਾਦੀਸ਼ ਮੰਦਿਰ। ਗਿਰ ਜੀਵ ਜੰਤੂ ਘਰ ਵੀ ਸੈਲਾਨੀਆਂ ਲਈ ਵੇਖਣ ਯੋਗ ਸਥਾਨ ਹੈ। ਮਹਾਂਰਾਸ਼ਟਰ ਵਿੱਚ ਅਜੰਤਾ ਅਤੇ ਐਲੋਰਾ ਗੁਫ਼ਾਵਾਂ, ਮਹਾਂਬਲੇਸ਼ਵਰ ਕੁਝ ਹੋਰ ਪਰਯਟਕ ਸਥਾਨ ਹਨ। ਲਕਸ਼ਦੀਪ, ਗੋਆ ਅਤੇ ਕੇਰਲਾ, ਪੱਛਮੀ ਖ਼ੇਤਰ ਦੇ ਪਸੰਦੀਦਾ ਪਰਯਟਕ ਸਥਾਨ ਹਨ ਜੋ ਦਲਦਲ, ਪਿਛੜੇ ਖ਼ੇਤਰ, ਕੋਵਾਲਮ ਦੇ ਬੀਚ, ਦੋਨਾ ਪੋਲਾ ਅਤੇ ਕੇਲੇਨਗੁਟ ਆਦਿ ਨਾਲ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ।

### 4. ਦੱਖਣੀ ਜ਼ੋਨ

ਭਾਰਤ ਦੇ ਮੁੱਖ ਪਰਯਟਕ ਜੋਨਾਂ ਵਿੱਚੋਂ ਇੱਕ ਹੈ, ਦੱਖਣੀ ਜੋਨ ਵਿੱਚ ਤਾਮਿਲਨਾਡੂ, ਆਂਧਰਪ੍ਰਦੇਸ਼, ਕਰਨਾਟਕ, ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ ਆਦਿ ਰਾਜ ਆਉਂਦੇ ਹਨ, ਨੀਲਗਿਰੀ ਦੇ ਜੀਵ ਜੰਤੂ ਘਰ ਅਤੇ ਤਮਿਲਨਾਡੂ, ਪੁੱਡੂਚੇਰੀ, ਅੰਡਮਾਨ ਅਤੇ ਨੀਕੋਬਾਰ ਦੇ ਅਦਭੁੱਤ ਬੀਚ ਕੁਝ ਮਹੱਤਵਪੂਰਨ ਪਰਯਟਕ ਸਥਾਨ ਹਨ। ਸੰਰਚਨਾ ਦੇ ਅਦਭੁੱਤ ਨਮੂਨਿਆਂ ਵਿੱਚ ਮੀਨਾਕਸ਼ੀ ਮੰਦਿਰ, ਖਜੁਰਾਹੋ ਮੰਦਿਰ, ਸ਼੍ਰੀ ਤਿਰੁਪਤੀ ਮੰਦਿਰ, ਰਾਮੇਸ਼ਵਰਮ ਅਤੇ ਕੰਨਿਆਕੁਮਾਰੀ ਸੈਲਾਨੀ ਸਥਾਨਾਂ ਵਿੱਚ ਮਹੱਤਤਾ ਰੱਖਦੇ ਹਨ।

**ਸਮੀਖਿਅਕ ਪ੍ਰਸ਼ਨ**

1. **ਖ਼ਾਲੀ ਥਾਂਵਾਂ ਭਰੋ :**

(ੳ).......... ਭਾਰਤ ਵਿੱਚ ਸਭ ਤੋਂ ਵੱਧ ਘੁੰਮਣ ਯੋਗ ਜ਼ੋਨ ਹੈ।

(ਅ) ......... ਭਾਰਤ ਦਾ ਮੁੱਖ ਸੈਲਾਨੀ ਜ਼ੋਨ ਹੈ।

2. ਭਾਰਤੀ ਮੈਦਾਨਾਂ ਨੂੰ ਕਿਹੜੇ-ਕਿਹੜੇ ਜ਼ੋਨਾਂ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ ? ਹਰ ਇੱਕ ਜ਼ੋਨ ਦੇ ਸੈਲਾਨੀ ਆਕਰਸ਼ਣ ਸਥਾਨਾਂ ਦੀ ਦੋ-ਦੋ ਉਦਾਹਰਣਾਂ ਦਿਉ ?

## 3.6 ਸੇਮ ਵਾਲੀ ਧਰਤੀ, ਰਾਮਸਰ ਸਾਇਟ ਅਤੇ ਸੈਰਸਪਾਟਾ

ਸੇਮ ਵਾਲੀ ਧਰਤੀ ਉਹ ਖੇਤਰ ਹੁੰਦੇ ਹਨ ਜਿੱਥੇ ਪਾਣੀ ਡੂੰਘਾਈ ਤੇ ਨਾ ਹੋਣ ਕਰਕੇ ਇਹ ਖ਼ੇਤਰ ਹਮੇਸ਼ਾ ਗਿਲ੍ਹਾ ਰਹਿੰਦਾ ਹੈ। ਇਹਨਾਂ ਦਾ ਜੀਵ ਜੰਤੂ ਘਰਾਂ, ਚਿੜੀਆਂ ਘਰਾਂ, ਰਾਸ਼ਟਰੀ ਪਾਰਕਾਂ, ਬੋਟੈਨੀਕਲ ਗਾਰਡਨ, ਜੀਵ ਜੰਤੂ ਆਰਕਸ਼ਣ ਅਤੇ ਹੁਣ ਰਾਮਸਰ ਆਦਿ ਥਾਵਾਂ ਲਈ ਮਹੱਤਵਪੂਰਨ ਯੋਗਦਾਨ ਹੈ। ਭਾਰਤ ਵਿੱਚ ਹੇਠਾਂ ਦਿੱਤੇ ਗਏ ਕੁਝ ਧਿਆਨ 'ਚ ਰੱਖਣ ਵਾਲੇ ਸੇਮ ਵਾਲੀ ਧਰਤੀ ਹਨ। ਆਂਧਰ ਪ੍ਰਦੇਸ਼ ਦੇ ਕਈ ਸਮੁੰਦਰੀ ਤੱਟਾਂ ਵਿੱਚ, ਵਿਸ਼ਾਖਾਪਟਨਮ ਤਟ ਆਪਣੇ ਮਨਮੋਹਕ ਕੁਦਰਤੀ ਵਾਤਾਵਰਨ ਅਤੇ ਲੰਬੇ ਤੱਟਾਂ ਲਈ ਜਾਣਿਆ ਜਾਂਦਾ ਹੈ। ਰਾਮਾਕ੍ਰਿਸ਼ਨਾਂ ਤੱਟ ਦਾ ਫਰੰਟ ਅਤੇ ਲਾਅਸਨ ਮੁੱਖ ਸਥਾਨ ਚੀਜ਼ਾਂ ਨੂੰ ਰੋਮਾਂਚਕ ਬਣਾਉਂਦੇ ਹਨ।

1. ਅਸ਼ਟਾਮੁੰਡੀ ਸੇਮ ਵਾਲੀ ਧਰਤੀ – ਕੇਰਲ
2. ਭਿਤਰਕਨੀਕਾ ਮੈਂਗਰੂਵ – ਉੜੀਸਾ
3. ਭੋਜ ਸੇਮ ਵਾਲੀ ਧਰਤੀ – ਮੱਧ ਪ੍ਰਦੇਸ਼
4. ਚੰਦੇਰਤਾਲ ਸੇਮ ਵਾਲੀ ਧਰਤੀ – ਹਿਮਾਚਲ ਪ੍ਰਦੇਸ਼
5. ਚਿਲੀਕਾ ਝੀਲ – ਉੜੀਸਾ
6. ਦੀਪੋਰ ਬੀਲ – ਆਸਾਮ
7. ਪੂਰਬੀ ਕਲਕੱਤਾ ਸੇਮ ਵਾਲੀ ਧਰਤੀ – ਪੱਛਮੀ ਬੰਗਾਲ
8. ਹਰੀਕੇ ਝੀਲ – ਪੰਜਾਬ
9. ਹੋਕੇਰਾ ਸੇਮ ਵਾਲੀ ਧਰਤੀ – ਜੰਮੂ ਅਤੇ ਕਸ਼ਮੀਰ
10. ਕਾਂਜਲੀ – ਪੰਜਾਬ
11. ਕੀਉਲੇਡੀਓ ਰਾਸ਼ਟਰੀ ਪਾਰਕ – ਰਾਜਸਥਾਨ
12. ਕੋਲੇਰੂ ਝੀਲ – ਆਂਧਰ ਪ੍ਰਦੇਸ਼
13. ਲੋਕਤਕ ਝੀਲ – ਮਨੀਪੁਰ
14. ਕੈਲੀਮ ਬਿੰਦੂ – ਤਾਮਿਲਨਾਡੂ
15. ਪੌਂਗ ਬਾਂਧ ਝੀਲ – ਹਿਮਾਚਲ ਪ੍ਰਦੇਸ਼
16. ਰੇਣੁਕਾ ਸੇਮ ਵਾਲੀ ਧਰਤੀ – ਹਿਮਾਚਲ ਪ੍ਰਦੇਸ਼
17. ਰੋਪੜ – ਪੰਜਾਬ
18. ਰੁਦਰਸਾਗਰ ਝੀਲ – ਤ੍ਰਿਪੁਰਾ
19. ਸਾਂਭਰ ਝੀਲ – ਰਾਜਸਥਾਨ
20. ਸਸਥਾਮ ਕੋਟਾ ਝੀਲ – ਕੇਰਲਾ
21. ਸੁਰੀਨਸਰ – ਮਾਨਸਰ ਝੀਲ – ਜੰਮੂ ਅਤੇ ਕਸ਼ਮੀਰ
22. ਤਸੋਮੋਰੀਰੀ – ਜੰਮੂ ਅਤੇ ਕਸ਼ਮੀਰ
23. ਵੂਲਰ ਝੀਲ – ਜੰਮੂ ਅਤੇ ਕਸ਼ਮੀਰ
24. ਵੇਮਬਾਨਦ ਕੋਲ ਆਰਦਰ – ਕੇਰਲ
25. ਅਪਰ ਗੰਗਾ ਨਦੀ (ਬਰਿਜ ਘਾਟ – ਉੱਤਰ ਪ੍ਰਦੇਸ਼ ਤੋਂ ਨਠੋਰਾ ਵਿਸਥਾਰ)

**ਸਮੀਖਿਅਕ ਪ੍ਰਸ਼ਨ**

1. ਭਾਰਤ ਦੇ ਸੇਮ ਵਾਲੀ ਧਰਤੀ ਦੀਆਂ ਪੰਜ ਉਦਾਹਰਨਾਂ ਦਿਉ।

## 3.7 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

### 1. ਪਹਾੜੀ ਸਟੇਸ਼ਨ

ਪਹਾੜੀ ਸਟੇਸ਼ਨ ਮਨੁੱਖ ਦੁਆਰਾ ਇੱਕ ਜਾਂ ਬਹੁਤੇ ਕਾਰਨਾਂ ਲਈ ਸੁਧਾਰੇ ਗਏ ਪਹਾੜ ਹਨ।

### 2. ਰੇਤ ਦੇ ਟੀਲੇ

ਇਹ ਮੈਦਾਨੀ ਖੇਤਰ ਜੋ ਛੋਟੀਆਂ ਪਹਾੜੀਆਂ ਨਾਲ ਘਿਰੇ ਹੁੰਦੇ ਹਨ।

### 3. ਮਾਰੂਥਲ

ਉਹ ਖੇਤਰ ਜਿੱਥੇ ਜਿਆਦਾ ਹੋਣ ਵਾਲੇ ਵਾਸ਼ਪੀਕਰਨ ਦੇ ਮੁਕਾਬਲੇ ਅਵਕਸ਼ੇਪਣ ਬਹੁਤ ਘੱਟ ਮਾਤਰਾ ਵਿੱਚ ਹੋਣ ਕਰਕੇ ਖੇਤਰ ਵਨਸਪਤੀ ਘਾਟ ਵਾਲਾ ਸੁੱਕਿਆ ਅਤੇ ਰੇਤੀਲਾ ਹੋ ਜਾਂਦਾ ਹੈ।

### 4. ਮੈਦਾਨ

ਮੈਦਾਨ ਸਮਤਲ ਅਤੇ ਉਪਜਾਊ ਖੇਤਰ ਹੁੰਦਾ ਹੈ ਜੋ ਨਦੀਆਂ ਦੇ ਤਲਛਟ ਦੇ ਜਮਾਵ ਨਾਲ ਬਣਦਾ ਹੈ।

### 5. ਸਫਾਰੀ

ਸਫਾਰੀ ਥਲ ਦੀ ਯਾਤਰਾ ਹੁੰਦੀ ਹੈ, ਅਕਸਰ ਸੈਲਾਨੀਆਂ ਦੇ ਦੌਰੇ ਲਈ ਪੁਰਾਤਨ ਸਮੇਂ ਵਿੱਚ, ਇਹ ਸ਼ਬਦ ਵੱਡੇ ਸ਼ਿਕਾਰ  ਲਈ ਵਰਤੇ ਜਾਂਦੇ ਸੀ। ਪਰ ਅੱਜ-ਕਲ੍ਹ ਇਹ ਸ਼ਬਦ ਸ਼ਿਕਾਰ ਲਈ ਨਾ ਵਰਤ ਕੇ ਜੰਗਲ ਦੇ ਦੌਰੇ ਲਈ ਵਰਤਿਆ ਜਾਂਦਾ ਹੈ, ਜੋ ਜਾਨਵਰਾਂ ਅਤੇ ਜੰਗਲੀ ਜੀਵ ਜੰਤੂਆਂ ਦੀ ਫੋਟੋ ਖਿੱਚਣ ਲਈ ਕੀਤੀ ਜਾਂਦੀ ਹੈ।

### 6. ਕਾਰਵਾਂ

ਕਾਰਵਾਂ ਜਾਨਵਰਾਂ ਜਾਂ ਵਾਹਨਾਂ ਦੇ ਇਕਸਾਰ ਜਾਂਦੇ ਝੁੰਡ ਹੁੰਦੇ ਹਨ ਜੋ ਵਸਤੂਆਂ ਜਾਂ ਮੁਸਾਫਿਰਾਂ ਜਾਂ ਦੋਵਾਂ ਨੂੰ ਦੋ ਬਿੰਦੂਆਂ ਦੇ ਵਿਚਕਾਰ ਨਿਯਮਿਤ ਜਾਂ ਅਰਧ-ਨਿਯਮਿਤ ਸੇਵਾਵਾਂ ਲਈ ਹੁੰਦਾ ਹੈ।

### 7. ਸੇਮ ਵਾਲੀ ਧਰਤੀ

ਸੇਮ ਵਾਲੀ ਧਰਤੀ ਬਹੁਤ ਘੱਟ ਡੂੰਘਾਈ ਵਾਲੇ ਪਾਣੀ ਪੱਧਰ ਦੇ ਖੇਤਰ ਹੋਣ ਕਰਕੇ ਖੇਤਰ ਨੂੰ ਹਮੇਸ਼ਾ ਗਿੱਲਾ ਰੱਖਦੇ ਹਨ। ਇਹ ਜੰਗਲੀ ਜੀਵ ਜੰਤੂ ਘਰਾਂ, ਚਿੜੀਆਂ ਘਰਾਂ, ਰਾਸ਼ਟਰੀ ਪਾਰਕਾਂ, ਵਨਸਪਤਿਕ ਬਾਗਾਂ, ਜੰਗਲੀ ਜੀਵਨ ਆਕਰਸ਼ਣਾ ਅਤੇ ਹੁਣ ਰਾਮਸਾਰ ਸਾਈਟ ਵਿੱਚ ਆਪਣੀ ਹਿੱਸੇਦਾਰੀ ਪਾ ਕੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### 8. ਰਾਮਸਾਰ ਸਾਈਟ

ਰਾਮਸਾਰ ਸਾਈਟ ਵਿੱਚ ਸੇਮ ਵਾਲੀ ਧਰਤੀ ਆਉਂਦੀ ਹੈ ਅਤੇ ਉਹ ਸਾਇਟਾਂ ਆਉਂਦੀਆਂ ਹਨ ਜੋ ਜੰਗਲੀ ਜੀਵ ਜੰਤੂਆਂ ਦੇ ਆਰਕਸ਼ਿਤ ਘਰਾਂ, ਜੰਗਲੀ ਪ੍ਰਾਣੀ ਘਰਾਂ, ਚਿੜੀਆਂ ਘਰਾਂ ਲਈ ਰਾਮਸਾਰ ਸੰਮੇਲਨ ਦੇ ਅੰਤਰਗਤ ਅੰਤਰਰਾਸ਼ਟਰੀ ਪੱਧਰ ਦੇ ਵਿਕਾਸ ਦੇ ਸਮਰੱਥ ਮੰਨੀਆਂ ਜਾਂਦੀਆਂ ਹਨ।

## ਸਮੀਖਿਅਕ ਪ੍ਰਸ਼ਨ

**ਖਾਲੀ ਥਾਂਵਾਂ ਭਰੋ:**

1. ________ ਆਪਣੀਆਂ ਨਹਿਰਾਂ (ਨਾਲਿਆਂ), ਕਿਸ਼ਤੀਘਰਾਂ ਅਤੇ ਮੁਗ਼ਲ ਬਾਗ਼ਾਂ ਲਈ ਮਸ਼ਹੂਰ ਹੈ।
2. Toy Train _________ ਤੋਂ ਸ਼ੁਰੂ ਹੁੰਦੀ ਹੈ।
3. ________ ਆਪਣੇ ਬੀਚਾਂ, ਬੈਕਵਾਟਰ, ਪਰਬਤ ਸ਼੍ਰੇਣੀਆਂ ਅਤੇ ਜੰਗਲੀ ਪ੍ਰਾਣੀ ਘਰਾਂ ਲਈ ਮਸ਼ਹੂਰ ਹੈ।
4. ਮਹਾਰਾਸ਼ਟਰ _________ ਪਹਾੜਾਂ ਦਾ ਘਰ ਹੈ।
5. ਛੋਟਾ ਨਾਗਪੁਰ ਦਾ ਖ਼ੇਤਰ _________ ਸੈਰਸਪਾਟੇ ਲਈ ਮਸ਼ਹੂਰ ਹੈ।
6. ________ ਮੰਦਿਰ ਇੱਕ ਜੈਨ ਮੰਦਿਰ ਹੈ ਜੋ ਪੂਰਾ ਸ਼ੀਸ਼ੇ ਨਾਲ ਢੱਕਿਆ ਹੈ।
7. ਚੌਥੀ ਸ਼ਤਾਬਦੀ BC ਤੋਂ, ਉਜੈਨ ਨੇ ਭਾਰਤ ਦੇ ________ ਵਜੋਂ ਹਿੰਦੂ ਭੂਗੌਲਸ਼ਾਸਤਰੀਆਂ ਦੇ ਪਰਾਈਮ ਮੇਰੀਡੀਅਨ (Prime Meridian) ਵਜੋਂ ਵਿਖਆਤੀ ਦਾ ਆਨੰਦ ਮਾਣਿਆ ਹੈ।
8. ਡੈਕਨ ਪਠਾਰ ਦੀ ਭਾਸ਼ਾ ਦਰਾਵੀਡੀਅਨ ਸਮੁਦਾਇ ਦੀ ________ ਹੈ।
9. ਵਾਸਕੋ ਡੀ ਗਾਮਾ ਕਾਲੀਕਟ ਨਜ਼ਦੀਕ 1498 ਵਿੱਚ ________ਸਥਾਨ ਦੇ ਉਤਰਿਆ।
10. ________ ਇੱਕ ਸੰਸਾਰਿਕ ਧਰੋਹਰ ਸਾਇਟ ਹੈ ਜੋ ਕਿ ਆਪਣੇ ਵਿਜੈਨਗਰ ਦੇ ਸਾਮਰਾਜ ਦੇ ਅਵਸ਼ੇਸ਼ਾਂ ਲਈ ਮਸ਼ਹੂਰ ਹੈ।

### ਛੋਟੇ ਪ੍ਰਸ਼ਨ-ਉੱਤਰ :

1. ਮਾਰੂਥਲ ਦੀ ਪਰਿਭਾਸ਼ਾ ਦਿਉ ਅਤੇ ਕੋਈ ਭਾਰਤੀ ਅਰਧ ਮਹਾਂਦੀਪ ਵਿੱਚ ਇਸ ਨੂੰ ਕਿਵੇਂ ਲੱਭ ਸਕਦਾ ਹੈ ?
2. ਰੇਤ ਦੇ ਟੀਲੇ ਦੀ ਪਰਿਭਾਸ਼ਾ ਦਿਉ ?
3. ਸੈਰ ਸਪਾਟੇ ਦੇ ਹਵਾਲੇ ਵਿੱਚ ਸਫਾਰੀ ਕੀ ਹੁੰਦੀ ਹੈ ?
4. ਸੇਮ ਵਾਲੀ ਧਰਤੀ ਦੀ ਪਰਿਭਾਸ਼ਾ ਦਿਉ ?
5. ਰਾਮ ਸਾਰ ਸਾਇਟਾਂ ਕੀ ਹਨ ? ਬਿਆਨ ਕਰੋ।

### ਵੱਡੇ ਪ੍ਰਸ਼ਨ-ਉੱਤਰ :

1. ਭਾਰਤ ਦੇ ਮਸ਼ਹੂਰ ਪਹਾੜੀ ਸਟੇਸ਼ਨਾਂ ਨੂੰ ਲਿਖੋ ਅਤੇ ਉਹਨਾਂ ਨੂੰ ਭਾਰਤ ਦੇ ਰਾਜਨੀਤਿਕ ਨਕਸ਼ੇ ਤੇ ਦਰਸਾਉ ?
2. "ਪਠਾਰ ਸਭਿਆਚਾਰਕ ਸੈਰ ਸਪਾਟੇ ਦਾ ਮੁੱਖ ਠਹਿਰਾਵ ਹੈ" ਭਾਰਤੀ ਸੰਦਰਭ ਵਿੱਚ ਇਸ ਕਥਨ ਨੂੰ ਵਿਸਥਾਰ ਕਰਕੇ ਲਿਖੋ ?
3. ਸੇਮ ਵਾਲੀ ਧਰਤੀ ਅਤੇ ਰਾਮਸਾਰ ਸਾਇਟਾਂ ਕਿਵੇਂ ਸੈਰ ਸਪਾਟਾ ਉਦਯੋਗ ਵਿੱਚ ਆਪਣਾ ਹਿੱਸਾ ਪਾਉਂਦੇ ਹਨ ? ਇਹਨਾਂ ਸਾਇਟਾਂ ਨੂੰ ਭਾਰਤ ਦੇ ਨਕਸ਼ੇ ਉੱਤੇ ਦਰਸਾਉ ?
4. ਭਾਰਤ ਦੇ ਮੈਦਾਨ ਕਈ ਜਾਤੀਆਂ, ਧਰਮਾਂ, ਸਭਿਆਚਾਰਾਂ ਅਤੇ ਵਰਗਾਂ ਦਾ ਸੰਗਠਨ ਹੈ ਅਤੇ ਇਸ ਕਰਕੇ ਇੱਕ ਸੈਰ ਸਪਾਟਾ ਸਥਾਨ ਹੈ। ਭਾਰਤ ਵਿੱਚ ਇਹ ਖ਼ੇਤਰ ਕਿੱਥੇ-ਕਿੱਥੇ ਹਨ ?

## 3.8 ਪ੍ਰਯੋਗੀ ਗਤੀਵਿਧੀ

ਭਾਰਤ ਦੇ ਭੌਤਿਕ ਨਕਸ਼ੇ ਉੱਤੇ ਕੋਈ ਵੀ ਸੈਰ ਸਪਾਟੇ ਦੇ ਪਹਿਲੂ ਤੋਂ ਮਹੱਤਵ ਰੱਖਣ ਵਾਲੇ ਦੱਸ ਸੇਮ ਵਾਲੀ ਧਰਤੀ ਅਤੇ ਰਾਮ ਸਾਰ ਸਾਈਟਾਂ ਨੂੰ ਦਰਸਾਉ ?

# ਯੂਨਿਟ - 4

# ਸੈਰ ਸਪਾਟੇ ਦੇ ਭੌਤਿਕ ਸਰੋਤ - ਤਟਵਰਤੀ ਭੂਮੀ ਅਤੇ ਬੀਚ

## ਵਿਸ਼ਾ ਸੂਚੀ


4.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

- ਸੰਖੇਪ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸਮੱਗਰੀ
- ਪੜ੍ਹਣ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

4.1 ਜਾਣ-ਪਛਾਣ

4.2 ਸਮੁੰਦਰੀ ਕਿਨਾਰੇ

4.3 ਬੀਚ ਅਤੇ ਸੈਰ ਸਪਾਟਾ

4.4 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

4.5 ਪ੍ਰਯੋਗੀ ਗਤੀਵਿਧੀ


## 4.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

### ਸੰਖੇਪ ਜਾਣਕਾਰੀ

ਇਹ ਅਧਿਆਇ ਤੱਟਵਰਤੀ ਭੂਮੀ ਅਤੇ ਬੀਚਾਂ ਦੇ ਸੈਰ ਸਪਾਟਾ ਸਰੋਤਾਂ ਵਜੋਂ ਮੂਲ ਤੱਤਾਂ ਨਾਲ ਸਬੰਧ ਰੱਖਦਾ ਹੈ।

ਇਹ ਯੂਨਿਟ ਹੇਠਾਂ ਦਿੱਤੀ ਹੁਨਰਤਾ ਅਤੇ ਜਾਣਕਾਰੀ ਦਿੰਦਾ ਹੈ

- ਤੱਟਵਰਤੀ ਭੂਮੀ ਅਤੇ ਬੀਚਾਂ ਦੇ ਸੈਰ ਸਪਾਟਾ ਸਰੋਤਾਂ ਵਜੋਂ ਬੁਨਿਆਦੀ ਤੱਤ
- ਸੈਰ ਸਪਾਟਾ ਸਰੋਤਾਂ ਵਜੋਂ ਤਟਵਰਤੀ ਭੂਮੀ ਅਤੇ ਬੀਚਾਂ ਦੀਆਂ ਵਿਸ਼ੇਸ਼ਤਾਵਾਂ
- ਸੈਰ ਸਪਾਟਾ ਸਰੋਤਾਂ ਵਜੋਂ ਤੱਟਵਰਤੀ ਭੂਮੀ ਅਤੇ ਬੀਚਾਂ ਦੀਆਂ ਕਿਸਮਾਂ
- ਤਟਵਰਤੀ ਭੂਮੀ ਅਤੇ ਬੀਚ ਦੇ ਸੈਰ ਸਪਾਟਾ ਸਰੋਤਾਂ ਦੀ ਮਹੱਤਤਾ
- ਤਟਵਰਤੀ ਭੂਮੀ ਅਤੇ ਬੀਚਾਂ ਦੇ ਨਤੀਜੇਜਨਕ ਸੈਰ ਸਪਾਟਾ ਉੱਤਪਾਦਾਂ ਦੀ ਧਰਾਤਲੀ ਵੰਡ।

### ਸਰੋਤ ਸਮੱਗਰੀ:


1. Enayat Ahmad - Physical Geography, kalyani Publishers, New Delhi, 20052
2. Majid Husain – Geography of India, Tata Mcrgrow Hill, New Delhi, (2013)
3. Manohar Sajnani – Encyclopedia of Tourism Resources in India (In two vol.), Kalpaz Pub., New Delhi, 2001

## ਪੜ੍ਹਣ ਦੇ ਨਤੀਜੇ

| ਯੂਨਿਟ-4<br>ਸੈਰ ਸਪਾਟੇ ਦੇ ਭੌਤਿਕ ਸਰੋਤ - ਤਟਵਰਤੀ ਭੂਮੀ ਅਤੇ ਬੀਚ | ਨਤੀਜੇਇਹਨਾਂ ਸਭ ਯੂਨਿਟਾਂ ਨੂੰ ਪੜ੍ਹਣ ਤੋਂ ਬਾਅਦ |
|---|---|
| 4.1 ਜਾਣ ਪਛਾਣ | ਵਿਦਿਆਰਥੀ ਭਾਰਤ ਦੇ ਤਟਵਰਤੀ ਭੂਮੀ ਅਤੇ ਬੀਚਾਂ ਦੇ ਸੈਰ ਸਪਾਟਾ ਸਰੋਤਾਂ ਦੇ ਵੱਖ-ਵੱਖ ਪਹਲੂਆਂ ਨੂੰ ਸਮਝਣ ਦੇ ਯੋਗ ਹੋਣਗੇ। |
| 4.2 ਸਮੁੰਦਰੀ ਕਿਨਾਰੇ | ਵਿਦਿਆਰਥੀ ਭਾਰਤ ਦੇ ਸਮੁੰਦਰੀ ਕਿਨਾਰਿਆਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੰਡ ਬਾਰੇ ਸਮਝਣ ਦੇ ਯੋਗ ਹੋਣਗੇ। |
| 4.3 ਬੀਚ ਅਤੇ ਸੈਰ ਸਪਾਟਾ | ਵਿਦਿਆਰਥੀ ਭਾਰਤ ਦੇ ਸਮੁੰਦਰੀ ਬੀਚਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਵੰਡ ਨੂੰ ਸਮਝਣ ਦੇ ਯੋਗ ਹੋਣਗੇ। |

### ਮੁਲਾਂਕਣ ਪਲਾਨ: (ਅਧਿਆਪਕਾਂ ਲਈ)

| ਯੂਨਿਟ-4 | ਵਿਸ਼ਾ | ਮੁਲਾਂਕਣ ਨਤੀਜਾ | ਸਮਾਂ ਸਾਰਣੀ | ਕਥਨ |
|---|---|---|---|---|
| 4.1 | ਜਾਣ ਪਛਾਣ | ਪ੍ਰਸ਼ਨ-ਉੱਤਰ | | |
| 4.2 | ਸਮੁੰਦਰੀ ਕਿਨਾਰੇ | ਪ੍ਰਸ਼ਨ-ਉੱਤਰ | | |
| 4.3 | ਬੀਚ ਅਤੇ ਸੈਰ ਸਪਾਟਾ | ਪ੍ਰਸ਼ਨ-ਉੱਤਰ | | |

### 4.1 ਜਾਣ-ਪਛਾਣ

ਭਾਰਤ ਇੱਕ ਪ੍ਰਾਈਦਵੀਪੀਏ ਦੇਸ਼ ਹੈ ਜਿਸਦੇ ਦੱਖਣੀ ਸੀਮਾਵਾਂ ਤੇ ਅਰਬ ਸਾਗਰ, ਬੰਗਾਲ ਦੀ ਖਾੜੀ ਅਤੇ ਭਾਰਤੀ ਮਹਾਂਸਾਗਰ ਹੈ। ਇਹ ਸਾਰੇ ਵੱਡੇ ਪਾਣੀ ਦੇ ਸੋਮੇ ਭਾਰਤੀ ਤੱਟਵਰਤਾਂ ਨੂੰ ਬਣਾਉਂਦੇ ਹਨ।

ਇਹ ਤਟਵਰਤ ਸੈਰਸਪਾਟਾ ਸਰੋਤਾਂ ਦਾ ਇੱਕ ਅਨਿੱਖੜਵਾਂ ਹਿੱਸਾ ਹਨ ਜੋ ਲਹਿਰਾਉਂਦੀ ਹੋਈ ਹਰੀ ਭਰੀ ਵਨਸਪਤਿਕ ਸੰਪਦਾ ਅਤੇ ਜੰਗਲੀ ਜੀਵਨ ਦੇ ਆਰਕਸ਼ਿਤ ਘਰ ਜਿਵੇਂ ਜੰਗਲੀ ਜੀਵ ਜੰਤੂ ਘਰ, ਚਿੜੀਆ ਘਰ ਜੀਵ ਜੰਤੂ ਪਾਰਕ, ਵਨਸਪਤਿਕ ਬਾਗ, ਦਲਦਲੀ ਖੇਤਰ, ਬੈਕ ਵਾਟਰ, ਪਰਿਆਵਰਣਿਕ ਸੈਰ, ਭੂਮੀ ਸੈਰਸਪਾਟਾ ਆਦਿ ਪ੍ਰਦਾਨ ਕਰਦਾ ਹੈ।

ਬੀਚ ਤਟਵਰਤ ਰੇਖਾਵਾਂ ਹੁੰਦੇ ਹਨ ਜਿੰਨ੍ਹਾਂ ਦੀ ਮਿੱਟੀ ਦੇ ਕਣ ਢਿੱਲੇ, ਰੇਤੀਲੀ, ਗੋਲਪੱਥਰ ਅਤੇ ਚਟਾਨਾਂ ਦੇ ਭੁਰਭੁਰੇ ਹੁੰਦੇ ਹਨ। ਬੀਚ ਸੈਲਾਨੀਆਂ ਨੂੰ ਦੇਣ ਵਾਲੇ ਅਤਿ ਉਤਮ ਆਨੰਦ ਅਤੇ ਖੁਸ਼ੀ ਲਈ ਸੈਲਾਨੀਆਂ ਦੀ ਪਸੰਦੀਦਾ ਜਗ੍ਹਾ ਹੁੰਦੇ ਹਨ।

ਭਾਰਤ ਨੂੰ ਸੰਸਾਰ ਦੇ ਮਸ਼ਹੂਰ ਸਮੁੰਦਰੀ ਕਿਨਾਰੇ ਅਤੇ ਬੀਚ ਸੈਰ ਸਪਾਟੇ ਵਰਦਾਨ ਦੇ ਰੂਪ ਮਿਲੇ ਹਨ

**ਸਮੀਖਿਅਕ ਪ੍ਰਸ਼ਨ**

1. ਬੀਚ ਦੀ ਪਰਿਭਾਸ਼ਾ ਦਿਉ।

2. ਭਾਰਤੀ ਸਮੁੰਦਰੀ ਕਿਨਾਰਾ ਬਣਾਉਣ ਵਾਲੇ ਤਿੰਨ ਪਾਣੀ ਦੇ ਸੋਮਿਆਂ ਦੇ ਨਾਮ ਲਿਖੋ।

## 4.2 ਸਮੁੰਦਰੀ ਕਿਨਾਰੇ

ਸਮੁੰਦਰੀ ਸੋਖ ਤੋਂ ਜਘਨ (Sponges to cras), ਚਿੜੀਆਂ ਤੋਂ ਕਾਈ (Algae), ਭਾਰਤ ਦਾ ਤਟਵਰਤੀ ਜੀਵਨ ਸੈਲਾਨੀਆਂ ਨੂੰ ਪੇੜ ਪੌਦੇ ਅਤੇ ਜਾਨਵਰਾਂ ਦੇ ਜਗਤ ਨਾਲ ਰੁਬਰੂ ਕਰਵਾਉਂਦਾ ਹੈ। ਭਾਰਤ ਦੇ ਮਹੱਤਵਪੂਰਨ ਸਮੁੰਦਰੀ ਕੰਡੇ ਹਨ:

### ਭਾਰਤ ਦੇ ਮਹੱਤਪਵਪੂਰਨ ਸਮੁੰਦਰੀ ਕੰਡੇ ਹਨ

ਭਾਰਤ ਦੇ ਦੋ ਸਮੁੰਦਰੀ ਕੰਢੇ ਪੂਰਬ ਅਤੇ ਪੱਛਮ ਵੱਲ ਹਨ, ਜਿਨ੍ਹਾਂ ਵਿੱਚ 10 ਵੱਡੇ ਅਤੇ 200 ਛੋਟੇ ਅਤੇ ਮੱਧਮ ਆਕਾਰ ਦੇ ਹਨ। ਉਸ ਤੋਂ ਇਲਾਵਾ ਕਈ ਟਾਪੂ ਹਨ ਜੋ ਭਾਰਤੀ ਸਰਹੱਦ ਤੋਂ ਪਰੇ ਹੋਰ ਦੇਸ਼ਾਂ ਦੇ ਨਜ਼ਦੀਕ ਹਨ। ਪੂਰਬ ਵਿੱਚ, ਅੰਡਮਾਨ ਅਤੇ ਨਿਕੋਬਾਰ ਟਾਪੂ ਥਾਈਲੈਂਡ ਅਤੇ ਇੰਡੋਨੇਸ਼ੀਆ ਦੇ ਨਜ਼ਦੀਕ ਹਨ ਅਤੇ ਪੱਛਮ ਵਿੱਚ ਲਕਸ਼ਦੀਪ ਅਤੇ ਮਿਨੀਕੋਅ ਟਾਪੂ ਮਾਲਦੀਵ ਅਤੇ ਮੋਰੇਸ਼ੀਅਸ ਦੇ ਨਾਲ ਲੱਗਦੇ ਹਨ ।ਕਾਂਡਲਾ, ਮੁੰਬਈ, ਚੇਨੰਈ, ਵਿਸ਼ਾਖਾਪਟਨਮ ਅਤੇ ਕੋਲਕਾਤਾ ਭਾਰਤੀ ਸਮੁੰਦਰੀ ਤੱਟ ਦੇ ਸਭ ਤੋਂ ਰੁੱਝੇ ਹੋਏ ਗੇਟ ਹਨ।

### ਭਾਰਤ ਦੇ ਮਸ਼ਹੂਰ ਸਮੁੰਦਰੀ ਕਿਨਾਰੇ

ਜਦਕਿ ਭਾਰਤ ਨੂੰ ਅਣਗਿਣਤ ਸਮੁੰਦਰੀ ਕਿਨਾਰਿਆਂ ਦਾ ਵਰਦਾਨ ਮਿਲਿਆ ਹੈ। ਸੈਰਸਪਾਟਾ ਸਰੋਤਾਂ ਵਜੋਂ ਸਮੁੰਦਰੀ ਕਿਨਾਰੇ ਸੈਲਾਨੀਆਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਤੋਂ ਰਾਹਤ ਦਿੰਦੇ ਹਨ ਅਤੇ ਬਦਲਾਅ ਲਈ ਇਹ ਸਭ ਤੋਂ ਵਧੀਆ ਵਿਕਲਪ ਹੈ।

ਛੁੱਟੀਆਂ ਵਿੱਚ ਰਿਜੋਰਟ ਲਈ ਜੁਹੁ, ਅੰਡਰਵਾਟਰ ਪੁਸ਼ ਅਤੇ ਚੋਪਾਟੀ ਮੁੰਬਈ ਦੇ ਬੀਚ ਹਨ। ਕੇਰਲ ਦਾ ਕੋਵਾਲੈਮ ਸਮੁੰਦਰੀ ਪਾਸਾ ਇੱਕ ਚੰਗਾ ਬਦਲਾਅ ਪ੍ਰਦਾਨ ਕਰਦਾ ਹੈ। ਕੋਵਾਲੈਮ ਆਪਣੇ ਕੁਦਰਤੀ ਭੂ ਦ੍ਰਿਸ਼ ਅਤੇ ਉੱਗੇ ਨਾਰੀਅਲ ਦੇ ਦਰੱਖਤਾਂ ਕਰਕੇ ਦੂਜੇ ਕਿਨਾਰਿਆਂ ਤੋਂ ਵੀ ਚਮਕਦਾ ਹੈ। ਸਮੁੰਦਰ ਦੇ ਨੀਲੇ ਪਾਣੀ ਅਤੇ ਇਲੀਅਟ ਬੀਚ ਉੱਤੇ ਘੋੜਿਆਂ ਦੀ ਸਵਾਰੀ ਸੈਲਾਨੀਆਂ ਤੇ ਬੱਚਿਆਂ ਨੂੰ ਬਹੁਤ ਆਨੰਦ ਪ੍ਰਦਾਨ ਕਰਦੀ ਹੈ। ਤਮਿਲਨਾਡੂ ਟਰੈਵਲਰ ਇੰਪਰੂਵਮੈਂਟ ਕਾਰਪੋਰੇਸ਼ਨ ਮੁੱਤੁਕਾਡੂ ਤੋਂ ਇੱਕ ਸਪੀਡ ਬੋਟ ਘਰ ਚਲਾਉਂਦਾ ਹੈ, ਜੋ ਸਮੁੰਦਰੀ ਜਹਾਜ਼ ਅਤੇ ਸਮੁੰਦਰੀ ਤੱਟ ਨੂੰ ਪਿਆਰ ਕਰਨ ਵਾਲਿਆਂ ਲਈ ਵਿੰਡ ਫਲੋ ਬਰਾਉਸਿੰਗ ਦਾ ਇੰਤਜਾਮ ਕਰਦਾ ਹੈ। ਪੁਰੀ, ਅਤੇ ਕੋਨਾਰਕ ਦੀ ਤਟਵਰਤੀ ਸੀਮਾ ਪੂਰੇ ਉਡੀਸ਼ਾ ਵਿੱਚ ਰੋਮਾਂਚਕ ਸੈਰਸਪਾਟੇ ਲਈ ਇੱਕ ਬਹੁਤ ਵਧੀਆ ਸਮੁੰਦਰ ਤੱਟ ਪ੍ਰਦਾਨ ਕਰਦਾ ਹੈ। ਇਹਨਾਂ ਥਾਂਵਾਂ ਤੇ ਆਉਣ ਵਾਲੇ ਬਹੁਤੇ ਸੈਲਾਨੀ ਤੀਰਥ ਯਾਤਰੀ ਅਤੇ ਸਮੁੰਦਰ ਨੂੰ ਚਾਹੁਣ ਵਾਲੇ ਹੁੰਦੇ ਹਨ।

ਵਿਸ਼ਾਖਾਪਟਨਮ ਦੇ ਕੋਲ ਹੀ ਹੈ ਭੀਮੁਨੀਪਟਨਮ ਜੋ ਕਿ ਕਈ ਸੁਰੱਖਿਅਤ ਕਿਨਾਰਿਆਂ ਵਿੱਚੋਂ ਇੱਕ ਹੈ। ਪੱਛਮੀ ਭਾਰਤ ਦੇ ਮਹੱਤਵਪੂਰਨ ਤਟ ਹਨ ਮਾਲਾਬਾਰ, ਕੋਨਕਨ ਅਤੇ ਗੁਜਰਾਤ ਦੇ ਸਮੁੰਦਰੀ ਤੱਟਾਂ ਕੋਨਕਨ ਆਪਣੀ ਸੁੰਦਰਤਾ ਤੋਂ ਇਲਾਵਾ, ਰੇਲ ਨੈਟਵਰਕ ਦਾ ਸਰਵੋਤਮ ਨਮੂਨਾ ਜਿਸ ਵਿੱਚ 2000 ਤੋਂ ਵੱਧ ਸੁਰੰਗਾਂ ਹਨ ਇਸਦੇ ਟਰੈਕ ਬੇਸ਼ੁਮਾਰ ਕੁਦਰਤੀ ਸੁੰਦਰਤਾ ਹੈ। ਮਾਲਾਬਾਰ ਦੀ ਅਦਭੁਤ ਸੁੰਦਰਤਾ ਕਲਪਨਾ ਤੋਂ ਪਰੇ ਹੈ।

**ਸਮੀਖਿਅਕ ਪ੍ਰਸ਼ਨ**

1. ਭਾਰਤ ਦੇ ਮਸ਼ਹੂਰ ਸਮੁੰਦਰੀ ਤਟ ਉੱਤੇ ਇੱਕ ਛੋਟਾ ਨੋਟ ਲਿਖੋ।

## 4.3 ਬੀਚ ਅਤੇ ਸੈਰਸਪਾਟਾ

### ਭਾਰਤ ਦੇ ਸਰਵੋਤਮ ਬੀਚ

ਭਾਰਤੀ ਪ੍ਰਾਇਦਵੀਪ ਦੀ ਤਟਵਰਤੀ ਸੀਮਾ ਅਣਗਿਣਤ ਸ਼ਾਨਦਾਰ ਅਤੇ ਦਿਲ ਲੁਭਾਉਣ ਵਾਲੇ ਬੀਚਾਂ ਨਾਲ ਭਰੀ ਹੋਈ ਹੈ। ਤਟ ਦੇ ਨਾਲ ਲੱਗੇ ਸਾਗਰ ਅਤੇ ਮਹਾਂਸਾਗਰ ਦੇ ਅਦਭੁੱਤ ਰੰਗ ਵਿਖਾਈ ਦਿੰਦੇ ਹਨ ਜਿਵੇਂ ਕਿ ਬਿਜਲੀ ਵਾਲਾ ਨੀਲਾ ਰੰਗ, ਫੀਰੋਜੀ, ਹਰਾ ਪੰਨੇ ਵਾਲਾ ਰੰਗ, ਸਿਲੇਟੀ ਅਤੇ ਝੱਗਦਾਰ ਚਿੱਟਾ ਰੰਗ। ਸੈਲਾਨੀ, ਚੱਕਰਦਾਰਾਂ,ਵੱਡੀਆਂ ਲਹਿਰਾਂ, ਛੋਟੀ ਲਹਿਰਾਂ, ਪਾਣੀ ਦੇ ਉਤਾਰ ਚੜ੍ਹਾਵ ਉੱਤੇ ਨੱਚਦੀ ਚਮਕਦੀ ਸੂਰਜ ਦੀ ਰੌਸ਼ਨੀ, ਚਮਕਦੀ ਝੱਗ, ਕਿਨਾਰਿਆਂ ਤੇ ਅਗਾਂਹ ਅਤੇ ਪਿਛਾਂਹ ਹੁੰਦੀਆਂ ਲਹਿਰਾਂ ਦਾ ਆਨੰਦ ਮਾਣਦੇ ਹਨ।

ਇੱਕ ਹਲਕੀ ਜਿਹੀ ਆਵਾਜ਼ ਤੋਂ ਵੱਡੀ ਗਰਜ ਤੱਕ ਸੁਣਾਈ ਦਿੰਦੀ ਹੈ। ਇੱਥੇ ਸੁਨਹਿਰੀ ਜਾਂ, ਚੌਧਿਆਣ ਵਾਲੀ ਚਿੱਟੀ ਰੇਤ, ਸਖ਼ਤ ਚਟਾਨਾਂ ਵਾਲੇ ਬੀਚ ਜਿੱਥੇ ਦਰਾਰਾਂ ਅਤੇ ਗੁਫ਼ਾਵਾਂ ਹੁੰਦੀਆਂ ਹਨ। ਇੱਥੇ ਦੇ ਜਿਆਦਾਤਰ ਬੀਚ ਛੁੱਟੀਆਂ ਦੇ ਦਿਨਾਂ ਵਿੱਚ ਅਦਭੁਤ ਭੂਦ੍ਰਿਸ਼ ਅਤੇ ਦਿੱਲ ਖਿਚਵੇਂ ਦ੍ਰਿਸ਼ਾਂ ਦੀ ਸੁੰਦਰਤਾ ਵਿੱਚ ਘਿਰੇ ਆਰਾਮਦਾਇਕ ਰਿਸੋਰਟ, ਛੋਟੇ ਮਕਾਨ ਅਤੇ ਹੋਟਲ ਮੁਹੱਈਆ ਕਰਵਾਉਂਦੇ ਹਨ। ਇੱਥੇ ਕਈ ਰੋਮਾਂਚਕ ਗਤੀਵਿਧੀਆਂ ਜਿਵੇਂ ਕਿ ਸਮੁੰਦਰੀ ਸੈਰ ਅਤੇ ਪਾਣੀ ਵਿੱਚ ਖੇਡਾਂ ਕਰਨ ਦੀ ਪ੍ਰਬੰਧ ਵਿਵਸਥਾ ਹੈ। ਬੀਚ ਉੱਤੇ ਸੈਲਾਨੀਆਂ ਦੀ ਛੁੱਟੀਆਂ ਬਿਤਾਉਣ ਲਈ ਇੱਕ ਚੰਗਾ ਵਾਤਾਵਰਣ ਹੁੰਦਾ ਹੈ। ਇੱਥੇ ਕੁਝ ਬਹੁਤ ਹੀ ਅਦਭੁੱਤ ਵੀ ਬੀਚ ਹਨ ਖ਼ਾਸ ਕਰਕੇ ਗੋਆ ਵਿੱਚ ਜੋ ਕਿ ਭਾਰਤ ਦੀ ਬੀਚ ਰਾਜਧਾਨੀ ਹੈ। ਗੋਆ ਦਾ ਕੇਲਨਗੁਟ ਬੀਚ ਜਿਸ ਨੂੰ ਬੀਚਾਂ ਦੀ ਰਾਣੀ ਕਿਹਾ ਜਾਂਦਾ ਹੈ।


ਗੋਆ ਨੂੰ ਅੱਦਭੁਤ ਬੀਚਾਂ, ਅੱਦਭੁਤ ਮੌਸਮ, ਖੁਸ਼ਮਿਜਾਜ਼ ਲੋਕਾਂ, ਸਵਾਦਿਸ਼ਟ ਭੋਜਨ, ਸਾਫ ਚਿੱਟੀ ਕਲੀ ਵਾਲੇ ਗਿਰਜਾਘਰ, ਪਹਾੜੀਆਂ ਉੱਪਰ ਕਿਲ੍ਹੇ, ਪੁਰਤਗਾਲੀ ਗਿਰਜਾਘਰ, ਆਦਿ ਵਰਦਾਨ ਵੱਜੋਂ ਮਿਲੇ ਹਨ। ਇਹ ਛੁੱਟੀਆਂ ਦੇ ਦਿਨਾਂ ਦੀ ਸਭ ਤੋਂ ਪਹਿਲੀ ਪਸੰਦ ਹਨ ਕਿਉਂਕਿ ਇਥੇ ਅੱਦਭੁਤ ਬੀਚ ਹਨ ਜਿਨ੍ਹਾਂ ਵਿੱਚੋਂ ਕੈਲਨਗੁਟ ਬੀਚ ਇੱਕ ਖ਼ਾਸ ਸਥਾਨ ਰੱਖਦਾ ਹੈ। ਸੈਲਾਨੀ ਇੱਥੋਂ ਦੀ ਮਿੱਟੀ ਤੋਂ ਪ੍ਰਭਾਵਿਤ ਹੋ ਕੇ ਝੁੰਡ ਬਣਾ ਕੇ ਘੁੰਮਦੇ ਹਨ।




ਨਕਸ਼ਾ 4.1 ਭਾਰਤ ਦੇ ਸਮੁੰਦਰੀ ਕਿਨਾਰੇ ਅਤੇ ਬੀਚ



ਬੀਚ



ਚੋਪਾਟੀ ਬੀਚ, ਮੁੰਬਈ



ਮਹਾਬਲੀਪੁਰਮ ਬੀਚ, ਤਮਿਲਨਾਡੂ



ਨਗੋਆ ਬੀਚ



ਅਜੁਨਾਬੀਚ, ਗੋਆ



ਅੰਡਮਾਨ ਬੀਚ



ਰਿਸ਼ੀਰੋਂਡਾ ਬੀਚ



ਸਮੁੰਦਰੀ ਕਿਨਾਰਾ

ਪਾਣੀ ਵਾਲੀਆਂ ਖੇਡਾਂ ਜਿਵੇਂ ਸਰਫਿੰਗ, ਸਨੋਰਕਲਿੰਗ, ਸਕੂਬਾ ਡਾਈਵਿੰਗ, ਵਾਟਰ ਸਕਾਇੰਗ ਪੈਰਾਸੇਲਿੰਗ ਆਦਿ ਲਈ ਸਭ ਤੋਂ ਵਧੀਆ ਸਥਾਨ ਹੈ। ਕੁਝ ਤੈਰਾਕੀ ਕਰਕੇ ਜਾਂ ਧੁੱਪ ਵਿੱਚ ਲੇਟ ਕੇ ਆਰਾਮ ਫਰਮਾਉਂਦੇ ਹਨ। ਗੋਆ ਬੀਚ ਉੱਤੇ ਧੁੱਪ ਸੇਕਣ, ਪਾਣੀ ਵਿੱਚ ਛਾਲਾਂ ਮਾਰਨ ਜਾਂ ਠੰਡੇ ਪਦਾਰਥਾਂ ਦਾ ਸੇਵਨ ਕੀਤਾ ਜਾਂਦਾ ਹੈ। ਇਹ ਇੱਕ ਵੱਡਾ ਪਾਰਟੀ ਜੋਨ ਹੈ ਜੋ ਕਿ ਕੈਰੀਬੀਅਨ ਅਤੇ ਮਿਆਮੀ ਬੀਚ ਦੇ ਨਾਲ ਲੱਗਦਾ ਹੈ। ਸਭ ਤੋਂ ਵਧੀਆ ਇੱਥੇ ਆਉਣ ਦਾ ਸਮਾਂ ਨਵੰਬਰ ਤੋਂ ਫਰਵਰੀ ਤੱਕ ਹੈ।

### ਅੰਜੁਨਾ ਬੀਚ

ਅੰਜੁਨਾ ਬੀਚ ਗੋਆ ਵਿੱਚ ਹਨੀਮੂਨ ਮਨਾਉਣ ਵਾਲਿਆ ਲਈ ਸਭ ਤੋਂ ਪਸੰਦੀਦਾ ਥਾਂ ਹੈ। ਇਹ ਅੰਤਰਰਾਸ਼ਟਰੀ ਸੈਲਾਨੀਆਂ ਲਈ ਬਹੁਤ ਹੀ ਮਸ਼ਹੂਰ ਥਾਂ ਹੈ। ਸ਼ਾਂਤ ਨੀਲਾ ਸਮੁੰਦਰ, ਪਾਣੀ ਵਾਲੀਆਂ ਖੇਡਾਂ ਅਤੇ ਤੈਰਾਕੀ ਲਈ ਸੁਰੱਖਿਅਤ ਹੈ। ਹਫਤਾਵਾਰ ਬਾਜ਼ਾਰ ਵਿੱਚ ਸਸਤੇ ਰੇਟਾਂ ਉੱਤੇ ਹਸਤਕਲਾ ਤੋਂ ਛੋਟੇ ਗਹਿਣਿਆਂ ਤੱਕ ਦੇ ਬਹੁਗਿਣਤੀ ਵਿੱਚ ਉਤਪਾਦ ਮਿਲਦੇ ਹਨ। ਚਾਂਦਨੀ ਰਾਤ ਜਾਂ ਰੇਸਤਰਾਂ ਦੀ ਡਰਿੰਕ ਹਾਉਸ ਪਾਰਟੀ ਲੋਕਾਂ ਨੂੰ ਤਰੋ ਤਾਜ਼ਾ ਕਰਕੇ ਜੋਸ਼ ਅਤੇ ਉਤਸਾਹ ਭਰਦੀਆਂ ਹਨ। ਮਸਕਰਹੇਨਾਸ ਬੰਗਲੇ ਵਿੱਚ ਕੰਚ ਅਤੇ ਲਕੜ ਉੱਤੇ ਕੀਤੀ ਸੁੰਦਰ ਚਿੱਤਰਕਾਰੀ ਇੱਕ ਅਦਭੁਤ ਨਮੂਨਾ ਹੈ। ਅੰਜੁਨਾ ਬੀਚ ਉੱਤੇ

ਜਾਣ ਦਾ ਸਮਾਂ ਨਵੰਬਰ ਤੋਂ ਮਈ ਹੈ। ਜਦਕਿ ਜੂਨ ਤੋਂ ਅਕਤੂਬਰ ਦਾ ਸਮਾਂ ਠੰਡੀ ਹਵਾ ਦੇ ਨਾਲ ਵਰਖਾ ਅਤੇ ਉੱਚੀ ਉਡਾਨ ਭਰਨ ਦਾ ਨਜ਼ਾਰਾ ਲੈਣ ਦਾ ਸਭ ਤੋਂ ਵਧੀਆ ਸਮਾਂ ਹੈ।

### ਨਗੋਆ ਬੀਚ

ਦਿਉ ਤੋਂ 20 ਕਿ.ਮੀ. ਦੀ ਦੂਰੀ ਤੇ ਜੁੱਤੇ ਦੇ ਆਕਾਰ ਦਾ ਲੰਬਾ ਰੇਤ ਦਾ ਸਟਰੈਚ ਹੈ ਨਗੋਆ ਬੀਚ। ਇਹ ਭਾਰਤ ਦੇ ਸਭ ਤੋਂ ਸੁੰਦਰ ਬੀਚਾਂ ਵਿੱਚੋਂ ਇੱਕ ਹੈ। ਇਹ ਅਰਬ ਸਾਗਰ ਦੇ ਕਿਨਾਰੇ ਸਥਿਤ ਸ਼ਾਂਤਮਈ ਅਤੇ ਖਜੂਰਾਂ ਦੇ ਦਰਖਤਾਂ ਦੀ ਛਾਂ ਨਾਲ ਭਰਿਆ ਹੋਇਆ ਬੀਚ ਹੈ।

### ਕੋਵਾਲਮ ਬੀਚ-ਕੇਰਲ ਦਾ ਸਵਰਗ

ਕੇਰਲ ਦੇ ਬੀਚ ਗੋਆ ਦੇ ਬੀਚ ਦੇ ਬਿਲਕੁਲ ਉਲਟ ਹਨ ਗੋਆ ਦੇ ਬੀਚ ਘੁੰਮਣ ਫਿਰਨ ਲਈ ਹਨ ਪਰ ਕੇਰਲ ਦੇ ਬੀਚ ਆਪਣੀ ਸ਼ਾਂਤੀ ਵਾਲੀ ਸੁੰਦਰਤਾ ਕਾਰਨ ਜਿਆਦਾਤਰ ਅਮੀਰ ਸੈਲਾਨੀਆਂ ਲਈ ਹਨ। ਕੋਵਾਲਮ ਕੇਰਲ ਦੇ ਪੱਛਮੀ ਤਟ ਨਾਲ ਲੱਗਦਾ ਮਸ਼ਹੂਰ ਬੀਚ ਹੈ। ਇਹ ਬੀਚ ਇਕਾਂਤ ਅਤੇ ਸ਼ਾਂਤੀ ਰੱਖਦਾ ਹੈ ਜਿੱਥੇ ਕੇਵਲ ਪਾਣੀ ਦੀ ਆਵਾਜ ਹੈ ਤੇ ਇਸ ਦੇ ਕਿਨਾਰੇ ਉੱਤੇ ਸੈਰ ਕੀਤੀ ਜਾ ਸਕਦੀ ਹੈ। ਡੁਬਕੀਆਂ ਲਗਾਈਆਂ ਜਾ ਸਕਦੀਆਂ ਹਨ ਤੇ ਵੱਡੇ ਨਾਰੀਅਲ ਦੇ ਦਰੱਖਤ ਇੱਕ ਜਾਦੂ ਜਿਹਾ ਪੇਸ਼ ਕਰਦੇ ਹਨ। ਇਹ ਅੰਤਰਰਾਸ਼ਟਰੀ ਸੈਲਾਨੀਆਂ ਦੇ ਆਰਾਮ ਦਾ ਪਸੰਦੀਦਾ ਸਥਾਨ ਹੈ। ਉਹ ਇੱਥੇ ਅਯੁਰਵੈਦਿਕ ਮਾਲਿਸ਼ ਕਰਵਾ ਸਕਦੇ ਹਨ। ਇੱਥੇ ਹੋਰ ਆਕਰਸ਼ਣ ਕਰਨ ਵਾਲੀ ਚੀਜ਼ ਇੱਥੋਂ ਦਾ ਸਮੁੰਦਰੀ ਭੋਜਨ ਹੈ। ਸਭ ਤੋਂ ਵਧੀਆ ਇੱਥੇ ਆਉਣ ਦਾ ਸਮਾਂ ਸਤੰਬਰ ਤੋਂ ਮਈ ਤੱਕ ਹੈ।

### ਮਹਾਂਬਲੀਪੁਰਮ (ਤਮਿਲਨਾਡੂ)

ਮਹਾਂਬਲੀਪੁਰਮ ਤਮਿਲਨਾਡੂ ਦਾ ਸਭ ਤੋਂ ਸੁੰਦਰ ਬੀਚ ਹੈ। ਇਹ ਸੰਸਾਰ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ।

ਇੱਥੋਂ ਦਾ ਸ਼ਾਂਤਮਈ ਮਾਹੌਲ ਹਰ ਇੱਕ ਉੱਪਰ ਚੰਗਾ ਪ੍ਰਭਾਵ ਪਾਉਂਦਾ ਹੈ। ਹਰ ਕੋਈ ਇਥੋਂ ਦੇ ਕੁਦਰਤੀ ਦ੍ਰਿਸ਼ ਅਤੇ ਲਹਿਰਾਂ ਦੀ ਆਵਾਜ਼ ਨੂੰ ਸੁਣ ਕੇ ਆਰਾਮ ਮਹਿਸੂਸ ਕਰਦਾ ਹੈ। ਇੱਥੇ ਸਦੀਆਂ ਪੁਰਾਣੇ ਸਮਾਰਕ ਅਤੇ ਅਦਭੁੱਤ ਚਟਾਨਾਂ ਚੋਂ ਕਟੇ ਹੋਏ ਸਮਾਰਕ ਹਨ। ਸ਼ੋਰ ਮੰਦਿਰ, ਰੱਥ ਅਤੇ ਅਰਜੁਨ ਦੀ ਤਪੱਸਿਆ, ਕੁਦਰਤੀ ਨਜ਼ਾਰਾ ਪੇਸ਼ ਕਰਦੇ ਹਨ। ਪੁਰਾਤਨ ਭਾਰਤੀ ਨਾਚ, ਸਾਸ਼ਤਰੀ ਸੰਗੀਤ ਜੋ ਕਿ ਤਮਿਲਨਾਡੂ ਸਰਕਾਰ ਦੇ ਸੈਰਸਪਾਟਾ ਵਿਭਾਗ ਵੱਲੋਂ ਇੱਕ ਤਿਉਹਾਰ ਵਜੋਂ ਮਨਾਇਆ ਜਾਣ ਕਰਕੇ ਭਾਰਤੀ ਅਤੇ ਵਿਦੇਸ਼ੀ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇੱਥੇ ਕਈ ਆਰਾਮਦਾਇਕ ਰਿਸੋਰਟ, ਗੈਸਟ ਹਾਉਸ ਅਤੇ ਸਸਤੇ ਸੈਲਾਨੀਆਂ ਲਈ ਹਨ। ਮਗਰਮੱਛ ਫਾਰਮ ਅਤੇ ਸਨੇਕ ਵਿਨੋਮ-ਏਕਸਟਰੈਕਟਿੰਗ ਕੇਂਦਰ, ਕਲਾ ਸਕੂਲ ਅਤੇ ਪੱਥਰਾਂ ਦੀ ਮੂਰਤੀ ਵੀ ਸੈਲਾਨੀ ਆਕਰਸ਼ਣ ਦਾ ਕੇਂਦਰ ਹਨ। ਇੱਥੇ ਆਉਣ ਦਾ ਸਮਾਂ ਨਵੰਬਰ ਤੋਂ ਫਰਵਰੀ ਤੱਕ ਹੈ।

## ਪੁਡੂਚੇਰੀ ਬੀਚ

ਜੇਕਰ ਗੋਆ ਵਿੱਚ ਪੁਰਤਗਾਲੀ ਸਭਿਆਚਾਰ ਦੇ ਅੰਸ਼ ਹਨ ਤਾਂ ਪੁਡੂਚੇਰੀ (ਪੁਡੂਚੇਰੀ ਫਰਾਂਸੀਸੀਆਂ ਦਾ ਕੇਂਦਰੀ ਕਸਬਾ ਸੀ) ਫਰਾਂਸੀਸੀ ਰਾਜ ਦੀ ਯਾਦ ਦਿਲਵਾਉਂਦਾ ਹੈ। ਇੱਥੇ ਚਿੱਟੀ ਮਿੱਟੀ ਦਾ ਚੂਰਾ ਅਤੇ ਚਮਕਦੀ ਧੁੱਪ, ਨੀਲੇ ਸਾਫ ਪਾਣੀ ਨਾਲ ਘਿਰੇ ਹੋਏ ਬੀਚ ਹਨ। ਇੱਥੇ ਕਈ ਰਿਸੋਰਟ, ਬਾਰ, ਕੈਫੇ ਅਤੇ ਘਰ ਫਰਾਂਸੀਸੀ ਰਿਵਾਜ਼ਾਂ ਦੀ ਯਾਦ ਦਿਲਾਉਂਦੇ ਹਨ ਸ੍ਰੀ ਔਰਬਿੰਦੋ ਆਸ਼ਰਮ ਸਾਰੇ ਸੰਸਾਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਕਿਉਂ ਕਿ ਇਹ ਸ਼ਾਂਤੀ ਦਾ ਇੱਕ ਵਧੀਆ ਸਥਾਨ ਹੈ।

## ਰਿਸ਼ੀਕੋਂਡਾ ਬੀਚ

ਰਿਸ਼ੀਕੋਂਡਾ ਬੀਚ ਦੀ ਗੋਲਡਨ ਮਿੱਟੀ ਜੋ ਕਿ ਗਰਮ ਸਮੁੰਦਰ ਦੁਆਰਾ ਧੋਤੀ ਜਾਂਦੀ ਹੈ ਤੈਰਾਕਾਂ ਲਈ ਸਭ ਤੋਂ ਵਧੀਆ ਜਗ੍ਹਾ ਹੈ। ਇੱਥੇ ਆਸਪਾਸ ਸਮੁੰਦਰ ਅਤੇ ਪਹਾੜੀਆਂ ਦਾ ਸੁਮੇਲ ਹੈ। ਇਹ ਹੋਟਲ ਅਤੇ ਰਿਸੋਰਟ ਨਾਲ ਭਰਿਆ ਹੋਇਆ ਵਿਜਾਗ ਤੋਂ 8 ਕਿ.ਮੀ. ਦੀ ਦੂਰੀ ਤੇ ਹੈ।

## ਅੰਡਮਾਨ ਬੀਚ

ਅੰਡਮਾਨ ਟਾਪੂ ਨੂੰ ਸਮੁੰਦਰ ਦੁਆਰਾ ਘਿਰੇ ਹੋਣ ਕਰਕੇ ਸਭ ਤੋਂ ਵਧੀਆ ਬੀਚ ਦਾ ਵਰਦਾਨ ਮਿਲਿਆ ਹੈ। ਡੂੰਘੇ ਸਮੁੰਦਰੀ ਕੋਰਲ ਰੀਫ਼ ਨਰਮ ਮਿੱਟੀ ਅਤੇ ਚਮਕਦੀ ਧੁੱਪ ਪਾਣੀ ਵਾਲੀਆਂ ਖੇਡਾਂ ਅਤੇ ਗਤੀਵਿਧੀਆਂ ਜਿਵੇਂ ਕਿ ਸਨੋਰਕਲਿੰਗ, ਕਿਸ਼ਤੀ ਵਿਹਾਰ ਅਤੇ ਸਮੁੰਦਰੀ ਤੈਰਾਕੀ ਕੁਝ ਆਕਰਸ਼ਿਤ ਕਰਨ ਵਾਲੀਆਂ ਚੀਜਾਂ ਹਨ। ਕੋਰਬਇਨ ਕੋਵ ਜੋ ਕਿ ਹਵਾਈ ਅੱਡੇ ਤੋਂ 4 ਕਿ.ਮੀ. ਦੀ ਦੂਰੀ ਤੇ ਹੈ ਇਹ ਮਿੱਟੀ ਨਾਲ ਢੱਕਿਆ ਹੋਇਆ, ਨਾਰੀਅਲ ਦੇ ਦਰੱਖਤਾਂ ਨਾਲ ਘਿਰਿਆ ਹੋਇਆ ਹੈ। ਚਿਰੀਆ ਟਾਪੂ, ਇੱਕ ਛੋਟਾ ਮੱਛਲੀ ਪੱਕੜਣ ਵਾਲਾ ਪਿੰਡ ਜਿੱਥੇ ਸੁੰਦਰ ਬੀਚ ਹਨ। ਕਲਿੰਗਓ ਟਾਪੂ ਦੇ ਕੋਰਲ ਸੈਲਾਨੀਆਂ ਨੂੰ ਦੇਵਲੋਕ ਦਾ ਅਨੁਭਵ ਕਰਵਾਉਂਦੇ ਹਨ। ਹੈਵਲੋਕ ਟਾਪੂ ਵਿੱਚ ਚਿੱਟੀ ਰੇਤ ਦੇ ਬੀਚ ਹਨ ਜੋ ਕਿ ਫੀਰੋਜੀ ਪਾਣੀ ਦੁਆਰਾ ਧੋਤੇ ਜਾਂਦੇ ਹਨ, ਜਿਨ੍ਹਾਂ ਵਿੱਚ ਅਦਭੁੱਤ ਕੋਰਲ ਰੀਫ਼ ਅਤੇ ਰੰਗਦਾਰ ਸਮੁੰਦਰੀ ਜੀਵ ਹਨ। ਹੈਵਲਨ ਟਾਪੂ ਸਾਇਟ ਵਿੱਚ ਮੈਕ ਪਵਾਇੰਟ, ਅਕਵੇਰੀਅਮ, ਬਾਰਾਕੁਡਾ ਸ਼ਹਿਰ, ਟਰਟਲ ਬੇਅ, ਸਿਡਕਸ਼ਨ ਪਵਾਇੰਟ, ਪਾਇਲਟ ਰੀਫ਼ ਹਨ ਅਤੇ ਮੰਨਰਵਾ ਲੋਜ ਆਉਂਦੇ ਹਨ। ਵੰਡੂਰ ਟਾਪੂ, ਛੋਟਾ ਅੰਡਮਾਨ, ਨੀਲ ਅਤੇ ਹੈਵਲੋਕ ਟਾਪੂ ਸਨੋਰਕਲਿੰਗ ਲਈ ਮਸ਼ਹੂਰ ਸਥਾਨ ਹਨ। ਇਸ ਟਾਪੂ ਦੀ ਸਭ ਤੋਂ ਵੱਧ ਸੁੰਦਰਤਾ ਗਰੱਬ, ਰੇਡ ਸਕਿਨ ਅਤੇ ਜੋਲੀ ਬੁਆਇ ਹੈ।

### ਲਕਸ਼ਦੀਪ ਬੀਚ

ਲੈਗੂਨ ਦੇ ਫਿਰੋਜੀ ਨੀਲੇ ਪਾਣੀ ਉੱਪਰ ਫੈਲੇ ਲਕਸ਼ਦੀਪ ਟਾਪੂ ਦੇ ਚਿੱਟੇ ਕੋਰਲ ਬੀਚ ਦੀ ਸੁੰਦਰਤਾ ਸੰਸਾਰ ਵਿੱਚ ਅਦੱਭੁਤ ਹੈ। ਨਾਰੀਅਲ ਦੇ ਦਰੱਖਤਾਂ ਵਿੱਚ ਵਹਿੰਦੀ ਹਲਕੀ ਹਵਾ ਅਤੇ ਹਲਕੀ ਆਰਾਮਦਾਇਕ ਧੁੱਪ ਆਕਰਸਣ ਦਾ ਕੇਂਦਰ ਹੈ। ਸਮੁੰਦਰੀ ਜੀਵਨ ਅਤੇ ਕੋਰਲ ਰੀਫ਼ ਖਿੱਚ ਨੂੰ ਵਧਾਉਂਦੇ ਹਨ। ਆਕਾਸ਼ ਵਿੱਚ ਚੰਦਰਮਾ ਦਾ ਨਿਕਲਣਾ, ਬੰਗਾਰਨ ਟਾਪੂ ਉੱਤੇ ਜਾਂ ਪਾਣੀ ਵਾਲੀਆਂ ਖੇਡਾਂ ਆਗਾਤੀ ਟਾਪੂ ਉੱਤੇ,ਡੂੰਘੀ ਸਮੁੰਦਰੀ ਤੈਰਾਕੀ, ਵੱਡੀ ਗਿਣਤੀ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰਦੀਆਂ ਹਨ।ਤੈਰਾਕਾਂ ਲਈ ਅਕਤੂਬਰ ਤੋਂ ਮਈ ਦਾ ਸਮਾਂ ਸਭ ਤੋਂ ਵਧੀਆ ਹੈ।

### ਪੁਰੀ ਬੀਚ (ਉਡੀਸਾ)

ਪੁਰੀ ਇੱਕ ਧਾਰਮਿਕ ਸਥਾਨ ਅਤੇ ਛੁੱਟੀਆਂ ਬਿਤਾਉਣ ਦੀ ਜਗ੍ਹਾ ਹੈ। ਬੰਗਾਲ ਦੀ ਖਾੜੀ ਦੇ ਨਾਲ ਵੱਡੀ ਰੇਤ ਦੀ ਸਟਰੈਚ ਜੋ ਕਿ ਓੜੀਸ਼ਾ ਦੇ ਤਟਵਰਤ ਨਾਲ ਲੱਗਦੀ ਹੈ ਭਾਰਤ ਦੇ ਸਭ ਤੋਂ ਵਧੀਆ ਬੀਚਾਂ ਵਿੱਚੋਂ ਇੱਕ ਹੈ। ਚਿੱਟੀ ਝੱਗ ਨਾਲ ਚੱਕੇ ਨੀਲੇ ਗਰਜਦੇ ਸਮੁੰਦਰ ਹਜ਼ਾਰਾਂ ਦੀ ਗਿਣਤੀ ਵਿੱਚ ਡੁਬਕੀ ਲਾਉਣ ਜਾਂ ਕਿਸ਼ਤੀ (ਕਰੂਜ਼) ਚਲਾਉਣ ਲਈ ਖਿੱਚਦੇ ਹਨ। ਪੁਰੀ ਵਿੱਚ ਭਗਵਾਨ ਜਗਨਨਾਥ ਦਾ ਮੰਦਿਰ ਉਡੀਸ਼ਾ ਦੀ ਕਲਾ, ਸਭਿਆਚਾਰ ਅਤੇ ਵਿਅੰਜਨ ਨੂੰ ਪੇਸ਼ ਕਰਦਾ ਹੋਇਆ ਖਿੱਚ ਦਾ ਕੇਂਦਰ ਹੈ। ਜੇਕਰ ਭਾਰਤ ਦੇ ਉਪਰਲੇ/ਵਧੀਆ ਬੀਚ ਨੂੰ ਪਹਿਚਾਨਣਾ ਹੋਵੇ ਤਾਂ ਹਰ ਵਿਅਕਤੀ ਉਲਝ ਜਾਵੇਗਾ ਕਿਉਂਕਿ ਹਰ ਇੱਕ ਬੀਚ ਆਪਣੇ ਆਪ ਵਿੱਚ ਵੱਖ ਹੈ ਅਤੇ ਤਟਵਰਤ ਉੱਤੇ ਕਈ ਗਿਣਤੀ ਵਿੱਚ ਬੀਜ ਹਨ।

**ਸਮੀਖਿਅਕ ਪ੍ਰਸ਼ਨ**

1. ਸਮੁੰਦਰੀ ਤਟ ਦੀ ਪਰਿਭਾਸ਼ਾ ਦਿਉ।
2. ਭਾਰਤ ਦੇ ਮਸ਼ਹੂਰ ਸਮੁੰਦਰੀ ਤਟਾਂ ਦੀ ਦੋ ਉਦਾਹਰਨਾਂ ਦਿਉ।

## 4.4 ਇਸ ਯੁਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

1) **ਬੀਚ**

ਬੀਚ ਇੱਕ ਤਟਵਰਤੀ ਰੇਖਾ ਹੈ ਜਿੱਥੇ ਢੀਲੇ ਰੇਤ, ਮਿੱਟੀ ਦੇ ਕਣ, ਗੋਲ ਪੱਥਰ ਅਤੇ ਚਟਾਨਾਂ ਦਾ ਚੂਰਾ ਹੁੰਦਾ ਹੈ। ਬੀਚ ਉਤਸਾਹ ਭਰਪੂਰ ਅਤੇ ਆਨੰਦ ਮਾਨਣ ਲਈ ਸੈਲਾਨੀਆਂ ਵਿੱਚ ਮਸ਼ਹੂਰ ਹਨ।

2) **ਕਿਨਾਰਾ (ਤਟ)**

ਸਮੁੰਦਰ, ਸਾਗਰ, ਖਾੜੀ, ਗਲਫ਼, ਨਦੀ ਅਤੇ ਝੀਲ ਦੇ ਕਿਨਾਰੇ ਨੂੰ ਤਟ ਕਿਹਾ ਜਾਂਦਾ ਹੈ।

## ਸਮੀਖਿਅਕ ਪ੍ਰਸ਼ਨ

ਖਾਲੀ ਥਾਵਾਂ ਭਰੋ :

1. ਭਾਰਤ ਵਿੱਚ _________ ਵੱਡੇ ਅਤੇ _________ ਛੋਟੇ ਅਤੇ ਮੱਧਮ ਆਕਾਰ ਦੇ ਸਮੁੰਦਰੀ ਤੱਟ ਹਨ।
2. _________ਅਤੇ _________ ਟਾਪੂ ਥਾਈਲੈਂਡ ਅਤੇ ਇੰਡੋਨੇਸ਼ੀਆ ਦੇ ਨਜ਼ਦੀਕ ਹਨ।
3. ਪੱਛਮੀ ਲਕਸ਼ਦੀਪ ਅਤੇ ਮੀਨੀਕੋਅ ਟਾਪੂ _________ ਅਤੇ _________ ਦੇ ਨਾਲ ਲੱਗਦਾ ਹੈ।
4. ਗੋਆ ਦੇ ਕੈਲਨਗੂਟ ਬੀਚ ਨੂੰ ਬੀਚਾਂ ਦਾ _________ ਕਿਹਾ ਜਾਂਦਾ ਹੈ।
5. _______ ਭਵਨ ਦੇ ਸ਼ਾਨਦਾਰ ਅਸ਼ਟਲੁਮਾ ਟਾਵਰ ਹਨ ਅਤੇ ਇੱਕ ਅਦਭੁੱਤ ਮੈਂਗਲੋਰ ਦੀ ਟਾਈਲ ਵਾਲੀ ਛੱਤ ਹੈ।
6. _________ ਬੀਚ ਨੂੰ ਕੇਰਲ ਦਾ ਸਵਰਗ ਕਿਹਾ ਜਾਂਦਾ ਹੈ।
7. _________ ਟਾਪੂ ਦੀ ਚਿੱਟੇ ਰੰਗ ਦੀ ਰੇਤ ਦੇ ਬੀਚ ਹਨ ਜੋ ਫਿਰੋਜੀ ਰੰਗ ਦੇ ਪਾਣੀ ਨਾਲ ਧੋਏ ਜਾਂਦੇ ਹਨ ਜਿਨ੍ਹਾਂ ਵਿੱਚ ਪ੍ਰਚੁਰ ਮਾਤਰਾ ਵਿੱਚ ਅਦਭੁੱਤ ਕੋਰਲ ਰੀਫ ਅਤੇ ਰੰਗਦਾਰ ਸਮੁੰਦਰੀ ਜੀਵ ਹਨ।
8. _________ ਆਸ਼ਰਮ ਸੰਸਾਰ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਸ਼ਾਂਤੀ ਲਈ ਇੱਕ ਸਭ ਤੋਂ ਵਧੀਆ ਸਥਾਨ ਹੈ।
9. _______ ਟਾਪੂ, ਛੋਟੀ ਮੱਛਲੀਆਂ ਪਾਲਣ ਲਈ ਇੱਕ ਪਿੰਡ ਹੈ, ਜਿੱਥੇ ਸੁੰਦਰ ਬੀਚ ਅਤੇ ਕਲਿੰਗ ਟਾਪੂ ਦੇ ਕੋਰਲ ਹਨ ਜੋ ਸੈਲਾਨੀਆਂ ਨੂੰ ਧੁੱਪ ਸੇਕਣ ਅਤੇ ਸੁਸਤਾ ਕੇ ਸਵਰਗ ਦੇ ਅਦੱਭੁਤ ਅਨੁਭਵ ਕਰਵਾਉਂਦੇ ਹਨ।
10. _______ ਦਾ ਮੰਦਿਰ ਆਪਣੀ ਕਲਾ, ਸਭਿਆਚਾਰ ਅਤੇ ਉਡੀਸਾ ਦੇ ਵਿਅੰਜਨ ਨਾਲ ਪੁਰੀ ਦੀ ਸ਼ੋਭਾ ਵਧਾਉਂਦਾ ਹੈ।

**ਛੋਟੇ ਪ੍ਰਸ਼ਨ ਉੱਤਰ :**

1. ਬੀਚ ਤੋਂ ਤੁਹਾਡਾ ਕੀ ਭਾਵ ਹੈ ?
2. ਸਮੁੰਦਰੀ ਤੱਟ ਦੀ ਪਰਿਭਾਸ਼ਾ ਦਿਉ ?
3. ਤੱਟ ਕੀ ਹੁੰਦਾ ਹੈ ?

**ਵੱਡੇ ਪ੍ਰਸ਼ਨ-ਉੱਤਰ:**

1. ਭਾਰਤ ਦੇ ਪੂਰਬੀ ਬੀਚਾਂ ਬਾਰੇ ਲਿਖੋ ?
2. ਭਾਰਤ ਦੇ ਪੱਛਮੀ ਬੀਚਾਂ ਬਾਰੇ ਲਿਖੋ ?
3. ਭਾਰਤ ਦੇ ਮਸ਼ਹੂਰ ਸਮੁੰਦਰੀ ਤੱਟ ਕਿਹੜੇ-ਕਿਹੜੇ ਹਨ ?

**ਪ੍ਰਯੋਗੀ ਕਿਰਿਆ**

4.5 ਭਾਰਤ ਦੇ ਭੌਤਿਕ ਨਕਸ਼ੇ ਉੱਤੇ ਭਾਰਤ ਦੇ ਮਸ਼ਹੂਰ ਸਮੁੰਦਰੀ ਕਿਨਾਰਿਆਂ ਨੂੰ ਦਰਸਾਉ ?

# ਯੂਨਿਟ-5
# ਸੈਰਸਪਾਟਾ ਭੌਤਿਕ ਸਰੋਤ- ਦਵੀਪ ਸਮੂਹ

## ਵਿਸ਼ਾ ਸੂਚੀ

5.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

- ਸੰਖੇਪ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸਮੱਗਰੀ
- ਪੜ੍ਹਣ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

5.1 ਜਾਣ-ਪਛਾਣ

5.2 ਅੰਡਮਾਨ ਅਤੇ ਨੀਕੋਬਾਰ ਦਵੀਪਸਮੂਹ

5.3 ਲਕਸ਼ਦਵੀਪ ਦਵੀਪਸਮੂਹ

5.4 ਮਜੌਲੀ ਦਵੀਪਸਮੂਹ

5.5 ਭਾਰਤ ਦੇ ਹੋਰ ਦਵੀਪਸਮੂਹ

5.6 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

5.7 ਪ੍ਰਯੋਗੀ ਗਤੀਵਿਧੀ

## 5.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

### ਸੰਖੇਪ ਜਾਣਕਾਰੀ

ਇਹ ਅਧਿਆਇ ਸੈਰਸਪਾਟਾ ਸਰੋਤਾਂ ਦੇ ਦਵੀਪਸਮੂਹਾਂ ਦੇ ਮੂਲ ਤੱਤਾਂ ਨਾਲ ਸੰਬੰਧ ਰੱਖਦਾ ਹੈ।

### ਇਹ ਯੂਨਿਟ ਹੇਠਾਂ ਦਿੱਤੀ ਹੁਨਰਤਾ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।

- ਦਵੀਪ ਸਮੂਹਾਂ ਦੇ ਮੂਲ ਤੱਤ ਸੈਰਸਪਾਟਾ ਸਰੋਤਾਂ ਵਜੋ:

- ਦਵੀਪ ਸਮੂਹ ਸੈਰਸਪਾਟਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ

- ਦਵੀਪ ਸਮੂਹ ਸੈਰਸਪਾਟਾ ਸਰੋਤਾਂ ਦੀਆਂ ਕਿਸਮਾਂ

- ਦਵੀਪ ਸਮੂਹ ਸੈਰਸਪਾਟਾ ਸਰੋਤਾਂ ਦੀ ਮਹੱਤਤਾ

- ਭਾਰਤ ਦੇ ਦਵੀਪ ਸਮੂਹ ਸੈਰ ਸਪਾਟਾ ਸਰੋਤਾਂ ਦੀ ਧਰਾਤਲੀ ਵੰਡ

### ਸਰੋਤ ਸਮੱਗਰੀ

1. Majid Husain – Geography of India, Tata Mcraw Hill, New Delhi (2013)
2. H.Y. Sharada Prasad and Ashok Dilwali – Life and Landscapes, Under the Incredible India Series, Wisdom Tree Publications, New Delhi, 2007

## ਪੜ੍ਹਣ ਦੇ ਨਤੀਜੇ

| ਯੂਨਿਟ-5<br>ਸੈਰ-ਸਪਾਟੇ ਦੇ ਭੌਤਿਕ ਸਰੋਤ - ਦਵੀਪ ਸਮੂਹ | ਨਤੀਜੇ<br>ਇਹਨਾਂ ਸਭ ਯੂਨਿਟਾਂ ਨੂੰ ਪੜਣ ਤੋਂ ਬਾਅਦ |
|---|---|
| 5.1 ਜਾਣ-ਪਛਾਣ | ਵਿਦਿਆਰਥੀ ਭਾਰਤ ਦੇ ਟਾਪੂ ਸੈਰਸਪਾਟਾ ਸਰੋਤਾਂ ਦੇ ਵੱਖ-ਵੱਖ ਪਹਲੂਆਂ ਨੂੰ ਸਮਝਣ ਦੇ ਯੋਗ ਹੋਣਗੇ। |
| 5.2 ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ | ਵਿਦਿਆਰਥੀ ਅੰਡਮਾਨ ਅਤੇ ਨੀਕੋਬਾਰ ਦਵੀਪ ਸਮੂਹ ਦੀ ਸੈਲਾਨੀ ਥਾਂਵਾਂ, ਬਨਸਪਤਿਕ ਅਤੇ ਜੈਵਿਕ ਸੰਪਦਾ ਅਤੇ ਮੁੱਖ ਸੱਭਿਆਚਾਰਕ ਗੁੱਟਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |
| 5.3 ਲਕਸ਼ਦੀਪ ਦਵੀਪ ਸਮੂਹ | ਵਿਦਿਆਰਥੀ ਲਕਸ਼ਦਵੀਪ ਸਮੂਹ ਦੀ ਸੈਲਾਨੀ ਥਾਂਵਾਂ, ਬਨਸਪਤਿਕ ਅਤੇ ਜੈਵਿਕ ਸੰਪਦਾ ਅਤੇ ਸੱਭਿਆਚਾਰਕ ਕੌਮੀਅਤ ਗੁੱਟਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |
| 5.4 ਮਜੌਲੀ ਦਵੀਪ ਸਮੂਹ | ਵਿਦਿਆਰਥੀ ਮਜੌਲੀ ਦਵੀਪਸਮੂਹ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ |
| 5.5 ਭਾਰਤ ਦੇ ਹੋਰ ਦਵੀਪ ਸਮੂਹ | ਵਿਦਿਆਰਥੀ ਭਾਰਤ ਦੇ ਹੋਰ ਦਵੀਪ ਸਮੂਹਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |

## ਮੁਲਾਂਕਣ ਪਲਾਨ: (ਅਧਿਆਪਕਾਂ ਲਈ)

| ਯੂਨਿਟ-1 | ਵਿਸ਼ਾ | ਮੁਲਾਂਕਣ ਤਰੀਕਾ | ਸਮਾਂ ਸਾਰਨੀ | ਕਥਨ |
|---|---|---|---|---|
| 5.1 | ਜਾਣ-ਪਛਾਣ | ਪ੍ਰਸ਼ਨ-ਉੱਤਰ | | |
| 5.2 | ਅੰਡਮਾਨ ਅਤੇ ਨੀਕੋਬਾਰ ਦਵੀਪ ਸਮੂਹ | ਪ੍ਰਸ਼ਨ-ਉੱਤਰ | | |
| 5.3 | ਲਕਸ਼ਦਵੀਪ ਦਵੀਪਸਮੂਹ | ਪ੍ਰਸ਼ਨ-ਉੱਤਰ | | |
| 5.4 | ਮਜੌਲੀ ਦਵੀਪ ਸਮੂਹ | ਪ੍ਰਸ਼ਨ-ਉੱਤਰ | | |
| 5.5 | ਭਾਰਤ ਦੇ ਹੋਰ ਦਵੀਪ ਸਮੂਹ | ਪ੍ਰਸ਼ਨ-ਉੱਤਰ | | |

## 5.1 ਜਾਣ-ਪਛਾਣ

ਜਿਵੇਂ ਕਿ ਤੁਸੀਂ ਪਿਛਲੇ ਅਧਿਆਇਆਂ ਦੇ ਵਿੱਚ ਪੜ੍ਹਿਆ ਹੈ ਕਿ ਭਾਰਤ ਇੱਕ ਪ੍ਰਾਇਦਵਿਪੀ ਦੇਸ਼ ਹੈ ਭਾਵ ਕਿ ਇਹ ਤਿੰਨ ਪਾਸਿਆਂ ਤੋਂ ਵੱਡੇ ਪਾਣੀ ਦੇ ਸੋਮਿਆਂ ਨਾਲ ਘਿਰਿਆ ਹੋਇਆ ਹੈ। ਇਹ ਟਾਪੂਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ- 1. ਸਮੁੰਦਰੀ ਟਾਪੂ 2. ਨਦੀ ਵਾਲੇ ਟਾਪੂ। ਅੰਡਮਾਨ ਅਤੇ ਨਿਕੋਬਾਰ ਟਾਪੂ, ਬੰਗਾਲ ਦੀ ਖਾੜੀ ਅਤੇ ਲਕਸ਼ਦੀਪ, ਅਰਬ ਸਾਗਰ ਵਿੱਚ ਸਥਿਤ ਹਨ। ਦੁਨੀਆਂ ਵਿੱਚ ਮਸ਼ਹੂਰ ਨਦੀ ਵਾਲਾ ਮਜੌਲੀ ਟਾਪੂ ਬ੍ਰਹਮਪੁੱਤਰ ਨਦੀ ਦੇ ਬੇਸਿਨ (ਕੁੰਡ) ਵਿੱਚ ਸਥਿਤ ਹੈ।

ਇਹ ਟਾਪੂ ਆਪਣੀ ਜੈਵਿਕ ਭਿੰਨਤਾ ਅਤੇ ਕੁਦਰਤੀ ਤਟਵਰਤੀ ਖ਼ੇਤਰਾਂ, ਹਰਿਆਲੀ ਅਤੇ ਤਾਜੀ ਹਵਾ ਕਾਰਨ ਕੁਦਰਤ ਪ੍ਰੇਮੀਆਂ ਨੂੰ ਆਕਰਸ਼ਿਤ ਕਰਦਾ ਹੈ। ਭੂਦ੍ਰਿਸ਼ ਕੁਦਰਤੀ ਸਵਰਗ ਦੀ ਤਰ੍ਹਾਂ ਹਨ। ਬੀਚਾਂ ਦਾ ਸਾਫ਼ ਵਾਤਾਵਰਣ ਅਤੇ ਜੋਖਿਮ ਭਰਪੂਰ ਖੇਡਾਂ ਜਿਵੇਂ ਕਿ ਟਰੈਕਿੰਗ, ਸਨੋਰਕਲਿੰਗ, ਸਕੂਬਾ ਡਾਈਵਿੰਗ ਆਦਿ ਸੈਲਾਨੀਆ ਲਈ ਮੁੱਖ ਆਕਰਸ਼ਣ ਦਾ ਕੇਂਦਰ ਹਨ।

ਕੁਦਰਤੀ ਸੁੰਦਰਤਾ, ਇਤਿਹਾਸਿਕ ਧਰੋਹਰ ਅਤੇ ਕਬੀਲੇ ਦੇ ਸਭਿਆਚਾਰ ਦਾ ਅਦਭੁੱਤ ਸੁਮੇਲ ਸੰਸਾਰ ਭਰ ਦੇ ਸੈਲਾਨੀਆਂ ਨੂੰ ਇਹਨਾਂ ਦਵੀਪ ਸਮੂਹਾਂ ਵੱਲ ਆਕਰਸ਼ਿਤ ਕਰਦਾ ਹੈ।

ਇਸ ਅਧਿਆਇ ਨੂੰ ਪੜ੍ਹਣ ਤੋਂ ਬਾਅਦ ਤੁਸੀਂ ਟਾਪੂ ਦੇ ਸੈਰਸਪਾਟਾ ਦੀ ਕੀਮਤ ਨੂੰ ਸਮਝ ਸਕੋਗੇ।

**ਸਮੀਖਿਅਕ ਪ੍ਰਸ਼ਨ**

1. ਭਾਰਤ ਵਿੱਚ ਟਾਪੂਆਂ ਨੂੰ ਮਹੱਤਵਪੂਰਨ ਸੈਰਸਪਾਟਾ ਸਰੋਤ ਕਿਉਂ ਮੰਨਿਆ ਜਾਂਦਾ ਹੈ ?

## 5.2 ਅੰਡਮਾਨ ਅਤੇ ਨਿਕੋਬਾਰ ਦਵੀਪਸਮੂਹ

ਇਸ ਖ਼ੇਤਰ ਵਿੱਚ 572 ਟਾਪੂ ਹਨ ਜਿਨ੍ਹਾਂ ਕੁਲ ਖ਼ੇਤਰਫਲ 8,249 ਵਰਗ ਕਿ.ਮੀ. ਹੈ, ਇਹਨਾਂ ਵਿੱਚੋਂ ਕੇਵਲ 38 ਵਿੱਚ ਵਸੋਂ ਹੈ। ਇਹ ਟਾਪੂ 6° ਤੋਂ 14° ਉੱਤਰੀ ਅਕਸ਼ਾਂਸ਼ ਅਤੇ 92° ਤੋਂ 94° ਪੂਰਬੀ ਰੇਖਾਂਤਰ ਵਿੱਚ ਹਨ। ਅੰਡਮਾਨ ਨਿਕੋਬਾਰ ਸਮੂਹ ਤੋਂ ਇੱਕ ਚੈਨਲ (10 ਚੈਨਲ) ਦੁਆਰਾ 150 ਕਿ.ਮੀ. ਦੇ ਚੌੜਾਈ ਨਾਲ ਵੱਖ ਹਨ। ਸਭ ਤੋਂ ਉੱਚਾ ਬਿੰਦੂ ਉੱਤਰੀ ਅੰਡਮਾਨ ਟਾਪੂ ਉੱਤੇ ਹੈ (ਸੈਡਲ ਚੋਟੀ, 732 ਮੀ.) ਅੰਡਮਾਨ ਸਮੂਹ ਵਿੱਚ 325 ਟਾਪੂ ਹਨ ਜੋ 6,408 ਵਰਗ ਕਿ.ਮੀ. ਦਾ ਖੇਤਰਫਲ ਚੱਕਦੇ ਹਨ ਜਦਕਿ ਨਿਕੋਬਾਰ ਸਮੂਹ ਵਿੱਚ ਕੇਵਲ 24 ਟਾਪੂ ਹਨ ਅਤੇ ਖੇਤਰਫਲ 1,841 ਵਰਗ ਕਿ.ਮੀ. ਹੈ।

ਇਹ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ। ਹੋਰ ਪ੍ਰਦੇਸ਼ਾਂ ਤੋਂ ਅਲੱਗ ਇਹ ਸਿੱਧਾ ਕੇਂਦਰ ਸਰਕਾਰ ਦੇ ਅਧੀਨ ਹੈ। ਸਰਕਾਰ ਇਸ ਦਾ ਪ੍ਰਸ਼ਾਸ਼ਨ ਸੰਭਾਲਦੀ ਹੈ। ਭਾਰਤ ਵਿੱਚ 7 ਕੇਂਦਰ ਸ਼ਾਸ਼ਿਤ ਪ੍ਰਦੇਸ਼ ਹਨ। ਇਸਦੀ ਰਾਜਧਾਨੀ ਪੋਰਟ ਬਲਐਰ ਹੈ। ਇਹ ਕੋਲਕਾਤਾ ਤੋਂ 1,255 ਕਿ.ਮੀ., ਵਿਸ਼ਾਖਾਪਟਨਮ ਤੋਂ 1200 ਕਿ.ਮੀ. ਅਤੇ ਚੇਨੰਈ ਤੋਂ 1,190 ਕਿ.ਮੀ. ਦੀ ਦੂਰੀ ਤੇ ਹੈ। ਅੰਡਮਾਨ ਅਤੇ ਨਿਕੋਬਾਰ ਸਮੂਹ ਦਾ ਉੱਤਰੀ ਬਿੰਦੂ ਹੂਗਲੀ ਨਦੀ ਦੇ ਮੁਹਾਨੇ ਤੋਂ 901 ਕਿ.ਮੀ. ਅਤੇ ਬਰਮਾ ਤੋਂ 190 ਕਿ.ਮੀ. ਦੂਰੀ ਤੇ ਹੈ। ਇੰਦਰਾ ਪੁਆਇੰਟ 6°45’10°N ਅਤੇ 93°49’36°E ਟਾਪੂ ਦੇ ਦੱਖਣੀ ਸਿਰੇ ਦੇ ਦੱਖਣੀ ਬਿੰਦੂ ਤੇ ਹੈ, ਗਰੇਟ ਨਿਕੋਬਾਰ, ਅਤੇ ਇੰਡੋਨੇਸ਼ੀਆ ਵਿੱਚ ਸੁਮਾਤਰਾ ਤੋਂ ਕੇਵਲ 150 ਕਿ.ਮੀ. ਦੂਰ ਹੈ।

ਅੰਡਮਾਨ ਦੀ ਰਾਜਧਾਨੀ ਪੋਰਟ ਬਲੇਰ ਅਤੇ ਨਿਕੋਬਾਰ ਦੀ ਰਾਜਧਾਨੀ ਕਾਰਬਾਰ ਹੈ।

## A) ਵਨਸਪਤਿਕ ਅਤੇ ਜੈਵਿਕ ਸੰਪਦਾ

### 1.ਵਨਸਪਤਿਕ

ਅੰਡਮਾਨ ਅਤੇ ਨਿਕੋਬਾਰ ਟਾਪੂ ਨੂੰ ਅਦਭੁੱਤ ਉਸ਼ਣਕਇਬੰਧੀ ਵਰਖਾ ਵਾਲੇ ਜੰਗਲ ਦਾ ਵਰਦਾਨ ਹੈ, ਜੋ ਕਿ ਇੰਡੀਅਨ, ਮਆਨਮਾਰ, ਮਲੇਸ਼ੀਅਲ ਅਤੇ ਸਥਾਨਿਕ ਫਲ ਬੁਟਿਆਂ ਦੇ ਸੁਮੇਲ ਨਾਲ ਬਣੇ ਹੋਏ ਹਨ। ਹੁਣ ਤੱਕ ਪੌਦਿਆਂ ਦੀਆਂ 2200 ਕਿਸਮਾਂ ਮਿਲ ਗਈਆਂ ਹਨ। ਜਿਨ੍ਹਾਂ ਵਿੱਚੋਂ 200 ਸਥਾਨਿਕ ਅਤੇ 1,300 ਭਾਰਤ ਦੀ ਮੁੱਖ ਧਰਤੀ ਤੇ ਨਹੀਂ ਮਿਲਦੀਆਂ।

ਦੱਖਣੀ ਅੰਡਮਾਨ ਜੰਗਲਾਂ ਵਿੱਚ ਪ੍ਰਚੂਰ ਮਾਤਰਾ ਵਿੱਚ ਏਪੀਫਾਇਟਿਕ ਵਨਸਪਤੀ ਹੈ, ਜਿਆਦਾਤਰ ਫਰਨ ਅਤੇ ਔਰਚਿਡ। ਮੱਧਵਰਤੀ ਅੰਡਮਾਨ ਬੰਦਰਗਾਹਾਂ ਅਕਸਰ ਨਮੀਯੁਕਤ ਪੱਤਝੜੀ ਜੰਗਲ ਹਨ। ਉੱਤਰੀ ਅੰਡਮਾਨ ਵਿੱਚ ਨਮੀ ਯੁਕਤ ਸਦਾਬਹਾਰ ਵਨਸਪਤੀ ਹੈ। ਉੱਤਰੀ ਨਿਕੋਬਾਰ ਟਾਂਪੂ (ਕਾਰ ਨਿਕੋਬਾਰ ਅਤੇ ਬੇਟੀਮਾਲਣ ਵਿੱਚ ਸਦਾਬਹਾਰ ਜੰਗਲ ਦੀ ਮੌਜੂਦਗੀ ਨਹੀਂ ਹੈ, ਜਦਕਿ ਅਜਿਹੀ ਵਨਸਪਤੀ ਕੇਂਦਰੀ ਅਤੇ ਦੱਖਣੀ ਟਾਪੂ ਨਿਕੋਬਾਰ ਸਮੂਹ) ਵਿੱਚ ਪ੍ਰਚੂਰ ਹੈ। ਚਰਾਗਾਹਾਂ ਕੇਵਲ ਨਿਕੋਬਾਰ ਵਿੱਚ ਹਨ ਅਤੇ ਜਦਕਿ ਪੱਤਝੜੀ ਜੰਗਲ ਅੰਡਮਾਨ ਵਿੱਚ ਆਮ ਹਨ, ਇਹ ਨਿਕੋਬਾਰ ਵਿੱਚ ਨਹੀਂ ਹਨ। ਹੁਣ ਤੱਕ ਜੰਗਲ ਖ਼ੇਤਰਫਲ ਕੁੱਲ ਧਰਾਤਲ ਖੇਤਰ ਦਾ 86.2% ਹੈ।

ਇਹ ਖ਼ਾਸ ਜੰਗਲ ਖ਼ੇਤਰ ਨਿਮਨਲਿਖਿਤ 12 ਕਿਸਮਾਂ ਦਾ ਬਣਿਆ ਹੈ।

ਇਹ ਖ਼ਾਸ ਜੰਗਲ ਖ਼ੇਤਰ ਨਿਮਨਲਿਖਿਤ 12 ਕਿਸਮਾਂ ਦਾ ਬਣਿਆ ਹੈ।

ਜਾਇੰਟ ਸਦਾਬਹਾਰ ਜੰਗਲ

ਅੰਡਮਾਨ ਊਣਕਟਿਬੰਧ ਸਦਾਬਹਾਰ ਜੰਗਲ

ਦੱਖਣੀ ਪਹਾੜੀ ਊਸ਼ਣਕਟਿਬੰਧ ਸਦਾਬਹਾਰ ਜੰਗਲ

ਕੇਨ ਬਰੇਕ

ਅੰਡਮਾਨ ਸੇਮੀ-ਸਦਾਬਹਾਰ ਜੰਗਲ

ਅੰਡਮਾਨ ਗਿਲਾ ਪਤਝੜੀ ਜੰਗਲ

ਅੰਡਮਾਨ (ਦੂਜੇ ਦਰਜੇ ਦਾ) ਗਿਲ੍ਹਾ ਪਤਝੜੀ ਜੰਗਲ

ਲਿਟੋਰਲ ਜੰਗਲ

ਮੈਂਗਰੂਵ ਜੰਗਲ

ਖ਼ਾਰਾ ਪਾਣੀ ਜੰਗਲ

ਸਬਮੋਨਟੇਨ ਪਹਾੜੀ ਵਾਦੀ ਸਵੈਂਪ ਜੰਗਲ

### 2) ਜੈਵਿਕ ਸੰਪਦਾ

ਇਸ ਊਸ਼ਣ ਕਟਿਬੰਧ ਜੰਗਲ ਦੇ ਆਪਣੀ ਆਸ ਪਾਸ ਦੀ ਧਰਤੀ ਤੋਂ ਵੱਖ ਹੋਣ ਦੇ ਬਾਵਜੂਦ ਇੱਥੇ ਜਾਨਵਰਾਂ ਦੀ ਭਿੰਨਤਾ ਮੌਜੂਦ ਹੈ।

### i. ਦੁਧਾਰੂ ਪਸ਼ੂ

ਅੰਡਮਾਨ ਅਤੇ ਨਿਕੋਬਰ ਦਵੀਪ ਸਮੂਹ ਵਿੱਚ ਲਗਪਗ 50 ਜੰਗਲੀ ਦੁਧਾਰੂ ਪਸ਼ੂਆਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। ਕੁਝ ਸਥਾਨਿਕ ਹਨ, ਜਿਵੇਂ ਅੰਡਮਾਨ ਜੰਗਲੀ ਸੂਅਰ। ਰੌਡੇਂਟ 26 ਪ੍ਰਜਾਤੀਆਂ ਵਾਲਾ ਸਭ ਤੋਂ ਵੱਡਾ ਗਰੁੱਪ ਹੈ, ਉਸ ਤੋਂ ਬਾਅਦ ਚਮਗਾਦੜਾਂ ਦੀਆਂ 14 ਪ੍ਰਜਾਤੀਆਂ ਹਨ। ਵੱਡੇ ਦੁਧਾਰੂ ਜਾਨਵਰਾਂ ਵਿੱਚ ਜੰਗਲੀ ਸੂਅਰਾਂ ਦੀਆਂ ਜੋ ਪ੍ਰਜਾਤੀਆਂ, ਸਸ ਸਕਰੋਫ਼ਾ ਅੰਡੇਮਾਨੇਸਿਸ, ਅੰਡੇਮਾਨ ਤੋਂ ਅਤੇ ਨਿਕੋਬੇਰੀਕਸ, ਨਿਕੋਬਾਰ ਤੋਂ, ਜੋ ਕਿ ਜੰਗਲੀ ਜੀਵ ਜੰਤੂ ਸੰਰਕਸ਼ਨ ਐਕਟ 1972 ਦੇ ਤਹਿਤ ਸੁਰੱਖਿਅਤ ਹਨ। ਸਪੋਟਿਡ ਹਿਰਨ, ਗਰਜਾਹਟ ਕਰਨ ਵਾਲੇ ਹਿਰਨ ਅਤੇ ਸਾਂਬਰ ਨੂੰ ਅੰਡਮਾਨ ਜਿਲ੍ਹੇ ਵਿੱਚ ਦਾਖ਼ਲ ਕੀਤਾ ਗਿਆ। ਜਦਕਿ ਸਾਂਬਰ ਜਿਆਦਾ ਦੇਰ ਜਿੰਦਾ ਨਹੀਂ ਰਹਿ ਸਕਿਆ। ਇੰਟਰਵਿਊ ਟਾਪੂ (ਸਭ ਤੋਂ ਵੱਡਾ ਜੰਗਲੀ ਜੀਵ ਜੰਤੂ ਘਰ) ਅੰਡਮਾਨ ਦੇ ਮੱਧ ਵਿੱਚ ਸਥਿਤ ਹੈ ਜਿੱਥੇ ਫੈਰਲ ਹਾਥੀ ਕਾਫ਼ੀ ਗਿਣਤੀ ਵਿੱਚ ਹਨ। ਇਹ ਹਾਥੀ ਇੱਥ ਟਿੰਬਰ ਕੰਪਨੀ ਦੁਆਰਾ ਜੰਗਲੀ ਕਾਰਜ ਲਈ ਲਿਆਂਦੇ ਗਏ ਸਨ, ਪਰ ਕੰਪਨੀ ਦੀਵਾਲਿਆ ਹੋਣ ਤੋਂ ਬਾਅਦ ਇਹ ਇੱਥੇ ਹੀ ਛੱਡ ਦਿੱਤੇ ਗਏ ਸਨ।

### ii. ਪੰਛੀ

ਅੰਡਮਾਨ ਅਤੇ ਨਿਕੋਬਰ ਦਵੀਪ ਸਮੂਹ ਵਿੱਚ ਪੰਛੀਆਂ ਦੀ 270 ਪ੍ਰਜਾਤੀਆਂ (ਸਥਾਨਿਕ ਸਮੇਤ) ਹਨ। ਨਿਕੋਬਾਰ ਟਾਪੂ ਵਿੱਚ ਅੰਡਮਾਨ ਤੋਂ ਵੱਧ ਸਥਾਨਿਕ ਪੰਛੀ ਹਨ ਅਤੇ ਕੁੱਲ 14 ਸਥਾਨਿਕ ਪ੍ਰਜਾਤੀਆਂ ਹਨ। ਅੰਡਮਾਨ ਦਾ ਰਾਜ ਪੰਛੀ ਅੰਡਮਾਨ ਵੁੱਡ ਕਬੂਤਰ ਹੈ। ਅੰਡਮਾਨ ਅਤੇ ਨਿਕੋਬਾਰ ਟਾਪੂ ਦੇ ਕੁਝ ਸਥਾਨਿਕ ਪੰਛੀ ਹੇਠ ਲਿਖੇ ਹਨ:

ਅੰਡਮਾਨ ਹੌਕ ਉੱਲੂ

ਅੰਡਮਾਨ ਸਕੂਪ ਉੱਲੂ

ਅੰਡਮਾਨ ਕਰੇਕ (ਘੱਟ ਗਿਣਤੀ ਵਾਲੀ ਪ੍ਰਜਾਤੀ IUCN-2000) ਸਥਾਨਕ ਪ੍ਰਜਾਤੀ

ਅੰਡਮਾਨ ਕੋਉਕਲ, ਭੂਰੇ ਕੋਉਕਲ ਦੀ ਸਬ ਪ੍ਰਜਾਤੀ-ਸਥਾਨਿਕ ਸਬ ਪ੍ਰਜਾਤੀ

### III. ਤਿਤਲੀਆਂ ਅਤੇ ਕੀੜੇ

225 ਪ੍ਰਜਾਤੀਆਂ ਦੇ ਕਰੀਬ, ਅੰਡੇਮਾਨ ਅਤੇ ਨਿਕੋਬਾਰ ਟਾਪੂ ਵਿੱਚ ਸੰਸਾਰ ਦੀਆਂ ਕੁਝ ਵੱਡੀਆਂ ਅਤੇ ਆਕਰਸ਼ਕ ਤਿੱਤਲੀਆਂ ਹਨ। ਦੱਸ ਪ੍ਰਜਾਤੀਆਂ ਸਥਾਨਕ ਹਨ। ਇਸ ਟਾਪੂ ਉੱਤੇ ਮਾਉਂਟ ਹੈਰੀਅਟ ਰਾਸ਼ਟਰੀ ਪਾਰਕ ਵਿੱਚ ਤਿੱਤਲੀਆਂ ਅਤੇ ਕੀੜਿਆਂ ਦੀ ਸਭ ਤੋਂ ਭਿੰਨ ਕਿਸਮਾਂ ਹਨ।

### IV. ਸ਼ੈੱਲ

ਇਹ ਟਾਪੂ ਆਪਣੇ ਸ਼ੈੱਲ ਧਰੋਹਰ ਕਰਕੇ ਮਸ਼ਹੂਰ ਹੈ, ਖਾਸ ਕਰਕੇ ਜੀਨੇਗ ਟਰਬੋ, ਟਰੋਕਸ, ਮੁਰੇਕਸ ਅਤੇ ਨੋਟੀਲਸ। ਕੁਝ ਸ਼ੈੱਲ ਜਿਵੇਂ ਕਿ ਜਾਇੰਟ ਕਲੇਮ, ਗ਼ਰੀਨ ਮਸਲ ਅਤੇ ਔਏਸਟਰ ਖਾਣਯੋਗ ਸ਼ੈੱਲ ਫਿਸ਼ਰੀ ਨੂੰ ਵਧਾ ਦਿੰਦੇ ਹਨ, ਕੁਝ ਇੱਕ ਜਿਵੇਂ ਕਿ ਸਕੈਲੋਪੈਂਡ ਕੋਕਲ ਨੂੰ ਭੱਠੀ ਵਿੱਚ ਪਕਾ ਕੇ ਖਾਣਯੋਗ ਸੋਠਾ/ਚੂਨਾ ਤਿਆਰ ਕੀਤਾ ਜਾਂਦਾ ਹੈ।

### B. ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ ਦੇ ਰਾਸ਼ਟਰੀ ਪਾਰਕ

(i). ਕੈਪੰਬੈਲ ਬੇਅ ਰਾਸ਼ਟਰੀ ਪਾਰਕ

(ii). ਗਾਲਾਥੀਆ ਰਾਸ਼ਟਰੀ ਪਾਰਕ

iii. ਮਹਾਤਮਾ ਗਾਂਧੀ ਮਰੀਨ ਰਾਸ਼ਟਰੀ ਪਾਰਕ
iv. ਮਿਡਲ ਬਟਨ ਟਾਪੂ ਰਾਸ਼ਟਰੀ ਪਾਰਕ
v. ਮਾਉਂਟ ਹੈਰੀਅਟ ਰਾਸ਼ਟਰੀ ਪਾਰਕ
vi. ਉੱਤਰੀ ਬਟਨ ਟਾਪੂ ਰਾਸ਼ਟਰੀ ਪਾਰਕ
vii. ਰਾਣੀ ਝਾਂਸੀ ਮਰੀਨ ਰਾਸ਼ਟਰੀ ਪਾਰਕ
viii. ਸੈਡਲ ਪੀਕ ਰਾਸ਼ਟਰੀ ਪਾਰਕ

## C) ਅੰਡਮਾਨ ਅਤੇ ਨੀਕੋਬਾਰ ਦਵੀਪਸਮੂਹ ਦੇ ਹੋਰ ਡੈਸਟੀਨੇਸ਼ਨਸ (ਥਾਂਵਾਂ)

### i. ਰਾਸ਼ਟਰੀ ਯਾਦਗਾਰ ਸਮਾਰਕ (ਸੈਲੂਲਰ ਜੇਲ)

ਸੈਲੂਲਰ ਜੇਲ ਨੂੰ ਕਾਲਾ ਪਾਣੀ (KALA PANI/BLACK WATER) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਜੋ ਕਿ ਅੰਡਮਾਨ ਅਤੇ ਨੀਕੋਬਾਰ ਦਵੀਪ ਸਮੂਹ ਵਿੱਚ ਅੰਗਰੇਜ਼ੀ ਸ਼ਾਸਨ ਕਾਲ ਦੇ ਸਮੇਂ ਜੇਲ ਹੈ। ਇਹ ਜੇਲ ਅੰਗਰੇਜ਼ਾਂ ਦੁਆਰਾ ਰਾਜਨੀਤਿਕ ਅਤੇ ਹੋਰ ਖ਼ਤਰਨਾਕ ਕੈਦੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਵਰਤੀ ਜਾਂਦੀ ਸੀ। ਕਈ ਮਸ਼ਹੂਰ ਮਤਭੇਦ ਰੱਖਣ ਵਾਲੇ ਵਿਅਕਤੀ ਜਿਵੇਂ ਕਿ ਬੱਟੁਕੇਸ਼ਵਰ ਦੱਤ ਅਤੇ ਵੀਰ ਸਾਵਰਕਰ ਆਦਿ ਨੂੰ ਭਾਰਤ ਦੇ ਸਵਤੰਤਰਤਾ ਸੰਗ੍ਰਾਮ ਵੇਲੇ ਇੱਥੇ ਰੱਖਿਆ ਗਿਆ ਸੀ। ਅੱਜਕੱਲ੍ਹ ਇਹ ਸਥਾਨ ਰਾਸ਼ਟਰੀ ਯਾਦਗਾਰ ਸਮਾਰਕ ਹੈ।

### ii. ਪੋਰਟ ਬਲੇਅਰ

ਅੰਡਮਾਨ ਦੀ ਰਾਜਧਾਨੀ ਅਤੇ ਇੱਕੋ ਇੱਕ ਪ੍ਰਵੇਸ਼/ਨਿਕਾਸੀ ਦਵਾਰ। ਸੈਲਾਨੀ ਇੱਥੇ ਇੱਕ-ਦੋ ਦਿਨ ਆਲੇ-ਦੁਆਲੇ ਘੁੰਮਣ ਅਤੇ ਤਾਜਾ ਸਮੁੰਦਰੀ ਭੋਜਨ ਦਾ ਆਨੰਦ ਮਾਨਣ ਵਿੱਚ ਗੁਜਾਰਦੇ ਹਨ।

### iii. ਦਿਗਲੀਪੁਰ

ਇਹ ਦੱਖਣ ਦੇ ਟਾਪੂ ਸਮਿੱਥ ਅਤੇ ਠੋਸ ਟਾਪੂ ਦੀ ਸੜਕੀ ਯਾਤਰਾ ਹੈ ਜੋ ਕਿ ਬਹੁਤ ਹੀ ਰੋਮਾਂਚਕ ਟਾਪੂ ਹੈ।

### iv. ਰੰਗਟ

ਇੱਥ ਬਹੁਤ ਹੀ ਸੁੰਦਰ ਅਤੇ ਆਕਰਸ਼ਿਤ ਕਰਨ ਵਾਲਾ ਸੈਲਾਨੀ ਸਥਾਨ ਹੈ।

### v. ਮਾਯਾਬੰਡਰ

ਇੱਕ ਬਹੁਤ ਹੀ ਸੁੰਦਰ ਸਥਾਨ ਹੈ।

### vi. ਹੈਵਲੋਕ ਟਾਪੂ

ਟਾਪੂਆਂ ਵਿੱਚੋਂ ਸਭ ਤੋਂ ਵੱਧ ਵਿਚਰਿਆ ਜਾਉਣ ਵਾਲਾ ਅਤੇ ਬੁਨਿਆਦੀ ਢਾਂਚੇ ਵਾਲਾ, ਸੁੰਦਰ ਬੀਚ, ਗਰੇਟ ਸਨੋਰਕਲਿੰਗ ਅਤੇ ਸਕੂਬਾ ਡਾਈਵਿੰਗ ਵਾਲਾ ਹੈ।

### vii. ਰੁਤਲੈਂਡ ਟਾਪੂ

ਬਹੁਤ ਪੁਰਾਣਾ ਪ੍ਰਦੂਸ਼ਣ ਰਹਿਤ ਅਤੇ ਘੱਟ ਚਹਿਲ-ਪਹਿਲ ਵਾਲਾ ਟਾਪੂ ਹੈ।

ਸੁੰਦਰ ਮੈਂਗਰੂਵ ਜੰਗਲ ਅਤੇ ਕੋਰਲ ਰੀਫ਼ ਸੈਲਾਨੀਆਂ ਦਾ 274 ਵਰਗ ਕਿ.ਮੀ. ਵਾਲੇ ਟਾਪੂ ਉੱਤੇ ਸਵਾਗਤ ਕਰਦੀ ਹੈ। ਇੱਥੇ 45 ਏਕੜ ਦਾ ਟੋਟਾਨੀ ਰਿਸੋਰਟ ਹੈ ਜਿਸ ਵਿੱਚ ਅਦਭੁਤ ਛੋਟੀਆਂ ਝੌਂਪੜੀਆਂ ਹਨ ਜੋ ਕਿ ਇਸ ਟਾਪੂ ਨੂੰ ਜਾਨਣ ਲਈ ਬੇਸ ਕੈਂਪ ਦਾ ਕੰਮ ਕਰਦੀਆਂ ਹਨ। ਇਹ ਪਰਿਆਵਰਨ ਪ੍ਰੇਮੀ ਸੈਲਾਨੀਆਂ ਲਈ ਸਭ ਤੋਂ ਵਧੀਆ ਜਗ੍ਹਾ ਹੈ।

### viii. ਨੀਲ ਟਾਪੂ

ਇਹ ਹੈਵਲੋਕ ਟਾਪੂ ਨਾਲੋਂ ਵੀ ਸ਼ਾਂਤ ਹੈ ਜਿੱਥੇ ਬਹੁਤ ਸੁੰਦਰ ਬੀਚ ਹਨ ਅਤੇ ਤੈਰਾਕੀ ਵੀ ਕੀਤੀ ਜਾ ਸਕਦੀ ਹੈ।

### ix. ਵੰਡੂਰ

ਇਹ ਇੱਕ ਸ਼ਾਂਤਮਈ ਸਥਾਨ ਹੈ ਅਤੇ ਗੇਟਵੇਅ ਟੂ ਦ ਪਾਰਕ ਵਜੋਂ ਜਾਣਿਆ ਜਾਂਦਾ ਹੈ। ਇੱਥੇ ਇੱਕ ਨਵਾਂ ਆਰਾਮਦਾਇਕ ਰਿਸੋਰਟ ਬਣਿਆ ਹੈ ਜਿਸ ਨੂੰ 'ਸੀ-ਪ੍ਰਿੰਸੈਸ ਬੀਚ ਰਿਸੋਰਟ' ਕਿਹਾ ਜਾਂਦਾ ਹੈ। ਅਨੁਰਾਮਾ ਰਿਸੋਰਟ ਆਸਾਨੀ ਨਾਲ ਪਹੁੰਚਿਆ ਜਾ ਸਕਣ ਵਾਲਾ ਅਤੇ ਵੰਡੂਰ ਜੇਟੀ ਦੇ ਨਜ਼ਦੀਕ ਇੱਕ ਹੋਰ ਰਿਸੋਰਟ ਹੈ।

### x. ਬਾਰਾਟੈਂਗ ਟਾਪੂ

ਇਹ ਪਿਛੜੇ ਖ਼ੇਤਰ ਵਿੱਚ ਚਿੱਕੜ ਵਾਲੇ ਜਵਾਲਾ ਮੁੱਖੀ, ਚੂਨੇ ਦੀਆਂ ਗੁਫਾਵਾਂ ਅਤੇ ਮੈਂਗਰੂਵ ਕਰੀਕ ਹਨ।

### xi. ਬੰਜਰ ਟਾਪੂ

ਇਹ ਭਾਰਤ ਵਿੱਚ ਕੇਵਲ ਜਵਾਲਮੁੱਖੀ ਵਾਲਾ ਟਾਪੂ ਹੈ।

### xii. ਲੋਂਗ ਟਾਪੂ

ਇਹ ਸੈਲਾਨੀਆਂ ਲਈ ਰੋਬਿਨਸਕ ਕਰੂਜ਼ ਅੰਦਾਜ਼ ਦੀ ਕੈਂਪਿੰਗ ਦਾ ਮਜ਼ਾ ਲੈਣ ਦੀ ਸਭ ਤੋਂ ਵਧੀਆ ਜਗ੍ਹਾ ਹੈ। ਇੱਥੇ ਕੁਝ ਨਾ ਮਿਲਣ ਕਰਕੇ ਸੈਲਾਨੀ ਆਪਣਾ ਭੋਜਨ ਅਤੇ ਹੋਰ ਲੋੜੀਂਦੀ ਵਸਤੂਆਂ ਲੈ ਕੇ ਆਉਂਦੇ ਹਨ।

### xiii. ਲਿਟਲ ਅੰਡਮਾਨ

ਸਰਫਿੰਗ ਲਈ ਕਦੇ ਮਸ਼ਹੂਰ ਸੀ, ਪਰ 2004 ਵਿੱਚ ਸੁਨਾਮੀ ਦੁਆਰਾ ਤਬਾਹ ਕਰ ਦਿੱਤਾ ਗਿਆ। ਇਹ ਡਿਜਾਸਟਰ ਟੂਰੀਜ਼ਮ (ਆਫ਼ਤ ਸੈਰਸਪਾਟੇ) ਵਜੋਂ ਹੈ।

### xiv. ਜਾਰਵਾ ਰਿਜ਼ਰਵ

ਇੱਕ ਦਿਲ ਨੂੰ ਛੂਹਣ ਵਾਲੀ ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ ਦੇ ਜੰਗਲੀ ਜੀਵਨ ਅਤੇ ਵਨਸਪਤਿਕ ਸੰਪਦਾ ਹੈ।

## d) ਅੰਡਮਾਨ ਅਤੇ ਨਿਕੋਬਾਰ ਦਵੀਪਸਮੂਹ ਦੇ ਨਸਲੀ ਝੁੰਡ:-

ਅੰਡਮਾਨ ਦਵੀਪਸਮੂਹ ਵੱਖ-ਵੱਖ ਭਾਸ਼ਾਵਾਂ, ਸਭਿਆਚਾਰ ਅਤੇ ਖ਼ੇਤਰੀ ਵਰਗਾਂ ਵਿੱਚ ਵੰਡੇ ਗਏ ਹਨ ਅਤੇ ਇੱਥੇ ਦੇ ਲੋਕਾਂ ਨੇ ਆਪਣੀ ਵੱਖਰੀ ਹੋਂਦ ਕਾਇਮ ਰੱਖੀ ਹੈ। 1850 ਤੱਕ ਜਦੋਂ ਉਹ ਬਾਹਰਲੇ ਵਰਗਾਂ ਦੇ ਸੰਪਰਕ ਵਿੱਚ ਆਏ, ਅੰਡਮਾਨ ਦੇ ਸਥਾਨਕ ਲੋਕ ਸਨ :

- ਗਰੇਟ ਅੰਡਮਾਨੀਸ, ਜਿਨ੍ਹਾਂ ਨੇ ਇੱਕਠੇ ਹੋ ਕੇ ਘੱਟੋ-ਘੱਟ 10 ਵੱਖ-ਵੱਖ ਛੋਟੇ ਵਰਗਾਂ ਅਤੇ ਭਾਸ਼ਾਵਾਂ ਦੀ ਨੁਮਾਇੰਦਗੀ ਕੀਤੀ।
- ਜਾਰਵਾ

– ਜੰਗੀਲ (ਜਾਂ ਰੁਤਲੈਂਪ ਜਾਰਵਾ)

– ਔਂਜੇ

– ਸੇਂਟੀਨੇਲੀਸ (ਸਾਰੇ ਵਰਗਾਂ ਨਾਲੋਂ ਵੱਖ)

ਨਿਕੋਬਾਰ ਦੇ ਸਥਾਨਿਕ ਲੋਕਾਂ ਨੂੰ ਦੋ ਮੁੱਖ ਵਰਗਾਂ ਵਿੱਚ ਵੰਡਿਆ ਜਾਂਦਾ ਹੈ:

–ਨਿਕੋਬਾਰ, ਜਾਂ ਨਿਕੋਬਾਰੀ, ਕਈ ਟਾਪੂਆਂ ਉੱਤੇ ਰਹਿਣ ਵਾਲੇ ਅਤੇ
–ਸ਼ੋਮਪੇਨ, ਗਰੇਟ ਨਿਕੋਬਾਰ ਦੇ ਹਿੰਦਰਲੈਂਡ ਤੱਕ ਸੀਮਿਤ।

ਸਥਿਤੀ, ਭੂਗੋਲਿਕ ਸ਼ਰਤਾਂ, ਮਿਲਣ ਵਾਲੀ ਜੈਵਿਕ ਅਤੇ ਵਨਸਪਤਿਕ ਸੰਪਦਾ ਅਤੇ ਕਬੀਲਾਈ ਨਸਲੀ ਵਰਗਾਂ ਦੇ ਲਿਹਾਜ ਨਾਲ ਅੰਡਮਾਨ ਅਤੇ ਨੀਕੋਬਾਰ ਦਵੀਪਸਮੂਹ ਸੰਰਚਨਾ, ਪਰਿਆਵਰਣ, ਭੂਮੀ, ਜੰਗਲੀ ਜੀਵਨ ਬੀਚ ਅਤੇ ਕਬੀਲਾ ਸੈਰਸਪਾਟੇ ਦੇ ਅਦਭੁੱਤ ਸਥਾਨ ਹੈ।

**ਸਮੀਖਿਅਕ ਪ੍ਰਸ਼ਨ:**

1. ਅੰਡਮਾਨ ਅਤੇ ਨੀਕੋਬਾਰ ਦਵੀਪ ਸਮੂਹ ਦੇ ਕੋਈ 5 ਰਾਸ਼ਟਰੀ ਪਾਰਕਾਂ ਦੀ ਸੂਚੀ ਬਣਾਉ।
2. ਅੰਡਮਾਨ ਅਤੇ ਨੀਕੋਰਬਾਰ ਦਵੀਪ ਸਮੂਹ ਦੇ ਕੋਈ 3 ਨਸਲੀ ਵਰਗਾਂ ਦੀ ਸੂਚੀ ਬਣਾਉ।

## 5.3 ਲਕਸ਼ਦੀਪ ਦਵੀਪ ਸਮੂਹ

ਲਕਸ਼ਦੀਪ 12 ਅਟੋਲ, 3 ਰੀਫ਼ ਅਤੇ 5 ਜਲਮਗਨ ਕਿਨਾਰੇ, ਜਿਨ੍ਹਾਂ ਵਿੱਚ 39 ਛੋਟੇ ਅਤੇ ਵੱਡੇ ਟਾਪੂਆਂ ਦਾ ਦਵੀਪ ਸਮੂਹ ਹੈ। ਰੀਫ਼ ਅਸਲ ਵਿੱਚ ਅਟੌਲ ਹੀ ਹਨ ਜੋ ਕਿ ਪੂਰੀ ਤਰ੍ਹਾਂ ਜਲਮਗਣ, ਪਰ ਬਿਨ੍ਹਾਂ ਕਿਸੀ ਵਨਸਪਤੀ ਦੇ ਰੇਤ ਦੇ ਕਿਨਾਰੇ ਕਿ ਉੱਪਰ ਵੱਲ ਨੂੰ ਉੱਠੇ ਹੋਏ ਹਨ। ਜਲਮਗਨ ਕਿਨਾਰੇ ਡੁੱਬੇ ਅਟੋਲ ਹਨ। ਲਗਪਗ ਸਾਰੇ ਅਟੌਲ ਪੂਰਬੀ ਕਿਨਾਰੇ ਉੱਤੇ ਟਾਪੂ ਦੇ ਉੱਤਰਪੂਰਬੀ–ਦੱਖਣੀ ਪੱਛਮੀ ਦਿਸ਼ਾ ਵੱਲ ਹਨ ਅਤੇ ਜਲਮਗਨ ਰੀਫ਼ ਪੱਛਮੀ ਸਿਰੇ ਉੱਤੇ, ਜਿਸ ਵਿੱਚ ਦਲਦਲ ਹੈ। ਇੱਥੇ 10 ਟਾਪੂਆਂ ਤੇ ਵੱਸੋਂ ਹੈ, 17 ਤੇ ਨਹੀਂ, ਜੁੜੇ ਹੋਏ ਛੋਟੇ ਟਾਪੂ, 4 ਨਵੇਂ ਛੋਟੇ ਟਾਪੂ ਅਤੇ 5 ਜਲਮਗਨ ਰੀਫ਼ ਹਨ।

ਮੁੱਖ ਟਾਪੂਆਂ ਵਿੱਚ ਕਾਵਾਰਤੀ, ਅੱਗਾਤੀ, ਮਿਨੀਕੋਅ ਅਤੇ ਅਮੀਨੀ ਹਨ। ਅੱਗਾਤੀ ਵਿੱਚ ਇੱਕ ਹਵਾਈ ਅੱਡਾ ਹੈ ਜਿੱਥੋਂ ਸਿੱਧੇ ਕੋਚੀ ਤੋਂ ਉਡਾਨਾਂ ਭਰੀਆਂ ਜਾਂਦੀਆਂ ਹਨ। ਸੈਲਾਨੀਆਂ ਨੂੰ ਟਾਪੂ ਵੇਖਣ ਲਈ ਮੰਦੂਰੀ ਦੀ ਲੋੜ ਪੈਂਦੀ ਹੈ। ਵਿਦੇਸ਼ੀ ਸੈਲਾਨੀਆਂ ਨੂੰ ਕੁਝ ਟਾਪੂ ਨਾ ਦੇਖਣ ਦੀ ਹਦਾਇਤ ਹੈ। ਨਵੇਂ ਭਾਰਤੀ ਸ਼ਰਾਬ ਨਿਯਮ ਦੇ ਤਹਿਤ, ਬੰਗਾਰਾਮ ਟਾਪੂ ਤੋਂ ਇਲਾਵਾ ਲਕਸ਼ਦੀਪ ਟਾਪੂ ਸਮੂਹ ਉੱਤੇ ਸ਼ਰਾਬ ਦਾ ਸੇਵਨ ਕਰਨ ਦੀ ਮਨਾਹੀ ਹੈ।

ਇਹ ਸਾਰੇ ਟਾਪੂ ਕੋਰਲ ਦੁਆਰਾ ਬਣਾਏ ਗਏ ਹਨ ਅਤੇ ਝਾਲਰਦਾਰ ਕੋਰਲ ਚੱਟਾਨਾਂ ਹਨ ਜਿਹੜੀਆਂ ਕਿਨਾਰੇ ਦੇ ਬਹੁਤ ਨਜ਼ਦੀਕ ਹਨ।

### A. ਲਕਸ਼ਦੀਪ ਦਵੀਪ ਸਮੂਹ ਸੈਰਸਪਾਟਾ

ਆਪਣੇ ਵੱਖਰੇ ਪਣ ਅਤੇ ਸੁੰਦਰ ਨਜ਼ਾਰੇ ਕਾਰਨ, ਲਕਸ਼ਦੀਪ 1974 ਤੋਂ ਹੀ ਸੈਲਾਨੀ ਆਕਰਸ਼ਨ ਲਈ ਜਾਣਿਆ ਜਾਂਦਾ ਹੈ। ਇਹ ਕਾਫ਼ੀ ਆਰਥਿਕ ਫਾਇਦਾ ਕਰਵਾਉਂਦਾ ਹੈ, ਜੋ ਵੱਧ ਰਿਹਾ ਹੈ।

ਕਿਉਂ ਕਿ ਇਹ ਛੋਟਾ ਖ਼ੇਤਰ ਉਦਯੋਗ ਨੂੰ ਲਾਭ ਨਹੀਂ ਪਹੁੰਚਾ ਸਕਦਾ, ਇਸ ਕਰਕੇ ਸਰਕਾਰ ਪੈਸਾ ਕਮਾਉਣ ਲਈ ਇਹਨਾਂ ਟਾਪੂਆਂ ਉੱਤੇ ਸੈਰ ਸਪਾਟੇ ਨੂੰ ਹੱਲਾਸ਼ੇਰੀ ਦੇ ਰਹੀ ਹੈ। ਬੰਗਾਰਾਮ ਅੰਤਰਰਾਸ਼ਟਰੀ ਸੈਰਸਪਾਟੇ ਲਈ ਸਭ ਤੋਂ ਵੱਡਾ ਸਥਾਨ ਹੈ। ਲਕਸ਼ਦੀਪ ਦਵੀਪ ਸਮੂਹ ਵਿੱਚ ਵਨਸਪਤਿਕ ਅਤੇ ਜੈਵਿਕ ਸੰਪਦਾ ਹੀ ਸੈਲਾਨੀਆਂ ਦਾ ਆਕਰਸ਼ਨ ਕਰਦੀ ਹੈ। ਪਾਣੀ ਵਾਲੀ ਖੇਡਾਂ ਜਿਵੇਂ ਕਿ ਸਕੂਬਾ ਡਾਈਵਿੰਗ, ਵਿੰਡ ਸਰਫਿੰਗ, ਸਨੋਰਕੇਲਿੰਗ, ਸਰਫਿੰਗ, ਕਾਯਕਿੰਗ, ਕੈਨੋਇੰਗ, ਵਾਟਰ ਸਕਾਇੰਗ, ਯਾਚਿੰਗ ਅਤੇ ਰਾਤ ਸਮੇਂ ਸਮੁੰਦਰੀ ਯਾਤਰਾ ਆਦਿ ਕੁਝ ਜੋਖਿਮ ਭਰੀਆਂ ਖੇਡਾਂ ਸੈਲਾਨੀਆਂ ਨੂੰ ਲੁਭਾਉਂਦੀਆਂ ਹਨ।

## B. ਪ੍ਰਮੁੱਖ ਸੈਲਾਨੀ ਆਕਰਸ਼ਨ

### 1. ਕਦਮਤ

ਕਦਮਤ ਟਾਪੂ ਇੱਕ ਬਹੁਤ ਮਸ਼ਹੂਰ ਸੈਲਾਨੀ ਸਥਾਨ ਹੈ। ਇਹ ਇੱਕ ਵੱਡੀ ਦਲਦਲ ਹੈ।

### 2. ਕਟਗਨੀ ਟਾਪੂ

ਕਾਵਾਰਤੀ ਲਕਸ਼ਦੀਪ ਦਾ ਸਭ ਤੋਂ ਵਿਕਸਿਤ ਟਾਪੂ ਹੈ। ਇਹ ਲਕਸ਼ਦੀਪ ਦੀ ਪ੍ਰਸ਼ਾਸ਼ਨਿਕ ਰਾਜਧਾਨੀ ਹੈ। ਇੱਥੇ ਕਾਫ਼ੀ ਮਸਜਿਦਾਂ (ਲਗਪਗ 52) ਹਨ ਅਤੇ ਸਭ ਤੋਂ ਸੁੰਦਰ ਉਜਰਾ ਮਸਜਿਦ ਹੈ।

### 3. ਕਾਲਪੇਨੀ

ਇੱਥੇ ਵੱਡੇ ਅਤੇ ਘੱਟ ਡੂੰਘੇ ਲੈਗੂਲ ਹਨ। ਇਹ ਲੈਗੂਨ ਆਪਣੇ ਭਰਪੂਰ ਕੋਰਲ ਅਤੇ ਸਮੁੰਦਰੀ ਜੀਵਨ ਲਈ ਦੁਨੀਆ ਭਰ ਵਿੱਚ ਮਸ਼ਹੂਰ ਹਨ।

### 4. ਬੰਗਾਰਾਮ

ਇਹ ਸੰਸਾਰ ਦੇ ਸਭ ਤੋਂ ਵਧੀਆ ਪਰਯਟਕ ਸਥਲਾਂ ਵਿੱਚੋਂ ਇੱਕ ਹੈ ਜੋ ਆਪਣੀ ਮੁਲਾਇਮ ਮਿੱਟੀਆਂ ਅਤੇ ਅਦਭੁੱਤ ਪਾਲਮ ਗਰੋਵ ਬੈਕ ਡਰਾਪ ਲਈ ਮਸ਼ਹੂਰ ਹੈ। ਇੱਥੇ ਬਹੁਰੰਗੀ ਸਮੁੰਦਰ ਦੀਆਂ ਲਹਿਰਾਂ ਮੁਲਾਇਮ ਰੇਤਾਂ ਨੂੰ ਪਲੋਸਦੀਆਂ ਹਨ।

### 5. ਅਗਾਤੀ ਟਾਪੂ

ਅਗਾਤੀ ਟਾਪੂ ਲਕਸ਼ਦੀਪ ਦਾ ਗੇਟਵੇਅ ਹੈ। ਇਹ ਲਗਪਗ 6 ਕਿ.ਮੀ. ਲੰਬਾ ਹੈ। ਇੱਥੇ ਆਸਾਨੀ ਨਾਲ ਵਾਧੂ ਮਾਤਰਾ ਵਿੱਚ ਮਿਲਦੀਆਂ ਹਨ।

ਇਸ ਟਾਪੂ ਉੱਤੇ ਸੰਸਾਰ ਵਿੱਚ ਤੈਰਾਕੀ ਲਈ ਸਭ ਤੋਂ ਵਧੀਆ ਬੀਚ ਹਨ। ਇੱਥੇ ਸੈਲਾਨੀ ਤੈਰਾਕੀ, ਸਨੋਰਕਲਿੰਗ ਅਤੇ ਸਕੂਬਾ ਡਾਈਵਿੰਗ ਦਾ ਮਜ਼ਾ ਲੈ ਸਕਦੇ ਹਨ। ਇੱਥੇ ਲੈਗੂਨ ਵੀ ਮਿਲਦੇ ਹਨ ਜੋ ਇਸ ਟਾਪੂ ਦੀ ਸੁੰਦਰਤਾ ਵਧਾਉਂਦੇ ਹਨ। ਸੈਲਾਨੀ ਵੱਖ-ਵੱਖ ਪਾਣੀ ਦੀਆਂ ਖੇਡਾਂ ਜਿਵੇਂ ਸਕੂਬਾ ਡਾਈਵਿੰਗ, ਮੱਛਲੀ ਲੱਭਣਾ, ਕਿਸ਼ਤੀ ਵਿਹਾਰ, ਕਾਯਕਿੰਗ ਦਾ ਮਜ਼ਾ ਲੈ ਸਕਦੇ ਹਨ।

## C. ਸੈਲਾਨੀ ਆਕਰਸ਼ਨ ਵੱਜੋਂ ਵਨਸਪਤਿਕ, ਜੈਵਿਕ ਸੰਪਦਾ ਅਤੇ ਵਿਅੰਜਨ

ਲਕਸ਼ਦੀਪ ਇੱਕ ਵੱਖ ਹੀ ਤਰ੍ਹਾਂ ਦਾ ਧਰਤੀ ਦਾ ਟੁੱਕੜਾ ਹੈ, ਜਿੱਥੇ ਕੁਦਰਤੀ ਖਜ਼ਾਨਾ ਹੈ। ਲਕਸ਼ਦੀਪ ਦੀ ਵਨਸਪਤਿਕ ਸੰਪਦਾ ਇਸ ਤੋਂ ਵੱਖ ਨਹੀਂ ਹੈ। ਲਕਸ਼ਦੀਪ ਵਿੱਚ ਵੱਖਰੀ ਕਿਸਮ ਦੇ ਪੌਦਿਆਂ ਦੀਆਂ ਕਿਸਤਾਂ ਵੀ ਮਿਲਦੀਆਂ ਹਨ। ਜਿਹੜੀ ਕਿ ਇਸ ਟਾਪੂ ਦੀ ਸੁੰਦਰਤਾ ਨੂੰ ਵਧਾਉੱਦੀਆਂ ਹਨ।



ਇੱਕ ਟਾਪੂ



ਅੰਡਮਾਨ ਅਤੇ ਨਿਕੋਬਾਰ ਟਾਪੂ



ਮਜੌਲੀ ਟਾਪੂ, ਅਸਾਮ



ਅੰਡਮਾਨ ਅਤੇ ਨਿਕੋਬਾਰ ਟਾਪੂ



ਅੰਡਮਾਨ ਅਤੇ ਨਿਕੋਬਾਰ ਟਾਪੂ




ਇੱਕ ਟਾਪੂ ਸਮੂਹ (ਦਵੀਪਸਮੂਹ)



ਮੀਜ਼ੋ ਕਬੀਲਾ



ਸੈਲੂਲਰ ਜੇਲ ਅੰਡਮਾਨ ਅਤੇ ਨੀਕੋਬਾਰ ਟਾਪੂ



ਮੀਨੀਕੋਅ ਟਾਵਰ ਹਾਊਸ, ਲਕਸ਼ਦੀਪ ਟਾਪੂ




ਸਮੁਦਰੀਕਾ ਅਜਾਇਬ ਘਰ



ਲਕਸ਼ਦੀਪ ਕਬੀਲਾ

ਕੇਲਾ, ਕੋਲੋਕੇਸੀਆ, ਡਰਮਸਟਿਕ, ਬ੍ਰੈਡ-ਫਰੂਟ ਅਤੇ ਜੈਕ ਫਰੂਟ ਕੁਝ ਲਕਸ਼ਦੀਪ ਵਿੱਚ ਆਮ ਮਿਲਣ ਯੋਗ ਪੌਦਿਆਂ ਦੀਆਂ ਕਿਸਮਾਂ ਹਨ। ਜਦਕਿ ਨਾਰੀਅਲ ਦੀ ਲਕਸ਼ਦੀਪ ਦੀ ਵੱਸੋਂ ਲਈ ਇੱਕ ਵਿੱਤੀ ਮਹੱਤਤਾ ਵਾਲੀ ਵਸਤੂ ਹੈ। ਇਹ ਕੇਵਲ ਵਿਅੰਜਨ ਦਾ ਹਿੱਸਾ ਹੀ ਨਹੀਂ, ਸਗੋਂ ਇਹ ਕੋਇਰ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਜੋ ਕਿ ਇੱਥੋ ਨਿਰਯਾਤ ਕੀਤਾ ਜਾਂਦਾ ਹੈ।

ਲਕਸ਼ਦਵੀਪ ਦੀ ਜੈਵਿਕ ਸੰਪਦਾ ਜੀਵਨ ਇੱਕ ਅਜਿਹਾ ਰੰਗੀਨ ਨਜ਼ਾਰਾ ਹੈ। ਜੋ ਸ਼ਾਇਦ ਹੀ ਕਿਸੀ ਸੈਲਾਨੀ ਨੇ ਦੇਖਿਆ ਹੋਵੇ, ਜਦੋਂ ਰੰਗਦਾਰ ਮੱਛੀਆਂ ਦਾ ਝੁੰਡ ਕੋਰਲ ਉੱਪਰ ਤੈਰਦਾ ਹੈ ਤਾਂ ਇਹ ਦ੍ਰਿਸ਼ ਵੇਖਣਯੋਗ ਹੁੰਦਾ ਹੈ। ਸਕਿੱਪ ਜ਼ੈਕ, ਪੀਲੀ ਫਿਨ, ਰੇਨਬੋਅ ਫਿਸ਼ ਅਤੇ ਕਿੰਗ ਫਿਸ਼ ਕੁਝ ਆਪ ਵੇਖੀ ਜਾ ਸਕਣ ਵਾਲੀਆਂ ਮੱਛੀਆਂ ਹਨ। ਲਕਸ਼ਦੀਪ ਪੰਛੀਆਂ ਦੀ ਭਿੰਨਤਾ ਦਾ ਵੀ ਘਰ ਹੈ। ਬੰਗਾਰਾਮ ਇੱਕ ਮੁੱਖ ਟਾਪੂ ਹੈ ਜਿਥੇ ਸੈਲਾਨੀ ਪੰਛੀ ਵੇਖ ਸਕਦੇ ਹਨ। ਸੈਂਡ ਪਾਈਪਰ, ਗੋਲਡਨ ਪਲੋਵਰ, ਗਰੀਨ ਸ਼ੈਂਕ, ਰੈੱਡ ਸ਼ੈਂਕ ਕੁਝ ਅਕਸਰ ਬੰਗਾਰਾਮ ਟਾਪੂ ਉੱਤੇ ਮਿਲਣ ਵਾਲੀ ਅਵੀ ਜੈਵਿਕ ਪ੍ਰਜਾਤੀਆਂ ਹਨ।

### D. ਸਮਾਰਕ/ਇਤਿਹਾਸਿਕ ਸਥਾਨ/ਲਕਸ਼ਦੀਪ ਦੇ ਕਿਲੇ:-

ਸਮਾਰਕ ਅਤੇ ਇਤਿਹਾਸਿਕ ਸਥਾਨਾਂ ਵਿੱਚ ਕੁਝ ਅਜਾਇਬ ਘਰ, ਮਿਨੀਕੋਅ ਲਾਈਟਹਾਉਸ ਅਤੇ ਤਿੰਨ ਮੰਜਲੀ ਜੇਲ ਹਨ। ਸਭ ਤੋਂ ਪ੍ਰਸਿੱਧ ਐਂਡਰੋਟ ਟਾਪੂ ਦਾ ਸਮਾਰਕ ਹਜਰਤ ਉਬੇਦੁਲਾਹ ਮਕਬਰਾ ਹੈ। ਜੋ ਦਵੀਪਸਮੂਹ ਉੱਤੇ ਇਸਲਾਮ ਦੇ ਪ੍ਰਚਾਰ ਲਈ ਮਸ਼ਹੂਰ ਹੈ ਅਤੇ ਕੁਝ ਹੋਰ ਬੋਧੀ ਸਮਾਰਕ ਵੀ ਹਨ। ਪ੍ਰਮੁੱਖ ਸਮਾਰਕ ਕਾਲਪੇਨੀ ਵਿੱਚ ਮੋਇਦ-ਉਦ-ਦਿਨ ਮਸਜਿਦ ਹੈ ਜਿਸਨੂੰ ਲਕਸ਼ਦੀਪ ਦਾ ਇਤਿਹਾਸਿਕ ਗਰੈਂਡਿਉਰ ਵੀ ਮੰਨਿਆ ਜਾਂਦਾ ਹੈ ਜਿਸਦੀਆਂ ਦੀਵਾਰਾਂ ਕੋਰਲ ਦੀਆਂ ਹਨ।

### 1. ਮੀਨੀਕੋਅ ਟਾਵਰ ਹਾਊਸ

ਸਭ ਤੋਂ ਵੱਧ ਲੁਭਾਉਣ ਵਾਲਾ ਸਾਇਟ ਮੀਨੀਕੋਅ ਦਾ 50 ਮੀ. ਉੱਚਾ ਲਾਈਟਹਾਉਸ ਹੈ। ਜੋ ਅੰਗਰੇਜ਼ਾਂ ਨੇ ਬਣਵਾਇਆ ਸੀ

### 2. ਤਿੰਨ ਮੰਜਲੀ ਜੇਲ

ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 30 ਦਸੰਬਰ, 1943 ਨੂੰ ਇਸ ਜੇਲ ਦੇ ਨੇੜ੍ਹੇ ਆਜ਼ਾਦੀ ਦਾ ਬਿਗਲ ਬਜਾਉਂਦੇ ਹੋਏ ਤਿਰੰਗਾ ਝੰਡਾ ਲਹਿਰਾਇਆ ਜਿੱਥੇ ਆਜ਼ਾਦੀ ਗੁਲਾਟੀਆਂ ਉੱਤੇ ਬਹੁਤ ਹੀ ਅਨਮਨੁੱਖੀ ਅਤਿਆਚਾਰ ਕੀਤੇ ਜਾਂਦੇ ਸਨ। ਇੱਥੇ ਇੱਕ ਅਜਾਇਬ ਘਰ, ਕਲਾ ਗੈਲਰੀ ਅਤੇ ਚਿੱਤਰ ਸ਼ਾਲਾ ਵੀ ਹੈ।

### 3. ਰੋਸ ਟਾਪੂ

ਅੰਗਰੇਜ਼ੀ ਰਾਜ ਵਿੱਚ ਅੰਡਮਾਨ ਟਾਪੂ ਦੀ ਰਾਜਧਾਨੀ ਰਹੇ ਰੋਸ ਟਾਪੂ ਵਿੱਚ ਕਈ ਤਬਾਹ ਹੋਈ ਇਮਾਰਤਾਂ ਹਨ ਜਿਵੇਂ ਬਾੱਲਰੂਮ।

### 4. ਫੋਨਿਕਸ ਬੇਅ ਉੱਤੇ ਮਨੁੱਖੀ-ਵਿਗਿਆਨ ਅਜਾਇਬ ਘਰ:

ਇੱਥੇ ਪਲੀਉਲਿਥਿਕ ਟਾਪੂ ਦੇ ਵਾਸੀਆਂ ਦੇ ਜੀਵਨ ਨਾਲ ਸੰਬੰਧਿਤ ਅਤੇ ਅਕਵੇਰੀਅਮ ਮਿਊਜ਼ੀਅਮ ਵਿਖੇ ਸਮੁੰਦਰੀ ਜੀਵਨ ਨਾਲ ਸੰਬੰਧਿਤ ਪ੍ਰਜਾਤੀਆਂ ਦੀ ਪ੍ਰਸਤੁੱਤੀ ਕੀਤੀ ਹੋਈ ਹੈ।

### 5. ਭਾਰਤੀ ਅਜਾਇਬ ਘਰ ਦਾ ਜ਼ਿਉਲੋਜੀਕਲ ਸਰਵੇਖਣ

ਭਾਰਤੀ ਅਜਾਇਬ ਘਰ ਦੇ ਜ਼ਿਊਲੋਜੀਕਲ ਸਰਵੇਖਣ ਵਿੱਚ ਚੰਗੀ ਕਿਸਮ ਦੇ ਸਪੌਂਜ, ਕੋਰਲ, ਤਿੱਤਲੀਆਂ ਅਤੇ ਸੇਂਟੀਪਤ ਹੁੰਦੇ ਹਨ ਜਦਕਿ ਹਾਦੂ ਜੰਗਲੀ ਅਜਾਇਬ ਘਰ, ਸਕੇਲ ਮੱਾਡਲ ਅਤੇ ਲੱਕੜ ਦੇ ਸਜਾਵਟੀ ਜੋ ਕਿ ਪਾਦੂਕ, ਮਾਰਬਲ, ਪਿਉਮਾ, ਗਾਰਜਨ ਅਤੇ ਸੇਟਿਕ ਲੱਕੜ ਦੁਆਰਾ ਬਣਾਏ ਗਏ ਹੈ, ਜੰਗਲੀ ਗਤੀਵਿਧੀਆਂ ਨੂੰ ਦਰਸਾਉਂਦਾ ਹੈ।

### 6. ਦੇਲਾਨੀਪੁਰ ਵਿਖੇ ਸਮੁਦਰੀਕਾ ਜਾਂ ਨੌਸੇਨਾ ਸਮੁੰਦਰੀ ਅਜਾਇਬ ਘਰ-

ਦਿਲਾਨੀਪੁਰ ਵਿੱਚ ਸਮੁਦਰੀਕਾ ਅਜਾਇਬ ਘਰ, ਸਮੁੰਦਰੀ ਵਾਤਾਵਰਨ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ ਅਤੇ ਇਹੋ ਸ਼ੈੱਲ, ਕੋਰਲ ਅਤੇ ਇਹਨਾਂ ਟਾਪੂਆਂ ਉੱਤੇ ਮਿਲਦੀਆਂ ਕੁਝ ਰੰਗਦਾਰ ਮੱਛੀਆਂ ਦੀਆਂ ਪ੍ਰਜਾਤੀਆਂ ਦਾ ਸੰਗ੍ਰਹਿ ਹੈ।

## e. ਤਿਉਹਾਰ

ਲਕਸ਼ਦੀਪ ਵਿੱਚ ਜਿਆਦਾਤਰ ਮੁਸਲਮਾਨ ਹਨ। ਇਸ ਕਰਕੇ ਜਿਆਦਾਤਰ ਮੁਸਲਿਮ ਤਿਉਹਾਰ ਜਿਵੇਂ ਇਦ-ਉਲ-ਫੀਤਰ ਅਤੇ ਮਿਲਾਦ-ਉਨ-ਨਬੀ ਹੀ ਮਨਾਏ ਜਾਂਦੇ ਹਨ। ਮੋਹਰਮ ਹਜਰਤ ਅਲੀ ਦੇ ਪੁੱਤਰਾਂ ਹਸਨ ਅਤੇ ਹੁਸੈਨ ਦੀ ਸ਼ਹੀਦੀ ਦੀ ਯਾਦਗਾਰ ਵਿੱਚ ਸ਼ੋਕ ਦੇ ਰੂਪ ਵਿੱਚ ਮਨਾਉਂਦੇ ਹਨ।

### 1. ਈਦ-ਉਲ-ਫਿਤਰ

ਵਰਤ ਤੋੜਨ ਦੇ ਰੂਪ ਵਿੱਚ ਦੱਖਣੀ ਭਾਰਤ ਵਿੱਚ ਮਸ਼ਹੂਰ ਤਿਉਹਾਰ ਈਦ-ਉਲ-ਫਿਤਰ ਰਮਜਾਨ ਦੇ ਅੰਤ ਵਿੱਚ ਨਵੇਂ ਚੰਦਰਮਾ ਨੂੰ ਵੇਖ ਕੇ ਮਨਾਇਆ ਜਾਂਦਾ ਹੈ। ਇਹ ਖ਼ੁਸ਼ੀਆਂ ਭਰਿਆ ਤਿਉਹਾਰ ਹੈ। ਖ਼ਾਸ ਤਰ੍ਹਾਂ ਦੀ ਮਿਠਾਈਆਂ, ਭੋਜਨ ਬਣਾ ਕੇ ਰਿਸ਼ਤੇਦਾਰਾਂ, ਮਿੱਤਰਾਂ, ਗੁਆਂਢੀਆਂ ਵਿੱਚ ਵੰਡੀਆਂ ਜਾਂਦੀਆਂ ਹਨ।

### 2. ਈਦ-ਉਲ-ਜ਼ੂਹਾ

ਇਸ ਨੂੰ ਬਕਰਾਈਦ ਵੀ ਕਹਿੰਦੇ ਹਨ। ਇਹ ਬਲੀਦਾਨ ਦਾ ਤਿਉਹਾਰ ਹੈ। ਇਹ ਤਿਉਹਾਰ ਇਬਰਾਹਿਮ ਮਸੀਹਾ ਦੇ ਭਗਵਾਨ ਦੀ ਖ਼ਾਤਰ ਆਪਣੇ ਪੁੱਤਰ ਦਾ ਬਲੀਦਾਨ ਦੇਣ ਲਈ ਮਨਾਇਆ ਜਾਂਦਾ ਹੈ। ਇਸ ਮੌਕੇ ਉੱਤੇ ਹਜਾਰਾਂ ਮੁਸਲਮਾਨਾਂ ਵੱਲੋਂ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਮੱਕਾ ਦੀ ਯਾਤਰਾ ਦੇ ਅੰਤ ਨੂੰ ਦਰਸਾਉਂਦਾ ਹੈ।

### 3. ਮਿਲਾਦ-ਉਲ-ਨਬੀ

ਇਸ ਦਿਨ ਸੰਸਾਰ ਭਰ ਵਿੱਚ ਮੁਸਲਿਮ ਸਮੁਦਾਇ ਮਸੀਹਾ ਮੁਹੰਮਦ ਦੇ ਜਨਮ ਦਿਨ ਨੂੰ ਮਨਾਉਂਦੇ ਹਨ। ਖਾਸ ਤਰ੍ਹਾਂ ਦੀਆਂ ਮਿਠਾਈਆਂ ਬਨਾ ਕੇ ਧਾਰਮਿਕ ਸੇਵਾ ਵਿੱਚ ਹਿੱਸਾ ਲੈਂਦੇ ਹਨ।

### 4. ਮੁਹਰਮ-

ਇਹ ਜਸ਼ਨ ਮਨਾਉਣ ਦਾ ਤਿਉਹਾਰ ਨਹੀਂ ਹੈ। ਇਸ ਦਿਨ ਨੂੰ ਮਸੀਹਾ ਮੁਹੰਮਦ ਦੇ ਪੌਤੇ ਇਮਾਮ ਹੁਸੈਲ ਦੀ ਸ਼ਹੀਦੀ ਨੂੰ ਕਰਬਲਾ ਸਾਕਾ ਦੇ ਸ਼ੋਕ ਵਜੋਂ ਮਨਾਇਆ ਜਾਂਦਾ ਹੈ। ਇਸ ਮਾਤਮ ਭਰੇ ਦਿਨ ਨੂੰ ਮਨਾਉਣ ਲਈ ਸ਼ਾਹੀ ਸਜਾਵਟੀ ਤਾਜੀਆਂ ਜੋ ਕਿ ਸ਼ਹੀਦ ਦੇ ਮਕਬਰੇ ਦੀ ਨਕਲ ਹੈ ਨੂੰ ਸ਼ਹਿਰ ਦੀਆਂ ਗਲੀਆਂ ਵਿੱਚੋਂ ਦੀ ਲਿਜਾਇਆ ਜਾਂਦਾ ਹੈ। ਲੋਕ ਇਮਾਮ ਹੁਸੈਨ ਦੀ ਮੌਤ ਉੱਤੇ ਛਾਤੀ ਪਿੱਟ ਕੇ ਸ਼ੋਕ ਮਨਾਉਂਦੇ ਹਨ।

### f) ਲਕਸ਼ਦੀਪ ਨਸਲ ਅਤੇ ਕਬੀਲੇ -

ਲਕਸ਼ਦੀਪ ਨਸਲ ਵਿੱਚ ਕਈ ਕਬੀਲਾਈ ਜਾਤੀਆਂ ਹਨ ਜੋ ਕਈ ਦਹਾਕਿਆਂ ਤੋਂ ਇਸ ਟਾਪੂ ਦੀ ਜਨਸੰਖਿਆ ਵਧਾ ਰਹੀਆਂ ਹਨ। ਸਮਾਜਿਕ ਰੁਤਬੇ ਅਤੇ ਕੰਮ ਕਾਜ ਨਾਲ ਵੰਡੇ ਗਏ। ਵੱਖ-ਵੱਖ ਨਸਲੀ ਸਮੂਹਾ ਵਿੱਚ ਅਮੀਨੀ ਦੀਵੀ ਕੋਆਸ, ਮਾਲਮੀਸ ਅਤੇ ਮਲਚੇਰੀਸ ਹਨ।

ਲਕਸ਼ਦੀਪ ਦੇ ਨਸਲੀਆਂ ਦੀ ਖ਼ਾਸ ਗੱਲ ਇਹ ਹੈ ਕਿ ਇਹ ਬਹੁ ਪੱਖੀ ਸਭਿਆਚਾਰ ਵਾਲੇ ਹਨ ਪਰ ਇੱਕੋ ਇੱਕ ਧਰਮ ਇਸਲਾਮ ਨੂੰ ਦਰਸਾਉਂਦੇ ਹਨ। ਇਤਿਹਾਸਿਕ ਅਭਿਲੇਖਾ ਤੋਂ ਪਤਾ ਲੱਗਦਾ ਹੈ ਕਿ ਕਦੇ ਇਹ ਟਾਪੂ ਮੁਸਲਮਾਨਾਂ ਦੇ ਮਹਾਨ ਮਸੀਹਾ, ਉਬੇਦੁਲਾਹ ਦੁਆਰਾ ਚਰਨਛੋਹ ਕੀਤਾ ਗਿਆ ਸੀ। ਉਹਨਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋਏ ਪੁਰਾਤਨ ਲਕਸ਼ਦੀਪ ਦੇ ਲੋਕ ਇਸਲਾਮ ਵਿੱਚ ਪਰਵਰਤਿਤ ਹੋਏ, ਅੱਜ ਕੱਲ ਇਹ ਟਾਪੂ ਮੁਸਲਮਾਨ ਪੰਥ ਚਲਾਉਂਦੇ ਹਨ।

ਲਕਸ਼ਦੀਪ ਦੀ ਕੌਮੀਅਤ ਨੂੰ ਹੇਠਾਂ ਦਿੱਤੇ ਚਾਰ ਮੁੱਖ ਭਾਗਾਂ ਵਿੱਚ ਵੰਡਿਆ ਗਿਆ ਹੈ:

#### ਅਮੀਨੀ ਦੀਵੀ

ਇਹ ਲਕਸ਼ਦੀਪ ਦੇ ਅਮੀਨੀ ਟਾਪੂ ਉੱਤੇ ਮਿਲਦਾ ਸਮੁਦਾਇ ਹੈ। ਇਹ ਲੋਕ ਆਪਣੇ ਅਸਲ ਅਤੇ ਪੁਰਾਤਨ ਕੁਟੁੰਬ ਲਈ ਜਾਣੇ ਜਾਂਦੇ ਹਨ।

#### ਕੋਯਾਸ

ਇਹ ਸਮੁਦਾਇ ਕਦੇ ਲਕਸ਼ਦੀਪ ਦੀ ਜਮੀਨ ਦੇ ਮਾਲਕ ਸਨ ਅਤੇ ਟਾਪੂ ਉੱਤੇ ਮਜਬੂਤ ਸਥਿਤੀ ਦੇ ਮਾਲਕ ਸਨ। ਅੱਜ ਵੀ ਇਹ ਲੋਕ ਸਮਾਜਿਕ ਦਰਜੇ ਦਾ ਆਨੰਦ ਮਾਨਦੇ ਹਨ।

#### ਮਾਲਮੀਸ

ਇਹ ਅਸਲ ਵਿੱਚ ਕੋਆ ਸਮੁਦਾਇ ਦੇ ਕਿਰਾਏਦਾਰ ਸਨ। ਅੱਜ ਕੱਲ ਇਹ ਲੋਕ ਕਿਸ਼ਤੀ ਰਾਹੀਂ ਵਸਤੂਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਹਨ।

#### ਮੇਲਕੇਰੀਸ

ਇਸ ਸਮੁਦਾਇ ਦੇ ਲੋਕ ਨਾਰੀਅਲ ਇਕੱਠੇ ਕਰਕੇ ਮੀਠਾ ਟੋਡੀ ਕੱਢਦੇ ਹਨ। ਇਸ ਨਸਲੀ ਸਮੂਹ ਨੂੰ ਲਕਸ਼ਦੀਪ ਦਾ ਅਖੀਰਲਾ ਸਮਾਜਿਕ ਦਰਜਾ ਮੰਨਦੇ ਹਨ। ਲਕਸ਼ਦੀਪ ਨਸਲ ਸੰਗਠਿਤ ਤੌਰ ਤੇ ਟਾਪੂਆਂ ਦੇ ਕਬੀਲਾਈ ਲੋਕਾਂ ਦੀ ਸਮਾਜਿਕ-ਸੰਸਕ੍ਰਿਤਕ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੀ ਹੈ।

ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ ਦੀ ਤਰ੍ਹਾਂ ਹੀ ਲਕਸ਼ਦੀਪ ਦਵੀਪ ਸਮੂਹ ਸੰਰਚਨਾ, ਪਰਿਆਵਰਣ, ਭੂਗੋਲਿਕ, ਜੰਗਲੀ ਜੀਵਨ, ਬੀਚ ਅਤੇ ਕਬੀਲਾ ਸੈਰ ਸਪਾਟਾ ਪ੍ਰਦਾਨ ਕਰਦਾ ਹੈ।

ਸੈਲਾਨੀ ਸਾਰਾ ਸਾਲ ਇਹਨਾਂ ਟਾਪੂਆਂ ਉੱਤੇ ਆਉਂਦੇ ਰਹਿੰਦੇ ਹਨ ਬੱਸ ਦੱਖਣ-ਪੱਛਮ ਮਾਨਸੂਨ ਦੇ ਮਹੀਨਿਆਂ ਨੂੰ ਛੱਡ ਕੇ ।

**ਸਮੀਖਿਅਕ ਪ੍ਰਸ਼ਨ**

1. ਲਕਸ਼ਦੀਪ ਟਾਪੂ ਦੇ ਕੋਈ 5 ਸੈਲਾਨੀ ਆਕਰਸ਼ਨਾਂ ਦੇ ਨਾਂ ਲਿਖੋ।

## 5.4 ਮਜੌਲੀ ਟਾਪੂ

ਮਜੌਲੀ ਟਾਪੂ ਵੱਡਾ ਤਾਜੇ ਪਾਣੀ ਦਾ ਨਦੀ ਦੇ ਵਿੱਚਕਾਰ, ਸੰਸਾਰ ਦਾ ਡੇਲਟਾ ਟਾਪੂ ਹੈ। ਇਹ ਅਸਾਮ ਵਿੱਚ ਬ੍ਰਹਮਪੁੱਤਰ ਨਦੀ ਦੇ ਉਪਰਲੇ ਪਾਸੇ ਸਥਿਤ ਹੈ ਅਤੇ ਇਸਦੇ ਅਕਸ਼ਾਂਸ਼ 26045'N-27012'N ਅਤੇ ਦੇਸ਼ਾਂਤਰ 93039'E-94035'E ਹੈ ਤੇ ਮੱਧ ਉਚਾਈ MSL ਤੋਂ ਉੱਪਰ 84.5 ਮੀਟਰ ਹੈ। ਇਸ ਧਰਤੀ ਦੇ ਟੁੱਕੜੇ ਦੀ ਜਨਸੰਖਿਆ ਜਾਂ ਵਸੋਂ 1.6 ਲੱਖ ਹੈ। ਜਿਨ੍ਹਾਂ ਵਿੱਚ ਜ਼ਿਆਦਾਤਰ ਕਬੀਲੇ ਹਨ, ਇਹ ਹੈਰੀਟੇਜ ਨਾਲ ਭਰਪੂਰ ਹੈ ਅਤੇ ਪਰਿਆਵਰਣੀਏ ਸੈਰ ਅਤੇ ਧਾਰਮਿਕ ਵਿਚਾਰਧਾਰਾ ਵਾਲਿਆਂ ਲਈ ਇੱਕ ਚੰਗਾ ਵਿਕਲਪ ਹੋਣ ਦੇ ਨਾਲ-ਨਾਲ ਅਸਾਮੀ ਵੈਸ਼ਨਾਵਾਈਟ ਸਭਿਆਚਾਰ ਦਾ ਨਿਵਾਸ ਸਥਾਨ ਹੈ। ਇਹ ਜੈਵਿਕ ਭਿੰਨਤਾ ਦਾ ਹੌਟਸਪੌਟ ਹੈ ਅਤੇ ਇੱਥੇ ਵਨਸਪਤਿਕ ਅਤੇ ਜੈਵਿਕ ਸੰਪਦਾ ਦੀਆਂ ਦੁਰਲੱਭ ਪ੍ਰਜਾਤੀਆਂ ਹੋਣ ਦੇ ਨਾਲ-ਨਾਲ ਚੰਗਾ ਪਰਿਆਵਰਣ ਵੀ ਹੈ।

**ਸਮੀਖਿਅਕ ਪ੍ਰਸ਼ਨ**

ਮਜੌਲੀ ਟਾਪੂ ਉੱਤੇ ਇੱਕ ਨੋਟ ਲਿਖੋ।

## 5.5 ਭਾਰਤ ਦੇ ਹੋਰ ਟਾਪੂ

1. ਦੀਉ
2. ਕਾਵੇਰੀ ਨਦੀ ਦੇ ਟਾਪੂ
3. ਸ੍ਰੀ ਰੰਗਾਪਟਨਮ
4. ਸ਼ਿਵਾਨਾਸਮੁਦਰਮ
5. ਸ੍ਰੀ ਰੰਗਮ
6. ਮਗਰਮੱਛ ਟਾਪੂ (ਤਮਿਲਨਾਡੂ)
7. ਚੋਰਾਉ (ਗੋਆ)
8. ਸੰਤ ਮੈਰੀ ਟਾਪੂ
9. ਨੇਟਰਾਨੀ ਟਾਪੂ
10. ਨਿਊ ਮੂਰੇ ਟਾਪੂ (ਪੱਛਮੀ ਬੰਗਾਲ)
11. ਦੀਵਾਰ (ਗੋਆ)
12. ਮਜੌਲੀ ਫਲੂਵੀਅਲ ਟਾਪੂ
13. ਮੀਨੀਕੋਅ ਟਾਪੂ
14. ਮੁਨਰੋਹ ਟਾਪੂ (ਕੋਲਾਮ, ਕੇਰਲ)
15. ਮੁੰਬਈ ਹਾਰਬਰ ਦਵੀਪ ਸਮੂਹ
16. ਬੁੱਚਰ ਟਾਪੂ (ਮੁੰਬਈ)
17. ਕਰਾੱਸ ਟਾਪੂ
18. ਏਲੀਫੈਂਟਾ ਟਾਪੂ
19. ਮੱਧ ਮੈਦਾਨ
20. ਉਏਸਟਰ ਚੱਟਾਨ
21. ਸਾਲਸੀਤੇ ਟਾਪੂ
22. ਸਾਗਰ ਟਾਪੂ (ਪੱਛਮੀ ਬੰਗਾਲ)

23. ਪੰਬਨ ਟਾਪੂ
24. ਸ੍ਰੀ ਹਰੀਕੋਟਾ
25. ਵਾਸ਼ੀ (ਗੋਆ)
26. ਵਾਇਪਿਨ, ਕੋਚੀ (ਕੇਰਲਾ)
27. ਵਿਲੀਂਗਟਨ ਟਾਪੂ, ਕੋਚੀ (ਕੇਰਲਾ)
28. ਕਾਵੇਈ
29. ਕਊਬਲ ਟਾਪੂ- ਇਹ ਪੂਰੀ ਤਰ੍ਹਾਂ ਮਾਨਵ ਨਿਰਮਿਤ ਟਾਪੂ ਹੈ। ਇਹ ਟਾਪੂ ਮਦਰਾਸ ਯੂਨੀਵਰਸਿਟੀ ਤੋਂ ਸ਼ੁਰੂ ਹੋ ਕੇ ਅਦਾਇਰ ਦੀ ਏਚੁਫੇਰੀ ਤੱਕ ਖ਼ਤਮ ਹੁੰਦਾ ਹੈ।
30. ਦੱਖਣੀ ਤੋਲਆਤੀ ਟਾਪੂ- ਇਹ ਤਿੰਨ ਮੀਲ ਲੰਬਾ ਟਾਪੂ ਹੈ ਜੋ ਭਾਰਤ ਅਤੇ ਬੰਗਲਾਦੇਸ਼ ਦੇ ਅਧਿਕਾਰ ਖ਼ੇਤਰ ਲਈ ਝਗੜੇ ਦਾ ਕਾਰਨ ਹੈ।

## 5.6 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

### 1. ਟਾਪੂ

ਟਾਪੂ ਇੱਕ ਸਭ ਮਹਾਂਦਵੀਪ ਦੀ ਧਰਤੀ ਦਾ ਟੁੱਕੜਾ ਹੁੰਦਾ ਹੈ ਜੋ ਪਾਣੀ ਨਾਲ ਘਿਰਿਆ ਹੁੰਦਾ ਹੈ।

### 2. ਦਵੀਪ ਸਮੂਹ

ਦਵੀਪ ਸਮੂਹ ਵੱਡੀ ਗਿਣਤੀ ਵਿੱਚ ਵਿਖਰੇ ਟਾਪੂ ਦਾ ਸਮੂਹ ਹੁੰਦਾ ਹੈ।

### 3. ਕੋਰਲ ਰੀਫ਼

ਕੋਰਲ ਰੀਫ਼ ਕੋਰਲ ਦੁਆਰਾ ਵਿਸਰਜਿਤ ਕੀਤੇ ਗਏ ਕੈਲਸ਼ੀਅਮ ਕਾਰਬੋਨੇਟ ਦੇ ਪਾਣੀ ਅੰਦਰ ਬਣੇ ਢਾਂਚੇ ਹੁੰਦੇ ਹਨ। ਕੋਰਲ ਰੀਫ਼ ਛੋਟੇ ਜੀਵ-ਜੰਤੂਆਂ ਦੀਆਂ ਬਸਤੀਆਂ ਹੁੰਦੀਆਂ ਹਨ ਜੋ ਸਮੁੰਦਰੀ ਪਾਣੀ ਦੇ ਵਿੱਚ ਮਿਲਦੇ ਹਨ ਅਤੇ ਕੁਝ ਪੋਸ਼ਟਿਕ ਤੱਤ ਰੱਖਦੇ ਹਨ। ਕੁੱਝ ਕੋਰਲ ਰੀਫ਼ ਪੱਥਰੀ ਕੋਰਲ ਤੋਂ ਬਣੇ ਹੁੰਦੇ ਹਨ, ਜੋ ਗਰੁੱਪਾਂ ਵਿੱਚ ਸੰਗਠਿਤ, ਪੋਲੀਪਸ ਰੱਖਦੇ ਹਨ। ਪੋਲੀਪਸ ਛੋਟੇ ਸਮੁੰਦਰੀ ਜੀਵ ਹੁੰਦੇ ਹਨ, ਜਿਨ੍ਹਾਂ ਨਾਲ ਇਹ ਕਾਫੀ ਮਿਲਦੇ ਜੁਲਦੇ ਹਨ। ਕੋਰਲ ਪੋਲੀਪਸ ਸਖ਼ਤ ਕਾਰਬੋਨੇਟ ਐਕਸੋਸਕੈਲਟਨ ਦੀ ਨਿਕਾਸੀ ਕਰਦੇ ਹਨ ਜੋ ਇਹਨਾਂ ਦੇ ਸਰੀਰਾਂ ਨੂੰ ਸਹਾਰਾ ਦਿੰਦੇ ਹਨ। ਰੀਫ਼, ਗਰਮ, ਘੱਟ ਡੂੰਘੇ ਸਾਫ਼, ਹਿੱਲਣ ਵਾਲੇ ਪਾਣੀ ਵਿਚੋਂ ਪਣਪਦੇ ਹਨ।

### 4. ਅਟੌਲ

ਅਟੌਲ ਇੱਕ ਕੋਰਲ ਟਾਪੂ ਹੈ ਜਿਸਨੇ ਲੈਗੂਨ ਨੂੰ ਆਲੇ ਦੁਆਲਾ ਤੋਂ ਅਰਧ ਜਾਂ ਪੂਰੀ ਤਰ੍ਹਾਂ ਘੇਰਿਆ ਹੁੰਦਾ ਹੈ।

### 5. ਲੈਗੂਨ

ਇਹ ਇੱਕ ਘੱਟ ਡੂੰਘੀ ਪਾਣੀ ਦਾ ਸੋਮਾ ਹੁੰਦਾ ਹੈ ਜੋ ਵੱਡੇ ਪਾਣੀ ਦੇ ਸੋਮੇ ਨਾਲੋਂ ਕਿਸੇ ਧਰਤੀ, ਰੁਕਾਵਟ, ਟਾਪੂ ਜਾਂ ਰੀਫ਼ ਕਾਰਨ ਵੱਖ ਹੁੰਦਾ ਹੈ।

### 6. ਕਬੀਲਾ

ਕਬੀਲੇ ਦੂਰ-ਦੁਰੇਡੇ ਖ਼ੇਤਰਾਂ ਵਿੱਚ ਰਹਿਣ ਵਾਲੇ ਸਮਾਜਿਕ ਝੁੰਡ ਹੁੰਦੇ ਹਨ ਅਤੇ ਆਪਣੀ ਪੁਰਾਤਨ ਸਮਾਜਿਕ-ਸਭਿਆਚਾਰਕ ਪਹਿਚਾਣ ਨੂੰ ਬਾਹਰਲੇ ਸੰਸਾਰ ਦੀ ਦਖਲ ਅੰਦਾਜੀ ਤੋਂ ਸੁਰੱਖਿਅਤ ਰੱਖਣਾ ਚਾਹੁੰਦੇ ਹਨ।

## ਸਮੀਖਿਅਕ ਪ੍ਰਸ਼ਨ

### ਖਾਲੀ ਥਾਂਵਾਂ ਭਰੋ:

1. ਅੰਡਮਾਨ ਦਵੀਪਸਮੂਹ ਵਿੱਚ _______ ਟਾਪੂ, ਜਦਕਿ ਨਿਕੋਬਾਰ ਦਵੀਪ ਸਮੂਹ ਵਿੱਚ ਸਿਰਫ਼_______ਟਾਪੂ ਆਉਂਦੇ ਹਨ।
2. ਅੰਡਮਾਨ ਅਤੇ ਨਿਕੋਬਾਰ ਦਵੀਪਸਮੂਹ ਦੇ _______ ਟਾਪੂਆਂ ਉੱਤੇ ਹੀ ਸਦੀਵੀਂ ਨਿਵਾਸ ਸਥਾਨ ਹਨ।
3. ਸਭ ਤੋਂ ਦੂਰ ਦੱਖਣ ਵੱਲ ਦੇ ਟਾਪੂ ਦੇ ਦੱਖਣੀ ਸਿਰੇ ਦਾ _______ ਬਿੰਦੂ ਗਰੇਟ ਨਿਕੋਬਾਰ, ਭਾਰਤ ਦਾ ਸਭ ਤੋਂ ਦੂਰ ਦੱਖਣੀ ਬਿੰਦੂ ਹੈ।
4. ਅੰਡਮਾਨ ਦੀ ਰਾਜਧਾਨੀ _______ ਹੈ ਅਤੇ ਨਿਕੋਬਾਰ ਟਾਪੂ ਦੀ ਰਾਜਧਾਨੀ ਕਾਰ ਬਾਰ ਹੈ।
5. ਅੰਡਮਾਨ ਅਤੇ ਨਿਕੋਬਾਰ ਦਵੀਪ ਸਮੂਹ ਦਾ ਖੇਤਰਫਲ ਪੂਰੀ ਧਰਤੀ ਦੇ ਖੇਤਰ ਦਾ _______ ਪ੍ਰਤੀਸ਼ਤ ਮੰਨਿਆ ਜਾਂਦਾ ਹੈ।
6. ਸੈਲੂਲਰ ਜੇਲ ਜਿਸਨੂੰ 'ਕਾਲਾ ਪਾਣੀ' ਵੀ ਕਿਹਾ ਜਾਂਦਾ ਹੈ _______ ਟਾਪੂ ਤੇ ਸਥਿਤ ਅੰਗਰੇਜਾਂ ਦੇ ਸਮੇਂ ਦੀ ਜੇਲ ਹੈ।
7. _______ ਟਾਪੂ ਉੱਤੇ ਭਾਰਤ ਦਾ ਇਕੱਲਾ ਜਵਾਲਾਮੁੱਖੀ ਹੈ।
8. _______ ਸੰਸਾਰ ਦੀ ਮਸ਼ਹੂਰ ਦਲਦਲ ਹੈ ਜੋ ਆਪਣੇ ਬੇਸ਼ੁਮਾਰ ਕੋਰਲ ਅਤੇ ਸਮੁੰਦਰੀ ਜੀਵਨ ਲਈ ਸੰਸਾਰ ਵਿੱਚ ਪ੍ਰਸਿੱਧ ਹੈ।
9. _______ ਟਾਪੂ ਪੂਰੀ ਤਰ੍ਹਾਂ ਨਾਲ ਮਾਨਵ ਦੁਆਰਾ ਨਿਰਮਿਤ ਟਾਪੂ ਹੈ।
10. _______ ਟਾਪੂ ਨੂੰ ਭਾਰਤ ਅਤੇ ਬੰਗਲਾ ਦੇਸ਼ ਦੋਹਾਂ ਦੇ ਝਗੜੇ ਦਾ ਕਾਰਨ ਮੰਨਿਆ ਜਾਂਦਾ ਹੈ।

### ਛੋਟੇ ਪ੍ਰਸ਼ਨ-ਉੱਤਰ

1. ਟਾਪੂ ਦੀ ਪਰਿਭਾਸ਼ਾ ਦਿਉ।
2. ਅੰਡਮਾਨ ਅਤੇ ਨਿਕੋਬਾਰ ਟਾਪੂ ਦੇ ਪੰਜ ਰਾਸ਼ਟਰੀ ਪਾਰਕਾਂ ਦੇ ਨਾਮ ਦੱਸੋ।
3. ਅੰਡਮਾਨ ਅਤੇ ਨਿਕੋਬਾਰ ਟਾਪੂ ਦੇ ਪੰਜ ਨਸਲੀ ਸਮੂਹਾਂ ਦੇ ਨਾਮ ਲਿਖੋ।
4. ਲਕਸ਼ਦੀਪ ਕੀ ਹੈ ?
5. ਕਿਹੜੇ ਟਾਪੂ ਨੂੰ ਲਕਸ਼ਦੀਪ ਦਾ ਗੇਟਵੇਟ ਮੰਨਿਆ ਜਾਂਦਾ ਹੈ ?
6. ਤਿੰਨ ਮੰਜਲੀ ਜੇਲ ਕਿੱਥੇ ਹੈ ?
7. ਮਜੌਲੀ ਟਾਪੂ ਕਿੱਥੇ ਹੈ ?
8. ਅਟੌਲ ਕੀ ਹੈ ?
9. ਲੈਗੂਨ (ਦਲਦਲ) ਦੀ ਪਰਿਭਾਸ਼ਾ ਦਿਉ ?
10. ਜਿਊਲੋਜੀਕਲ ਸਰਵੇਅ ਆੱਫ ਇੰਡੀਆ ਅਜਾਇਬ ਘਰ ਵਿੱਚ ਸੈਲਾਨੀ ਨੂੰ ਵੀ ਦੇਖਣ ਲਈ ਮਿਲਦਾ ਹੈ ?

**ਪ੍ਰਸ਼ਨ-ਉੱਤਰ :**

1. ਅੰਡਮਾਨ ਅਤੇ ਨਿਕੋਬਾਰ ਟਾਪੂ ਦੀ ਬਨਸਪਤਿਕ ਅਤੇ ਜੈਵਿਕ ਸੰਪਦਾ ਨੂੰ ਬਿਆਨ ਕਰੋ।
2. ਅੰਡਮਾਨ ਅਤੇ ਨਿਕੋਬਾਰ ਦਵੀਪਸਮੂਹ ਦੇ ਰਾਸ਼ਟਰੀ ਪਾਰਕ, ਨਸਲੀ ਸਮੂਹਾਂ ਅਤੇ ਹੋਰ ਛੋਟੇ ਟਾਪੂ ਦੇ ਨਾਮ ਦੱਸੋ।
3. ਲਕਸ਼ਦੀਪ ਟਾਪੂ ਇੱਕ ਸੈਰ-ਸਪਾਟਾ ਸਥਾਨ ਵਜੋਂ ਕਿਵੇਂ ਉਭਰ ਕੇ ਆਇਆ ? ਲਕਸ਼ਦੀਪ ਟਾਪੂ ਦੇ ਮੁੱਖ ਸੈਲਾਨੀ ਆਕਰਸ਼ਨਾਂ ਦੇ ਨਾਮ ਦੱਸੋ ?
4. ਲਕਸ਼ਦੀਪ ਟਾਪੂ ਦੇ ਸਮਾਰਕਾਂ/ਇਤਿਹਾਸਿਕ ਥਾਂਵਾਂ ਅਤੇ ਕਿਲ੍ਹਿਆਂ ਦੇ ਬਾਰੇ ਲਿਖੋ।
5. ਲਕਸ਼ਦੀਪ ਦੀ ਨਸਲ ਅਤੇ ਕਬੀਲੇ ਕਿਵੇਂ ਸੈਲਾਨੀਆਂ ਨੂੰ ਲੁਭਾਉਂਦੇ ਹਨ ?

## 5.7 ਪ੍ਰਯੋਗੀ ਗਤੀਵਿਧੀ

ਭਾਰਤ ਦੇ ਭੌਤਿਕ ਨਕਸ਼ੇ ਉੱਤੇ ਮਸ਼ਹੂਰ ਭਾਰਤੀ ਟਾਪੂਆਂ ਨੂੰ ਦਰਸਾਉ।

## ਯੂਨਿਟ-6

## ਸੈਰ-ਸਪਾਟੇ ਦੇ ਭੌਤਿਕ ਸਰੋਤ-ਨਦੀਆਂ, ਝੀਲਾਂ ਤੇ ਨਹਿਰਾਂ

**ਵਿਸ਼ਾ-ਸੂਚੀ:-**


6.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

ਸੰਖੇਪ ਜਾਣਕਾਰੀ

ਹੁਨਰ ਅਤੇ ਜਾਣਕਾਰੀ

ਸਰੋਤ ਸਮੱਗਰੀ

ਸਿੱਖਣ ਦੇ ਨਤੀਜੇ

ਅਧਿਆਪਕਾਂ ਲਈ ਮੁਲਾਂਕਣ

6.1 ਜਾਣ-ਪਹਿਚਾਣ

6.2 ਭਾਰਤ ਦੀਆਂ ਮੁੱਖ-ਨਦੀਆਂ

6.3 ਭਾਰਤ, ਝੀਲਾਂ ਅਤੇ ਨਹਿਰਾਂ ਦਾ ਸੈਰ-ਸਪਾਟਾ

6.4 ਯੂਨਿਟ ਵਿੱਚ ਧਾਰਨਾਵਾਂ

6.5 ਪ੍ਰਯੋਗੀ ਗਤੀਵਿਧੀਆਂ


### 6.0 ਯੂਨਿਟ ਦੀ ਸੰਖੇਪ ਜਾਣਕਾਰੀ ਅਤੇ ਵਰਣਨ

ਇਹ ਅਧਿਆਇ ਨਦੀਆਂ, ਨਹਿਰਾਂ ਅਤੇ ਝੀਲਾਂ ਦੇ ਸੈਰ-ਸਪਾਟਾ ਸਰੋਤ ਨਾਲ ਸੰਬੰਧ ਰੱਖਦਾ ਹੈ।

**ਇਹ ਯੂਨਿਟ ਹੇਠਾਂ ਲਿਖੀ ਜਾਣਕਾਰੀ ਦਿੰਦਾ ਹੈ।**

- ਨਦੀਆਂ, ਨਹਿਰਾਂ ਅਤੇ ਝੀਲਾਂ ਦਾ ਸੈਰ-ਸਪਾਟਾ ਸਰੋਤਾਂ ਵਜੋਂ ਧਾਰਨਾਵਾਂ।
- ਨਦੀਆਂ, ਨਹਿਰਾਂ ਅਤੇ ਝੀਲਾਂ ਦੀ ਸੈਰ-ਸਪਾਟਾ ਸ੍ਰੋਤਾਂ ਵਜੋਂ ਵਿਸ਼ੇਸ਼ਤਾਵਾਂ
- ਨਦੀਆਂ, ਨਹਿਰਾਂ ਅਤੇ ਝੀਲਾਂ ਦੀ ਸੈਰ-ਸਪਾਟਾ ਸ੍ਰੋਤਾਂ ਵਜੋਂ ਕਿਸਮਾਂ।
- ਨਦੀਆਂ, ਨਹਿਰਾਂ ਅਤੇ ਝੀਲਾਂ ਦੀ ਸੈਰ-ਸਪਾਟਾ ਸ੍ਰੋਤਾਂ ਵਜੋਂ ਮਹੱਤਤਾ।
- ਨਦੀਆਂ, ਨਹਿਰਾਂ ਅਤੇ ਝੀਲਾਂ ਦੀ ਸੈਰ-ਸਪਾਟਾ ਉਤਪਾਦਾਂ ਵਜੋਂ ਧਰਾਤਲੀ ਵੰਡ।

**Resource Material:**


1. Enayat Ahmad - Physical Geography, Kalyani Publishers, New Delhi, 2005
2. Majid Husain - Geography of India, Tata McGraw Hill, New Delhi, (2013)
3. Manohar Sajnani - Encyclopedia of Tourism Resources in India, (In two Vol.), Kalpaz Pub. New Delhi, 2001.

## ਸਿੱਖਣ ਦੇ ਨਤੀਜ


| ਯੂਨਿਟ-6<br>ਸੈਰ-ਸਪਾਟੇ ਦੇ ਭੌਤਿਕ ਸ੍ਰੋਤ ਨਦੀਆਂ, ਝੀਲਾਂ ਅਤੇ ਸ਼ਹਿਰਾਂ | ਨਤੀਜੇ<br>ਇਨ੍ਹਾਂ ਸਭ ਯੂਨਿਟਾਂ ਨੂੰ ਪੜ੍ਹਨ ਤੋ ਬਾਅਦ |
|---|---|
| 6.1 ਜਾਣ-ਪਹਿਚਾਣ | ਵਿਦਿਆਰਥੀ ਭਾਰਤ ਦੀਆਂ ਨਦੀਆਂ, ਨਹਿਰਾਂ ਅਤੇ ਝੀਲਾਂ ਦੇ ਸੈਰ-ਸਪਾਟਾ ਸ੍ਰੋਤਾਂ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਦੇ ਯੋਗ ਹੋਣਗੇ। |
| 6.2 ਭਾਰਤ ਦੀਆਂ ਮੁੱਖ ਨਦੀਆਂ | ਵਿਦਿਆਰਥੀ ਭਾਰਤ ਦੀਆਂ ਨਦੀਆਂ ਦੇ ਸਾਹਸਪੂਰਨ ਸੈਰ-ਸਪਾਟੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿਤਰਣ ਅਤੇ ਸਾਹਸਪੂਰਨ ਸੈਰ-ਸਪਾਟੇ ਬਾਰੇ ਸਮਝਣ ਦੇ ਯੋਗ ਹੋਣਗੇ। |
| 6.3 ਭਾਰਤ ਦੇ ਝੀਲਾਂ ਅਤੇ ਨਹਿਰਾਂ ਦਾ ਸੈਰ-ਸਪਾਟਾ | ਵਿਦਿਆਰਥੀ ਮਜੌਲੀ ਦੀਪ ਸਮੂਹ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਸਮਝਣ ਦੇ ਯੋਗ ਹੋਣਗੇ। |
| 6.4 ਭਾਰਤ ਦੇ ਦੀਪ ਸਮੂਹ | ਵਿਦਿਆਰਥੀ ਭਾਰਤ ਦੀਆਂ ਨਹਿਰਾਂ ਅਤੇ ਝੀਲਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦੇ ਸਥਾਨਾਂ ਬਾਰੇ ਸਮਝਣ ਦੇ ਯੋਗ ਹੋਣਗੇ। |

## ਮੁਲਾਂਕਣ ਯੋਜਨਾ: (ਅਧਿਆਪਕਾਂ ਦੇ ਲਈ)

| ਯੂਨਿਟ-6 | ਵਿਸ਼ਾ | ਮੁਲਾਂਕਣ ਤਰੀਕਾ | ਸਮਾਂ-ਸਾਰਨੀ | ਕਥਨ |
|---|---|---|---|---|
| 6.1 | ਜਾਣ-ਪਹਿਚਾਣ | ਪ੍ਰਸ਼ਨ-ਉਤਰ | | |
| 6.2 | ਭਾਰਤ ਦੀਆਂ ਮੁੱਖ ਨਦੀਆਂ | ਪ੍ਰਸ਼ਨ-ਉਤਰ | | |
| 6.3 | ਭਾਰਤ ਦੀਆਂ ਝੀਲਾਂ ਅਤੇ ਨਹਿਰਾਂ ਦਾ ਸੈਰ-ਸਪਾਟਾ | ਪ੍ਰਸ਼ਨ-ਉਤਰ | | |
| 6.4 | ਭਾਰਤ ਦੇ ਹੋਰ ਦੀਪ ਸਮੂਹ | ਪ੍ਰਸ਼ਨ-ਉਤਰ | | |

## 6.1 ਜਾਣ-ਪਹਿਚਾਣ

ਭਾਰਤ ਇੱਕ ਬਾਰਾਂਮਾਹੀ ਅਤੇ ਮੌਸਮੀ ਨਦੀਆਂ ਵਾਲਾ ਪ੍ਰਾਇਦੀਪ ਹੈ।ਇਹ ਨਦੀਆਂ ਸੈਰਸਪਾਟਾ ਲਈ ਜਿਵੇਂ ਮੰਨੋਰੰਜਨ, ਕਿਸ਼ਤੀ ਚਲਾਉਣਾ, ਰਾਫਟਿੰਗ, ਜੋਖਿਮ ਭਰੇ ਅਤੇ ਧਾਰਮਿਕ ਸੈਰ-ਸਪਾਟਾ ਆਦਿ ਲਈ ਵੱਡੇ ਸਰੋਤ ਅਧਾਰ ਹਨ।




ਨਕਸ਼ਾ 6.1 ਭਾਰਤ ਦੀਆਂ ਨਦੀਆਂ

ਕਿਉਂਕਿ ਭਾਰਤ ਵਿੱਚ ਜ਼ਿਆਦਾਤਰ ਤੀਰਥ ਸਥਾਨ ਨਦੀਆਂ ਦੇ ਕਿਨਾਰਿਆਂ ਉੱਤੇ ਸਥਿਤ ਹਨ। ਨਦੀਆਂ ਸੈਲਾਨੀ ਆਵਾਜਾਈ ਅਤੇ ਮੱਛਲੀ ਸੈਰ-ਸਪਾਟਾ ਅਤੇ ਜੀਵ-ਜੰਤੂ ਘਰਾਂ ਆਦਿ ਲਈ ਸਹਾਇਕ ਹੁੰਦੀਆਂ ਹਨ।

**ਸਮੀਖਿਅਕ ਪ੍ਰਸ਼ਨ**

ਨਦੀਆਂ ਕਿਵੇਂ ਭਾਰਤ ਵਿੱਚ ਸੈਰਸਪਾਟਾ ਸਰੋਤਾਂ ਦਾ ਕੰਮ ਕਰਦੀਆਂ ਹਨ ?

## 6.2 ਭਾਰਤ ਦੀਆਂ ਪ੍ਰਮੁੱਖ ਨਦੀਆਂ

ਅਲਕਨੰਦਾ ਨਦੀ, ਅਮਰਾਵਤੀ ਨਦੀ, ਬੇਤਰਾਨੀ ਨਦੀ,ਬਾਨਸ ਨਦੀ, ਬਿਆਸ ਨਦੀ, ਬੇਤਵਾ ਨਦੀ, ਭਗੀਰਥੀ ਨਦੀ, ਭਰਥਪੁਜਹਾ, ਭਾਰਗਵੀ ਨਦੀ, ਭਵਾਨੀ ਨਦੀ, ਭਿਲਾਂਗ ਨਦੀ, ਭੀਮਾ ਨਦੀ, ਭੁਗੋਡਣੀ ਨਦੀ, ਬ੍ਰਹਮਪੁੱਤਰ ਨਦੀ, ਚੰਬਲ ਨਦੀ, ਗੰਗਾ ਨਦੀ, ਘੱਗਰ, ਗੋਦਾਵਰੀ ਨਦੀ, ਹੁਗਲੀ ਨਦੀ, ਇੰਦਸ ਨਦੀ, ਜੇਹਲਮ, ਮਹਾਨਦੀ, ਮਾਹੀ, ਮਨਡੋਵੀ, ਮੀਨਾਚੀਲ, ਮੇਘਣਾ, ਮੁਸੀ, ਨਰਮਦਾ, ਨਾਗਵਾਲੀ, ਰਾਵੀ, ਰੀਹਾਂਡ, ਤਾਪਤੀ, ਸਰੀਯੂ, ਸਰਸਵਤੀ,ਸਾਬਰਮਤੀ, ਸੋਨ,ਸੁਰਣਰੇਖਾ, ਸਤਲੁਜ, ਤੀਸਤਾ, ਤੁਧਾਪੁਜਾ, ਤੁੰਗਭਦਰ, ਯਮੁਨਾ, ਜੁਆਰੀ ਆਦਿ।

### 1. ਭਾਰਤ ਦੀਆਂ ਪ੍ਰਮੁੱਖ ਨਦੀਆਂ ਅਤੇ ਸੈਰਸਪਾਟਾ

### A) ਭਾਰਤ ਦੀ ਨਦੀਆਂ ਦਾ ਸਾਹਸਪੂਰਨ ਸੈਰਸਪਾਟਾ

### (i) ਭਾਰਤੀ ਖੇਤਰਾਂ ਵਿੱਚ ਰਾਫਟਿੰਗ, ਕੈਨੋਇੰਗ ਅਤੇ ਕਾਯਕਿੰਗ

### 1. ਹਿਮਾਲਾ

ਮਸ਼ਹੂਰ ਰਾਫਟਿੰਗ, ਕੈਨੋਇੰਗ ਅਤੇ ਕਾਯਕਿੰਗ ਦੇ ਸਥਾਨ ਜੰਮੂ ਅਤੇ ਕਸ਼ਮੀਰ ਦੇ ਲੱਦਾਖ, ਉਤਰਾਖੰਡ ਦੇ ਗੜ੍ਹਵਾਲ, ਹਿਮਾਚਲ ਦੇ ਬਿਆਸ ਨਦੀ ਅਤੇ ਸਿੱਕਿਮ ਦੀ ਤੀਸਤਾ ਨਦੀ ਵਿੱਚ ਹਨ।

ਸਭ ਤੋਂ ਔਖੀ ਅਤੇ ਰੋਮਾਂਚਕ ਮਾਂਚਿਕ ਚਿੱਟੇ ਪਾਣੀ ਦੀ ਰਾਫਟਿੰਗ ਜਾਂਸਕਰ ਨਦੀ ਉਪਰ ਪੇਡਮ ਅਤੇ ਨਿਮੋ ਖੇਤਰਾਂ ਵਿਚਕਾਰ ਜਾਂਸਕਰ ਪਹਾੜਾਂ ਵਿਚਲੇ ਪਾਣੀ ਦੁਆਰਾ ਉੱਪਲਬਧ ਹੈ। ਇਹ ਨਦੀ ਪ੍ਰਵਾਹ ਕੇਵਲ ਚੰਗੀਆਂ, ਸੰਗਠਿਤ ਝੱਗਦਾਰ ਚਿੱਟੇ ਪਾਣੀ ਦੀਆਂ ਮੁਹਿੰਮਾਂ ਲਈ ਉਪਯੁਕਤ ਹੈ।

### 2. ਗੰਗਾ

ਗੰਗਾ ਨਦੀ ਰਾਫਟਿੰਗ, ਕੈਨੋਇੰਗ ਅਤੇ ਕਾਯਕਿੰਗ ਲਈ ਸਭ ਤੋਂ ਪਸੰਦੀਦਾ ਵਿਕਲਪ ਹੈ। ਉਤਰਾਖੰਡ ਵਿੱਚ ਰਿਸ਼ੀਕੇਸ ਨੇੜੇ ਗੰਗਾ ਝੱਗਦਾਰ ਪਾਣੀ ਦੀ ਰਾਫਟਿੰਗ ਲਈ ਮਸ਼ਹੂਰ ਸਥਾਨ ਹੈ। ਇਹ ਸਾਈਟ ਕੋਡੀਆਲਾਂ ਤੋਂ ਰਿਸ਼ੀਕੇਸ ਤੱਕ ਉਪਲੱਬਧ ਹੈ ਜਿੱਥੇ ਨਦੀ ਦੇ 36 ਕਿ:ਮੀ: ਦੀ ਲੰਬਾਈ ਵਿੱਚ 12 ਮੁੱਖ ਰੈਪਿਡ ਹਨ ਜਿਨ੍ਹਾਂ ਵਿੱਚ ਕੁਝ ਨੂੰ ਅਸਾਨੀ ਨਾਲ ਪਾਰ ਕੀਤਾ ਜਾ ਸਕਦਾ ਹੈ ਅਤੇ ਕੁਝ ਲਈ ਅਨੁਭਵ ਚਾਹੀਦਾ ਹੈ।

### 3. ਹਿਮਾਚਲ ਪ੍ਰਦੇਸ਼

ਹਿਮਾਚਲ ਦੀਆਂ ਬਰਫ ਦੇ ਪਾਣੀ ਨਾਲ ਭਰੀਆਂ ਨਦੀਆਂ ਰਾਫਟਿੰਗ ਲਈ ਬਹੁਤ ਮੌਕੇ ਪ੍ਰਦਾਨ ਕਰਦੀਆਂ ਹਨ। ਲਾਹੌਲ ਵਿੱਚ ਚੰਦਰਬੱਗਾ ਨਦੀ, ਸ਼ਿਮਲਾ ਵਿੱਚ ਸਤਲੁਜ, ਚੰਬਾ ਵਿੱਚ ਰਾਵੀ ਅਤੇ ਕੁੱਲੂ ਵਿੱਚ ਬਿਆਸ ਝੱਗਦਾਰ ਪਾਣੀ ਦੀ ਰਾਫਟਿੰਗ ਦੀ ਸਹੂਲਤ ਪ੍ਰਦਾਨ ਕਰਨਯੋਗ ਹਨ। ਨਦੀ ਦੀ ਯਾਤਰਾ (ਸੈਰ) ਦੇ ਮੌਕੇ ਬਿਆਸ ਨਦੀ ਵਿੱਚ ਸ਼ਾਮਸੀ ਅਤੇ ਔਟ ਵਿਚਕਾਰ ਮਿਲਦੇ ਹਨ। ਇਸ 20 ਕਿ:ਮੀ: ਲੰਬਾਈ ਵਿੱਚ ਰੌਂਗਟੇ ਖੜੇ ਕਰਨ ਵਾਲਾ ਅਤੇ ਬਹੁਤ ਤੇਜ ਝੱਗਦਾਰ ਪਾਣੀ ਹੈ।

### 4. ਤੀਸਤਾ ਨਦੀ

ਸਿੱਕਿਮ ਦੀ ਤੀਸਤਾ ਨਦੀ ਪੂਰਬੀ ਹਿਮਾਲਾ ਖੇਤਰ ਵਿੱਚ ਰਾਫਟਰਾਂ ਲਈ ਮੌਕੇ ਪ੍ਰਦਾਨ ਕਰਦੀ ਹੈ ਤੀਸਤਾ ਵਿੱਚ ਸਮੇਂ ਸਮੇਂ ਤੇ ਵੱਖ-ਵੱਖ ਤੀਬਰਤਾ ਵਾਲਾ ਘੁਮਾਵਦਾਰ ਤੇਜ਼ ਝੱਗਦਾਰ ਪਾਣੀ ਹੁੰਦਾ ਹੈ। ਇਹ ਝੱਗਦਾਰ ਪਾਣੀ ਜਦੋਂ ਸਖਤ ਅਤੇ ਖੁਰਦਰੀਆਂ ਚਟਾਨਾਂ ਵਿੱਚ ਉੱਪਰ ਨੀਚੇ ਨੂੰ ਹੁੰਦਾ ਹੈ ਤਾਂ ਕੁਦਰਤ ਅਤੇ ਸਾਹਸ ਦਾ ਸੁਮੇਲ ਪ੍ਰਦਾਨ ਕਰਦਾ ਹੈ।

### 5. ਬ੍ਰਹਮਪੁੱਤਰ ਨਦੀ

ਬ੍ਰਹਮਪੁੱਤਰ ਤਿੱਬਤ ਸੁੰਦਰ ਸਿਖਰਤਾ ਤੋਂ ਹੇਠਾਂ ਨੂੰ ਵਹਿੰਦਾ ਹੋਇਆ ਉੱਤਰ ਪੂਰਬੀ ਰਾਜ ਅਰੁਣਾਂਚਲ ਪ੍ਰਦੇਸ਼ ਚੋਂ ਲੰਘਦਾ ਹੈ ਜੋ ਕਿ ਰਾਫਟਰਾਂ ਲਈ ਇੱਕ ਰੋਮਾਂਚਕ ਅਨੁਭਵ ਹੁੰਦਾ ਹੈ। ਇਹ ਖੇਤਰ ਕੈਨੋਇੰਗ ਅਤੇ ਕਾਯਕਿੰਗ ਲਈ ਸਭ ਤੋਂ ਉਪਯੁਕਤ ਸਥਾਨ ਹੈ।

### ii ) ਭਾਰਤ ਵਿੱਚ ਰਾਫਟਿੰਗ, ਕੈਨੋਇੰਗ ਅਤੇ ਕਾਯਕਿੰਗ ਦੇ ਪ੍ਰਮੁੱਖ ਸਥਾਨ

ਤੀਸਤਾ ਨਦੀ (ਸਿੱਕਿਮ), ਬਿਆਸ ਨਦੀ (ਹਿਮਾਚਲ ਪ੍ਰਦੇਸ਼), ਗੰਗਾ ਨਦੀ (ਗੜਵਾਲ ਉਤਰਾਖੰਡ), ਗੰਗੋਤਰੀ (ਗੜਵਾਲ ਹਿਮਾਲਾ, ਉਤਰਖੰਡ), ਪੈਰਾਡਾਈਜ਼ ਝੀਲ (ਨੈਨੀਤਾਲ ਉੱਤਰਾਖੰਡ), ਅਸਾਨ ਬੈਰੇਜ਼ (ਉਤਰਾਖੰਡ), ਕੁਡੀਆਲਾ ਰਾਫਟਜ਼ ਕਲੱਬ (ਉੱਤਰਾਖੰਡ), ਸਤਲੁਜ ਨਦੀ (ਸ਼ਿਮਲਾ, ਹਿਮਾਚਲ ਪ੍ਰਦੇਸ਼), ਰਾਵੀ, ਚੰਬਾ (ਹਿਮਾਚਲ ਪ੍ਰਦੇਸ਼), ਚੰਦਰਾ, ਲਾਹੁਲ (ਹਿਮਾਚਲ ਪ੍ਰਦੇਸ਼), ਭਲੁਕਪੁੰਗ (ਅਸਾਮ), ਮਰਸੇਰਾ (ਕੁਰਗ, ਕਰਨਾਟਕ), ਮੁਨਾਰ (ਕੇਰਲ), ਦੰਦੇਲੀ (ਕਾਲੀ ਨਦੀ ਕਰਨਾਟਕ), ਧਰਮਪੁਰੀ (ਤਾਮਿਲਨਾਡੂ), ਕੁੰਡਾਲੀਕਾ (ਮਹਾਂਰਾਸ਼ਟਰਾ), ਕੋਨਾਸੀਮਾ (ਆਂਧਰਪ੍ਰਦੇਸ਼) ਅਤੇ ਗੋਆ ਆਦਿ।

### B) ਭਾਰਤ ਵਿੱਚ ਸੈਲਾਨੀਆਂ ਲਈ ਪਵਿੱਤਰ ਨਦੀਆਂ:


ਭਾਰਤ ਦੀਆਂ ਵੱਖ-2 ਵਿਸ਼ੇਸ਼ਤਾਵਾਂ ਵਿੱਚ ਇਸ ਦੀਆਂ ਨਦੀਆਂ ਹਨ, ਜੋ ਕਿ ਧਾਰਮਿਕ ਅਤੇ ਤੀਰਥ ਯਾਤਰਾ ਸਬੰਧੀ ਸੈਰਸਪਾਟੇ ਲਈ ਧਾਰਮਿਕ ਮਹੱਤਤਾ ਰੱਖਦੀਆਂ ਹਨ। ਸੱਭਿਆਚਾਰਕ ਅਤੇ ਧਾਰਮਿਕ ਪ੍ਰਗਤੀ ਵਿੱਚ ਖਾਸ ਵਿਸ਼ੇਸ਼ਤਾ ਰੱਖਦੀਆਂ ਹੋਈਆਂ , ਭਾਰਤ ਦੀਆਂ ਨਦੀਆਂ ਬਹੁਤ ਲਾਭਦਾਇਕ ਹਨ। ਭਾਰਤ ਵਿੱਚ ਹਿੰਦੂ ਲੋਕਾਂ ਦੁਆਰਾ ਨਦੀਆਂ ਨੂੰ ਦੇਵੀ ਦੇਵਤਿਆਂ ਵਜੋਂ ਪੂਜਿਆ ਜਾਂਦਾ ਹੈ। ਇਹ ਸੈਲਾਨੀਆਂ ਲਈ ਭਾਰਤ ਦੇ ਇਤਿਹਾਸਿਕ, ਸੱਭਿਆਚਾਰ ਅਤੇ ਪੁਰਾਤਨ ਪੱਖਾਂ ਤੋਂ ਇੱਕ ਅਦਭੁਤ ਝਾਕੀ ਪੇਸ਼ ਕਰਦੀਆਂ ਹਨ। ਭਾਰਤ ਵਿੱਚ ਕੁਝ ਪਵਿੱਤਰ ਨਦੀਆਂ ਗੰਗਾ, ਯਮੁਨਾ, ਕ੍ਰਿਸ਼ਨਾ, ਗੋਦਾਵਰੀ, ਨਰਮਦਾ, ਸਰਯੂ ਅਤੇ ਕਾਵੇਰੀ ਆਦਿ।

### 1. ਗੰਗਾ ਨਦੀ :

ਗੰਗਾ ਗੰਗੋਤਰੀ ਗਲੇਸ਼ੀਅਰ ਤੋਂ ਨਿਕਲਦੀ ਹੈ ਜੋ ਕਿ ਪੱਛਮੀ ਹਿਮਾਲਾ ਵਿੱਚ ਸਥਿਤ ਹੈ।



ਇੱਕ ਨਦੀ



ਡੱਲ ਝੀਲ, ਕਸ਼ਮੀਰ



ਹੈਰੀਟੇਜ਼ ਸਾਈਟ:ਤਾਜ ਮਹਿਲ, ਆਗਰਾ




ਖਿਜਾਦੀਆ ਬਰਡ ਸੈਂਚਰੀ, ਗੁਜਰਾਤ



ਹੈਰੀਟੇਜ਼ ਸਾਈਟ: ਲਾਲ ਕਿੱਲ੍ਹਾ ਦਿੱਲੀ



ਨੰਦਨਕਨੰਨ ਜੀਵ-ਜ਼ੰਤੂ ਘਰ, ਉਡੀਸਾ



ਹੈਮਪੀ: ਭੁੰਗਭਦਰਾ ਨਦੀ ਦੇ ਕਿਨਾਰੇ ਤੇ ਸਥਿਤ



ਨਦੀ ਦਾ ਤੇਜ਼ ਵਹਾਅ



ਇੱਕ ਸ਼ਿਕਾਰਾ



ਰਿਵਰ ਰਾਫਟਿੰਗ



ਇੱਕ ਨਹਿਰ



ਨਦੀ ਇੱਕ ਆਵਾਜਾਈ ਸਾਧਨ ਵਜੋਂ

ਹਿੰਦੂ ਮਾਨਤਾ ਅਨੁਸਾਰ ਗੰਗਾ ਵਿੱਚ ਡੁਬਕੀ ਲਗਾਉਣ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਅਲਾਹਾਬਾਦ ਵਿੱਚ ਸੰਗਮ ਅਤੇ ਬਨਾਰਸ ਘਾਟ ਗੰਗਾ ਦੇ ਦੋ ਮੁੱਖ-ਉਪਹਾਰ ਹਨ। ਮਹੁੰਮਦ-ਬਿਨ-ਤੁਗਲਗ ਅਤੇ ਸਮਰਾਟ ਅਕਬਰ ਗੰਗਾ ਦਾ ਪਾਣੀ ਪੀਂਦੇ ਸਨ।

### 2) ਯਮੁਨਾ ਨਦੀ

ਯਮੁਨਾ ਪੱਛਮੀ ਹਿਮਾਲਾ ਵਿੱਚ ਸਥਿਤ ਯਮਨੋਤਰੀ ਗਲੇਸ਼ੀਅਰ ਤੋਂ ਨਿਕਲਦੀ ਹੈ। ਯਮੁਨਾ ਯਮਨੋਤਰੀ ਗਲੇਸ਼ੀਅਰ ਤੋਂ ਪੱਛਮੀ ਹਿਮਾਲਾ ਵਿੱਚ ਉਤਪੰਨ ਹੁੰਦੀ ਹੈ। ਇਹ ਗੰਗਾ ਦੇ ਸਮਾਨ ਹੀ ਹਿੰਦੂਆਂ ਲਈ ਪਵਿੱਤਰ ਨਦੀ ਹੈ।

### 3) ਸਰਯੂ ਨਦੀ

ਸਰਯੂ ਨਦੀ ਉੱਤਰ ਪ੍ਰਦੇਸ਼ ਵਿੱਚ ਵਹਿੰਦੀ ਹੈ। ਇਸ ਦਾ ਜ਼ਿਕਰ ਵੇਦਾਂ ਅਤੇ ਰਮਾਇਣ ਵਿੱਚ ਹੋਣ ਕਰਕੇ ਇਸਦੀ ਪੌਰਾਣਿਕ ਮਹੱਤਤਾ ਵੀ ਹੈ। ਸਰਯੂ ਕਰਨਾਲੀ (ਜਾਂ ਘੱਗਰ  ਅਤੇ ਮਹਾਕਾਲੀ (ਜਾਂ ਸ਼ਾਰਦਾ) ਦੇ ਸੰਗਮ ਉੱਤੇ ਬਹਰੈਚ ਜਿਲ੍ਹੇ ਵਿੱਚ ਉਤਪੰਨ ਹੁੰਦੀ ਹੈ। ਮਹਾਕਾਲੀ ਜਾਂ ਸ਼ਾਰਦਾ ਭਾਰਤ ਨੇਪਾਲ ਦੀ ਸਰਹੱਦ ਹੈ। ਅਯੁੱਧਿਆ ਸਰਯੂ ਨਦੀ ਦੇ ਕਿਨਾਰੇ ਉੱਤੇ ਸਥਿਤ ਹੈ। ਰਾਮ ਨੌਮੀ ਦੇ ਮੌਕੇ ਉੱਤੇ ਅਯੁੱਧਿਆ ਵਿੱਚ ਸਰਯੂ ਨਦੀ ਵਿੱਚ ਹਜ਼ਾਰਾਂ ਲੋਕ ਇਸ਼ਨਾਨ ਕਰਦੇ ਹਨ।

### 4) ਗੋਦਾਵਰੀ ਨਦੀ

ਗੋਦਾਵਰੀ ਨਦੀ ਮਹਾਂਰਾਸ਼ਟਰ ਵਿੱਚ ਨਾਸਿਕ ਜਿਲ੍ਹੇ ਵਿੱਚ ਤਿਰੰਬਕ ਦੇ ਨਜ਼ਦੀਕ ਚੋਂ ਉਤਪੰਨ ਹੁੰਦੀ ਹੈ। ਗੰਗਾ ਅਤੇ ਯਮੁਨਾ ਤੋਂ ਇਲਾਵਾ, ਗੋਦਾਵਰੀ ਦੀ ਵੀ ਭਾਰਤ ਵਿੱਚ ਖਾਸ ਧਾਰਮਿਕ ਮਹੱਤਤਾ ਹੈ।

### 5) ਕਾਵੇਰੀ ਨਦੀ

ਕਾਵੇਰੀ ਨਦੀ ਬ੍ਰਹਮ ਗਿਰੀ ਪਹਾੜੀਆਂ ਵਿੱਚ ਕੋਡੇਗੁ ਨਾਂ ਦੀ ਥਾਂ ਜਿਸਨੂੰ ਤਾਲਕਾਵੇਰੀ (ਕਾਵੇਰੀ ਦਾ ਮੁੱਖ) ਕਹਿੰਦੇ ਹਨ ਦੇ ਸਥਾਨ ਤੇ ਉਤਪੰਨ ਹੁੰਦੀ ਹੈ। ਕਾਵੇਰੀ ਨਦੀ ਵੱਡੀ ਮਾਤਰਾ ਵਿੱਚ ਜੰਗਲੀ ਜੀਵ ਜੰਤੂਆਂ ਨੂੰ ਆਸਰਾ ਦਿੰਦੀ ਹੈ। ਲੱਖਾਂ ਲੋਕ ਖਾਸ ਕਰਕੇ ਕਬਾਇਲੀ ਲੋਕ ਦੱਖਣ ਭਾਰਤ ਵਿੱਚ ਇਸਦੇ ਪਾਣੀ ਉਪਰ ਨਿਰਭਰ ਕਰਦੇ ਹਨ।

### 6) ਕ੍ਰਿਸ਼ਨਾ ਨਦੀ

ਕ੍ਰਿਸ਼ਨਾ ਨਦੀ ਮੱਧ ਭਾਰਤ ਦੇ ਮਹਾਂਰਾਸ਼ਟਰ ਰਾਜ ਦੇ 1300 ਮੀਟਰ ਦੀ ਉਚਾਈ ਤੇ ਸਥਿਤ ਮਹਾਂਬਲੇਸ਼ਵਰ ਨੇੜੇ ਪੱਛਮੀ ਘਾਟ ਵਿੱਚ ਉਤਪੰਨ ਹੁੰਦੀ ਹੈ। ਇਹ ਭਾਰਤ ਦੀ ਸਭ ਤੋਂ ਲੰਬੀ ਨਦੀ ਹੈ।

### 7) ਨਰਮਦਾ ਨਦੀ

ਇਹ ਅਮਰਕੰਟਕ ਤੋਂ ਨਿਕਲਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਨਰਮਦਾ ਨਦੀ ਭਗਵਾਨ ਸ਼ਿਵ ਦੇ ਆਦੇਸ਼ ਉੱਤੇ ਅਸਮਾਨ ਵਿੱਚੋਂ ਨਿਕਲਦੀ ਹੈ। ਕੁਝ ਕਹਿੰਦੇ ਹਨ ਕਿ ਨਰਮਦਾ ਨਦੀ ਭਗਵਾਨ ਸ਼ਿਵ ਦੇ ਸ਼ਰੀਰ ਤੋਂ ਨਿਕਲਦੀ ਹੈ, ਜਦੋਂ ਉਹ ਤਾਂਡਵ (ਭਗਵਾਨ ਸ਼ਿਵ ਦਾ ਲੌਕਿਕ ਨਾਚ) ਕਰਦੇ ਹਨ।

### 8) ਤਾਪੀ ਨਦੀ

ਇਹ ਭਾਰਤ ਦੀਆਂ ਪ੍ਰਮੁੱਖ ਨਦੀਆਂ ਵਿੱਚੋਂ ਇੱਕ ਹੈ। ਇਸ ਨਦੀ ਨੂੰ ਤਾਪਤੀ, ਤਾਪੀ ਨਾਮਾਂ ਨਾਲ ਵੀ ਜਾਣਿਆ ਜਾਂਦਾ ਹੈ। ਸਿੱਖਿਆ ਸ਼ਾਸਤਰੀਆਂ ਅਨੁਸਾਰ ਤਾਪੀ ਨਦੀ ਨੂੰ ਤਾਪਤੀ ਵੀ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ- ਸੂਰਜ ਦੇਵਤਾ ਦੀ ਪੁੱਤਰੀ।

## C. ਸੈਲਾਨੀਆਂ ਲਈ ਨਦੀਆਂ ਆਵਾਜਾਈ ਸਹੂਲੀਅਤ ਪੱਖੋਂ:

ਭਾਰਤ ਵਿੱਚ ਤਕਰੀਬਨ 14,500ਕਿ:ਮੀ ਆਵਾਜਾਈ ਯੋਗ ਨਦੀਆਂ ਹਨ, ਜਿਨ੍ਹਾਂ ਵਿੱਚ ਗੰਗਾ-ਭਗੀਰਥੀ-ਹੁਗਲੀ ਨਦੀ, ਬ੍ਰਹਮਪੁੱਤਰ, ਬਾਰਾਕ ਨਦੀ, ਗੋਆ ਦੀਆਂ ਨਦੀਆਂ, ਕੇਰਲ ਦੇ ਬੈਕਟਾਵਰ, ਮੁੰਬਈ ਦੇ ਇਨਲੈਂਡ ਪਾਣੀ ਅਤੇ ਗੋਦਾਵਰੀ-ਕ੍ਰਿਸ਼ਨਾਂ ਨਦੀ ਦੇ ਡੈਲਟਾ ਖੇਤਰ। ਵੱਡੀ ਗਿਣਤੀ ਵਿੱਚ ਸੈਲਾਨੀ ਹਰ ਸਾਲ ਇਨ੍ਹਾਂ ਵਾਟਰ ਵੇਅ ਵਿੱਚ ਕਿਸ਼ਤੀਆਂ ਅਤੇ ਹੋਰ ਆਧੁਨਿਕ ਤਕਨੀਕ ਵਾਲੀਆਂ ਕਿਸ਼ਤੀਆਂ ਦੁਆਰਾ ਆਵਾਜਾਈ ਕਰਦੇ ਹਨ।

- **ਰਾਸ਼ਟਰੀ ਜਲਮਾਰਗ**:1620 ਕਿ:ਮੀ ਦੀ ਕੁੱਲ ਲੰਬਾਈ ਵਾਲਾ ਗੰਗਾ ਭਗੀਰਥੀ-ਹੁਗਲੀ ਨਦੀ ਦਾ ਅਲਾਹਾਬਾਦ ਹਲਦੀਆ ਖੇਤਰ।

- **ਰਾਸ਼ਟਰੀ ਜਲਮਾਰਗ**-2:891ਕਿ:ਮੀ ਦੀ ਕੁੱਲ ਲੰਬਾਈ ਵਾਲਾ ਬ੍ਰਹਮਪੁੱਤਰ ਨਦੀਆਂ ਦਾ ਸੈਦੀਆਂ-ਧੁਬਰ ਖੇਤਰ।

- **ਰਾਸ਼ਟਰੀ-ਜਲਮਾਰਗ**-3:205ਕਿ:ਮੀ: ਦੀ ਲੰਬਾਈ ਵਾਲਾ ਪੱਛਮੀ ਤਟ ਨਹਿਰ ਅਤੇ ਚੰਪਕਾਰ ਉਦਯੋਗ ਮੰਡਲ ਨਹਿਰ ਦਾ ਕੋਲਾਮ-ਕੋਟਾਪੁੰਰਮ ਖੇਤਰ

- **ਰਾਸ਼ਟਰੀ-ਜਲਮਾਰਗ**-4:ਨਹਿਰਾਂ ਅਤੇ ਕਾਲੁਵੇਲੀ ਟੈਂਕ ਦਾ ਕਾਕੀਨਾਡਾ ਪੌਂਡੀਚੇਰੀ ਖੇਤਰ, ਗੋਦਾਵਰੀ ਨਦੀ ਦਾ ਭਦਰਾਚਲਮ -ਰਾਜਾਹਮੁੰਦਰੀ ਖੇਤਰ ਅਤੇ ਕ੍ਰਿਸ਼ਨਾ ਨਦੀ ਦਾ ਵਜੀਰਾਬਾਦ-ਵਿਜੈਵਾੜਾ ਖੇਤਰ 1095 ਕਿ:ਮੀ ਲੰਬਾਈ।

- **ਰਾਸ਼ਟਰੀ-ਜਲਮਾਰਗ**-5: ਨਦੀਆਂ ਦਾ ਤਾਲਾਚਰ-ਧਮਰਾ ਖੇਤਰ ਪੂਰਬੀ ਤੱਟ ਨਹਿਰ ਦਾ ਜਿਉਨਖਲੀ-ਚਾਰਬਾਤੀਆ ਖੇਤਰ ਮਤਾਈ ਨਦੀ ਅਤੇ ਮਹਾਨਦੀ ਡੈਲਟਾ ਦਾ ਚਾਰਬਤੀਆ ਧਮਰਾ ਖੇਤਰ ਕੁੱਲ ਲੰਬਾਈ 620 ਕਿ:ਮੀ।

## D.ਜੰਗਲੀ ਪ੍ਰਾਣੀ ਘਰ ਅਤੇ ਰਾਸ਼ਟਰੀ ਪਾਰਕਾਂ ਲਈ ਸਹੂਲਤ ਵਜੋਂ ਨਦੀਆਂ:

### ਭਾਰਤ ਵਿੱਚ ਨਦੀਆਂ ਦੇ ਕਿਨਾਰਿਆਂ ਤੇ ਸਥਿਤ ਪ੍ਰਮੁੱਖ ਜੀਵ-ਜੰਤੂ

### 1. ਰਾਮਪੁਰਾ ਜੰਗਲੀ ਜੀਵ

ਜੰਤੂ ਰੱਖ: ਰਾਮਪਰਾ ਜੰਗਲੀ ਜੀਵ-ਜੰਤੂ ਰੱਖ ਰਾਜਕੋਟ ਹਵਾਈ ਅੱਡੇ ਤੋਂ 47 ਕਿ:ਮੀ ਦੀ ਦੂਰੀ ਤੇ ਸਥਿਤ ਇੱਕ ਸੰਘਣੀ ਜੰਗਲ ਭੂਮੀ ਹੈ। ਇੱਥੇ ਪੌਦਿਆਂ ਦੀਆਂ 280 ਪ੍ਰਜਾਤੀਆਂ, ਪੰਛੀਆਂ ਦੀਆਂ 130 ਪ੍ਰਜਾਤੀਆਂ, ਦੁਧਾਰੂ ਜਾਨਵਰਾਂ ਦੀਆਂ 20 ਪ੍ਰਜਾਤੀਆਂ ਅਤੇ ਜਲਥਲੀ ਅਤੇ ਗੰਢਵਿਹੀਨ ਦੀਆਂ ਅਨੇਕ ਪ੍ਰਜਾਤੀਆਂ ਮੌਜੂਦ ਹਨ। ਇੱਥੇ ਮਿਲਣ ਵਾਲੀਆਂ ਪ੍ਰਮੁੱਖ ਜੰਗਲੀ ਪ੍ਰਜਾਤੀਆਂ ਵਿੱਚ ਨੀਲਗਊ, ਚਿੰਕਾਰਾ, ਲੂੰਬੜੀ ਅਤੇ ਬਘਿਆੜ ਹਨ।

### 2.ਖਿਜਾੜੀਆਂ ਪੰਛੀ ਰੱਖ

ਖਿਜਾੜੀਆਂ ਜਾਮਨਗਰ ਦੇ ਉੱਤਰ-ਪੂਰਬ ਵਿੱਚ 10 ਕਿ:ਮੀ ਦੀ ਦੂਰੀ ਤੇ ਸਥਿਤ ਹੈ। ਇਹ ਮੌਸਮੀ ਤਾਜੇ ਪਾਣੀ ਦੀ ਝੀਲ, ਇੰਟਰ ਟਾਈਲਡ ਮਡਫਲੈਟ, ਕਰੀਕਸ, ਸਾਲਟਪੈਨ, ਖਾਰੀ ਧਰਤੀ ਅਤੇ ਮੈਂਗਰੂਵ ਦੇ ਮਿਸ਼ਰਣ ਨੂੰ ਦਰਸਾਉਂਦਾ ਹੈ। ਇਸ ਥਾਂ ਨੂੰ ਗਰ੍ਰੇਟ ਕਰੈਸਟਿਡ ਗਰੀਬੇ ਦਾ ਪ੍ਰਜਨਣ ਗਰਾਊਂਡ ਵੀ ਕਹਿੰਦੇ ਹਨ। ਇਸ ਤੋਂ ਇਲਾਵਾ ਛੋਟਾ ਗਰੀਬੇ, ਬੈਂਗਨੀ ਮੁਰਹੇਨ, ਕਾਲੇ ਪੰਖਾਂ ਵਾਲਾ ਸਟਲਿਟ ਅਤੇ ਫਾਲਕੋਲ ਵੀ ਵੇਖੇ ਜਾ ਸਕਦੇ ਹਨ। ਸੈਂਚਰੀ ਕਈ ਪ੍ਰਵਾਸੀ ਪੰਛੀ ਜਿਵੇਂ ਸਵੈਲੋ, ਮਾਰਟਿਨ, ਵੈਗਟੇਲ ਅਤੇ ਵੱਖ-ਵੱਖ ਵਾਟਰਫਾਉਲ ਨੂੰ ਵੀ ਸਹਾਰਾ ਦਿੰਦੀ ਹੈ।

### 3. ਗਿਰ ਜੰਗਲ ਰਾਸ਼ਟਰੀ ਪਾਰਕ

ਗਿਰ ਰਾਸ਼ਟਰੀ ਪਾਰਕ ਅਤੇ ਜੰਗਲੀ ਪ੍ਰਾਣੀ ਰੱਖ ਨੂੰ ਸਾਸਨ-ਗਿਰ ਵੀ ਕਹਿੰਦੇ ਹਨ, ਗੁਜਰਾਤ (ਭਾਰਤ) ਵਿੱਚ ਇੱਕ ਜੰਗਲ ਅਤੇ ਜੰਗਲੀ ਪ੍ਰਾਣੀ ਰੱਖ ਵੀ ਹੈ।1965 ਵਿੱਚ ਸਥਾਪਿਤ ਇਹ ਪਾਰਕ ਜੁਨਾਗੜ੍ਹ ਤੋਂ ਦੱਖਣ-ਪੂਰਬ ਵਿੱਚ 65 ਕਿ:ਮੀ ਦੀ ਦੂਰੀ ਤੇ ਸਥਿੱਤ ਹੈ। ਇਹ ਅਸਲੀ ਏਸ਼ੀਆਈ ਸ਼ੇਰਾ ਦਾ ਘਰ ਹੈ ਅਤੇ ਇਸ ਨੂੰ ਏਸ਼ੀਆ ਦਾ ਸਭ ਤੋਂ ਸੁਰੱਖਿਅਤ ਖੇਤਰ ਮੰਨਿਆ ਜਾਂਦਾ ਹੈ।

### 4. ਜੰਗਲੀ ਗਧਾ ਰੱਖ

ਇਹ ਗੁਜਰਾਤ ਦੇ ਰਨ ਆੱਫ ਕੱਛ ਖੇਤਰ ਵਿੱਚ ਸਥਿਤ ਹੈ1972 ਵਿੱਚ ਸਥਾਪਿਤ ਕੀਤਾ ਗਿਆ ਅਤੇ ਇਹ 1973 ਦੇ ਜੰਗਲੀ ਪ੍ਰਾਣੀ ਸੁਰੱਖਿਆ ਐਕਟ ਦੇ ਅਧੀਨ ਆਉਂਦਾ ਹੈ। ਇਸ ਨੂੰ ਭਾਰਤੀ ਜੰਗਲੀ ਗਧਾ ਸੈਂਚਰੀ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਹ 4953 ਵਰਗ ਕਿ:ਮੀ ਦੇ ਖੇਤਰ ਵਿੱਚ ਫੈਲੀ ਹੋਈ ਹੈ।

### 5. ਨੰਦਨਕਾਨਨ ਚਿੜੀਆ-ਘਰ

ਇਹ ਭੁਵਨੇਸ਼ਵਰ ਤੋਂ ਬਾਹਰ 15 ਕਿ:ਮੀ ਦੂਰ ਹੈ ਅਤੇ ਇੱਥੇ ਜਾਨਵਰਾਂ ਦੀਆਂ ਕੁੱਝ ਦੁਰਲੱਭ ਪ੍ਰਜਾਤੀਆਂ ਹਨ। ਇਹਖਾਸ ਕਰਕੇ ਚਿੱਟੇ ਸ਼ੇਰਾਂ ਲਈ ਮਸ਼ਹੂਰ ਹਨ। ਅਚਾਰਯ ਵਿਹਾਰ ਚੌਂਕ ਤੋਂ ਵੱਡੀ ਗਿਣਤੀ ਵਿੱਚ ਬੱਸਾਂ ਚਲਦੀਆਂ ਹਨ। ਰਿਕਸ਼ਾ ਜਾਂ ਆਟੋ ਵੀ ਲਿਆ ਜਾ ਸਕਦਾ ਹੈ। ਅੰਦਰ ਇੱਕ ਝੀਲ ਵੀ ਹੈ ਜਿਸ ਵਿੱਚ ਕਿਸ਼ਤੀ ਵਿਹਾਰ ਕੀਤਾ ਜਾ ਸਕਦਾ ਹੈ, ਅੰਦਰ ਇੱਕ ਬਨਸਪਤੀ ਬਾਗ ਵੀ ਹੈ।

### 6. ਲਾਖਾਰੀ ਘਾਟੀ ਸੈਂਚਰੀ

ਇਹ ਓਡੀਸ਼ਾ ਦੇ ਗੰਜਾਮ ਜਿਲ੍ਹੇ ਦੀ ਲਾਖਾਰੀ ਘਾਟੀ ਵਿੱਚ ਸਥਿਤ ਹੈ। ਇਹ ਬੇਰਹਮਪੁਰ ਤੋਂ 60 ਕਿ:ਮੀ ਦੂਰ ਹੈ। ਇਹ 185 ਵਰਗ ਕਿ:ਮੀ ਦੇ ਖੇਤਰ ਵਿੱਚ ਫੈਲਿਆ ਹੈ, ਇੱਥੇ ਉਸ਼ਣਕਟਿਬੰਧ ਜੰਗਲ, ਪਹਾੜੀਆਂ, ਵਾਦੀਆਂ,ਬਾਰਹਾਮਾਹੀ ਪਾਣੀ ਦੇ ਸ੍ਰੋਤ ਵੀ ਹਨ। ਇੱਥੇ ਹਾਥੀ ਅਤੇ ਕਾਲਾ ਨਰ ਖਰਗੋਸ਼ ਨਿਵਾਸ ਕਰਦੇ ਹਨ। ਇਸ ਤੋਂ ਇਲਾਵਾ ਤੇਂਦੁਆ, ਸ਼ੇਰ, ਮੋਰ ਅਤੇ ਉਸ਼ਣਕਟਿਬੰਧ ਜੰਗਲਾਂ ਦੇ ਜੀਵ ਵੀ ਇੱਥੇ ਮਿਲਦੇ ਹਨ। ਇਹ ਸੈਂਚਰੀ ਦੇ ਨਜ਼ਦੀਕ ਹੀ ਹੈ ਮੇਂਹਦਰਗਿਰੀ ਪਹਾੜੀ, ਜਿੱਥੇ ਫੁੱਲਾਂ ਅਤੇ ਔਸ਼ਧੀਵਰਧਕ ਪੌਦਿਆਂ ਦੀ ਬਹੁਤਾਤ ਹੈ।

### 7. ਭਿਤਰਕਨਿਕਾ ਜੰਗਲੀ ਜੀਵ-ਜੰਤੂ ਰੱਖ

650 ਵਰਗ ਕਿ:ਮੀ ਵਿੱਚ ਫੈਲੀ ਹੋਈ ਭਿਤਰਕਨਿਕਾ ਰੱਖ ਸਮੁੰਦਰੀ ਬਨਸਪਤੀ ਅਤੇ ਖਾਰਾਪਨ ਸਹਿਣ ਕਰਨ ਵਾਲੇ ਦਰਖਤ, ਨਦੀਆਂ ਏਸਚੁਏਰੀ, ਮਡਫਲੈਟ, ਕਰੀਕ ਅਤੇ ਬੈਕਵਾਟਰ ਕਾਰਨ ਇੱਕ ਖਾਸ ਰੁਤਬਾ ਰੱਖਦੀ ਹੈ।ਪੂਰੇ ਏਸ਼ੀਆ ਵਿੱਚ ਇੱਕੋਂ ਤਰ੍ਹਾਂ ਦੀ ਇਹ ਰੱਖ ਏਸਚੁਏਰੀਅਨ ਮਗਰਮੱਛਾਂ ਲਈ ਮਸ਼ਹੂਰ ਹੈ।

## 8. ਹਿਮਾਲਿਆ ਜ਼ੂ (ਹਿਮਾਲਿਅਨ ਚਿੜਿਆ ਘਰ)

ਇਹ ਰੱਖ ਸੰਘਣੇ ਮੈਂਗਰੂਵ ਜੰਗਲ ਵਾਲੀ ਵੈੱਟ ਲੈਂਡ ਭੂਮੀ ਹੈ। ਇਹ ਰੱਖ ਮੱਧ ਏਸ਼ੀਆ ਅਤੇ ਯੂਰਪ ਤੋਂ ਸਰਦੀਆਂ ਵਿੱਚ ਆਉਣ ਵਾਲੇ ਸੁੰਦਰ ਪ੍ਰਵਾਸੀ ਪੰਛੀਆਂ ਦਾ ਟਿਕਾਣਾ ਹੈ। ਐਵਰੈਸਟ ਮਿਊਜ਼ੀਅਮ ਅਤੇ ਪਰਬਤਾਰੋਹਨ ਮਿਊਜ਼ੀਅਮ ਵਿੱਚ ਹਿਮਾਲਿਆ ਪਰਵਤਾਰੋਹਨ ਇੰਸਟੀਚਿਊਟ ਜ਼ੂ ਚਿੜੀਆ ਘਰ ਦੁਆਰਾ ਹੀ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਜ਼ੂ ਚਿੜੀਆ ਘਰ ਅਤੇ ਦੋਵੇਂ ਮਿਊਜ਼ੀਅਮ ਹਿਮਾਲਿਆ ਮਾਊਂਟ ਟ੍ਰੇਨਿੰਗ ਇੰਸਟੀਚਿਊਟ ਦੁਆਰਾ ਚਲਾਏ ਜਾਂਦੇ ਹਨ। ਜਿਹੜਾ ਕਿ ਪਰਬਤ ਰੋਹੀਆਂ ਨੂੰ ਸਿਖਲਾਈ ਦਿੰਦਾ ਹੈ। ਪਰਬਤਾਰੋਹਨ ਮਿਊਜ਼ੀਅਮ ਵਿੱਚ ਪਰਬਤਾਰੋਹੀ ਯੰਤਰ, ਹਿਮਾਲਿਆ ਜੈਵਿਕ ਅਤੇ ਬਨਸਪਤੀ ਸੰਪਦਾ ਦੇ ਨਮੂਨੇ ਮੌਜੂਦ ਹਨ।

## 9. ਚਿਨਾਰ

ਚਿਨਾਰ ਜੰਗਲੀ ਪ੍ਰਾਣੀ ਸੈਂਚੁਰੀ ਦੱਖਣ ਭਾਰਤ ਦੇ ਕੇਰਲ ਰਾਜ ਦੇ ਇਡੁਕੀ ਜਿਲ੍ਹੇ ਦੇਵੀਕੁਲਮ ਤਾਲੁਕ ਦੇ ਮਾਰਾਯੂਰ ਅਤੇ ਕੰਥਾਲੁਰ ਪੰਚਾਇਤ ਵਿੱਚ ਮਾਰਾਯੂਰ ਤੋਂ 18 ਕਿ:ਮੀ ਉੱਤਰ ਵਿੱਚ ਸਥਿਤ ਹੈ। ਇਹ ਦੱਖਣ ਵਿੱਚ ਇਰਾਵੀਕੁਲਮ ਰਾਸ਼ਟਰੀ ਪਾਰਕ ਦੇ ਅਧੀਨ ਆਉਂਦਾ ਹੈ। ਉਤਰ-ਪੱਛਮ ਵਿੱਚ ਇੰਦਰਾ ਗਾਂਧੀ ਜੰਗਲੀ ਪ੍ਰਾਣੀ ਘਰ ਅਤੇ ਪੂਰਬ ਵਿੱਚ ਕੋਡਾਈਕਨਾਲ ਜੰਗਲੀ ਪ੍ਰਾਣੀ ਰੱਖ ਹੈ। ਇਹ ਕੇਰਲ ਦੀਆਂ 12 ਸੈਂਚੁਰੀਆਂ ਵਿੱਚੋਂ ਇੱਕ ਹੈ। ਪੱਛਮੀ ਘਾਟ ਤੇ ਸਥਿਤ ਅਨਮਲਈ ਸਬ-ਕਲਸਟਰ ਵਿੱਚ ਮੌਜੂਦ ਚਿਨਾਰ ਜੰਗਲੀ ਪ੍ਰਾਣੀ ਘਰ ਨੂੰ ਵਰਲਡ ਹੈਰੀਟੇਜ ਸੰਸਥਾ ਵੱਲੋਂ ਵਰਲਡ ਹੈਰੀਟੇਜ ਸਾਇਟ ਲਈ ਚੁਣਿਆ ਗਿਆ ਹੈ।

## 10. ਇਰਾਵੀਕੁਲਮ ਰਾਸ਼ਟਰੀ ਪਾਰਕ

ਇਰਾਵੀਕੁਲਮ ਰਾਸ਼ਟਰੀ ਪਾਰਕ ਕੇਰਲ ਜੰਗਲ ਅਤੇ ਜੀਵ-ਜੰਤੂ ਵਿਭਾਗ ਦੀ ਵਾਈਲਡ ਲਾਈਫ ਡਵੀਜ਼ਨ ਦੁਆਰਾ ਚਲਾਇਆ ਜਾਂਦਾ ਹੈ। ਕੇਰਲ ਜੰਗਲ ਅਤੇ ਜੀਵ-ਜੰਤੂ ਵਿਭਾਗ, ਵਾਈਲਡ ਲਾਈਫ ਡਿਵੀਜ਼ਨ, ਦੁਆਰਾ ਮਾਥੀਕੇਤਨ ਸ਼ੋਲਾ ਰਾਸ਼ਟਰੀ ਪਾਰਕ ਅਨਾਮੁਦੀ ਸ਼ੋਲਾ ਰਾਸ਼ਟਰੀ ਪਾਰਕ, ਪੰਬਾਦੁਮ ਸੋਲਾ ਰਾਸ਼ਟਰੀ ਪਾਰਕ, ਚਿਨਾਰ ਜੰਗਲੀ ਪ੍ਰਾਣੀ ਘਰ ਅਤੇ ਕੁਰੀਨਜੀਮਾਲਾ ਸੈਂਚਰੀ ਸਮੇਤ ਇਰਾਵੀਕੁਲਮ ਰਾਸ਼ਟਰੀ ਪਾਰਕ ਵੀ ਚਲਾਇਆ ਜਾਂਦਾ ਹੈ। ਪੱਛਮੀ ਘਾਟ, ਅਨਾਮਲਾਈ ਸਬ-ਕਲਸਟਰ ਅਤੇ ਸਾਰੇ ਇਰਾਵੀਕੁਲਮ ਰਾਸ਼ਟਰੀ ਪਾਰਕ, ਨੂੰ ਵਰਲਡ ਹੈਰੀਟੇਜ ਸੰਸਥਾ ਦੁਆਰਾ ਵਰਲਡ ਹੈਰੀਟੇਜ ਸਾਇਟ ਵਜੋਂ ਚੁਣਿਆ ਗਿਆ ਹੈ।

## 11. ਪਰਮਬੀਕੁਲਮ ਜੰਗਲੀ ਜੀਵ ਜੰਤੂ ਰੱਖ

ਪਰਮਬੀਕੁਲਮ ਜੰਗਲੀ ਜੀਵ ਜੰਤੂ ਰੱਖ 285 ਵਰਗ ਕਿ:ਮੀ:ਵਿੱਚ ਫੈਲਿਆ ਹੋਇਆ ਜੰਗਲ ਹੈ ਜੋ ਕਿ ਅੰਨਾਮਲਾਈ ਜੀਵ-ਜੰਤੂ ਰੱਖ ਦੇ ਨਾਲ ਸਥਿਤ ਹੈ। ਇਹ ਕੇਰਲ ਰਾਜ ਦਾ ਪ੍ਰਮੁੱਖ ਜੰਗਲੀ ਜੀਵ ਜੰਤੂ ਖੇਤਰ ਹੈ। ਇਹ ਪੱਛਮੀ ਘਾਟ ਤੇ ਅੰਨਾਮਲਾਈ ਪਹਾੜੀਆਂ ਵਿੱਚ ਸਥਿਤ ਹੈ। ਇਹ ਖੇਤਰ ਪਹਾੜੀ ਅਤੇ ਚਟਾਨਾਂ ਵਾਲਾ ਹੈ, ਜਿੱਥੋਂ ਕਈ ਨਦੀਆਂ ਨਿਕਲਦੀਆਂ ਹਨ, ਜਿੰਨਾਂ ਵਿੱਚ ਪਰਮਬੀਕੁਲਮ, ਸ਼ੋਲਿਆਰ ਅਤੇ ਥੇਕਾੜੀ ਹਨ। ਪਰਮਬੀਕੁਲਮ ਜੀਵ ਪ੍ਰਜਾਤੀਆਂ ਵਿੱਚ ਭਾਰਤ ਦੇ ਬਹੁਤ ਹੀ ਪ੍ਰਮੁੱਖ ਦੁਧਾਰੂ ਪਸ਼ੂ ਜਿਵੇਂ ਕਿ ਸ਼ੇਰ, ਤੇਂਦੁਆ, ਜੰਗਲੀ ਕੁੱਤਾ, ਆਲਸੀ ਭਾਲੂ ਅਤੇ ਹਾਥੀ ਪਾਏ ਜਾਂਦੇ ਹਨ।

## 12. ਸਾਇਲੰਟ ਵਾਦੀ ਰਾਸ਼ਟਰੀ ਪਾਰਕ

ਸਾਇਲੰਟ ਵਾਦੀ ਰਾਸ਼ਟਰੀ ਪਾਰਕ ਨੀਲਗੀਰੀ ਦੀਆਂ ਪਹਾੜੀਆਂ ਵਿੱਚ ਸਥਿਤ ਹੈ ਜੋ ਕਿ ਦੱਖਣੀ ਭਾਰਤ ਦੇ ਕੇਰਲ ਦੇ ਪਲਾਕੜ ਜਿਲ੍ਹੇ ਵਿੱਚ ਪੈਂਦੀਆਂ ਹਨ। ਇਹ ਪਾਰਕ ਦੱਖਣ ਪੱਛਮੀ ਘਾਟਾਂ ਦੇ ਸਦਾਬਹਾਰ ਵਰਖਾ ਜੰਗਲਾਂ ਦਾ ਅਖੀਰਲਾ ਅਤੇ ਬਿਨ੍ਹਾਂ ਕਿਸੇ ਦਖ਼ਲਅੰਦਾਜ਼ੀ ਵਾਲਾ ਕੁਦਰਤੀ ਖੇਤਰ ਹੈ।

ਉੱਤਰ ਵਿੱਚ ਪ੍ਰਸਤਾਵਿਤ ਕਰੀਮਪੁਜਾ ਰਾਸ਼ਟਰੀ ਪਾਰਕ (225 ਵਰਗ ਕਿ:ਮੀ) ਅਤੇ ਉੱਤਰ-ਪੂਰਬ ਵਿੱਚ ਮੁਕੁਰਥੀ ਰਾਸ਼ਟਰੀ ਪਾਰਕ (78.46 ਕਿ:ਮੀ) ਦੇ ਨੇੜੇ ਸਥਿਤ ਇਹ ਨੀਲਗੀਰੀ ਅੰਤਰਰਾਸ਼ਟਰੀ ਜੀਵਮੰਡਲ ਰਿਜ਼ਰਵ (1455.4 ਕਿ:ਮੀ ਦਾ ਕੇਂਦਰ ਭਾਗ ਹੈ ਅਤੇ ਪੱਛਮੀ ਘਾਟ ਵਰਲਡ ਹੈਰੀਟੇਜ ਸਾਇਟ ਦਾ ਹਿੱਸਾ ਹੈ।

### 13. ਮੁਥੰਗਾ ਜੰਗਲੀ ਜੀਵ-ਜੰਤੂ ਰੱਖ

ਇਹ ਸੈਂਚੁਰੀ ਦੱਖਣੀ ਭਾਰਤ ਵਿੱਚ ਕੇਰਲ ਰਾਜ ਦੇ ਵਾਯਾਨਾਦ ਵਿੱਚ ਹੈ। ਇਹ ਮੈਸੂਰ ਤੋਂ ਸੁਲਤਾਨ ਬੈਟਰੀ ਦੇ ਰਸਤੇ ਵਿੱਚ ਸਥਿਤ ਹੈ। ਇੱਥੇ ਜੰਗਲੀ ਜਾਨਵਰ ਜਿਵੇਂ ਕਿ ਜੰਗਲੀ ਭੇਂਸਾ, ਹਾਥੀ, ਹਿਰਨ ਅਤੇ ਸ਼ੇਰ ਵੇਖੇ ਜਾ ਸਕਦੇ ਹਨ।ਇਸ ਸੈਂਚੁਰੀ ਵਿੱਚ ਕੁਝ ਜੰਗਲੀ ਪੰਛੀ ਵੀ ਹਨ ਮੋਰ ਅਤੇ ਪੀਫਾਉਲ (ਮੋਰ ਦੀ ਪ੍ਰਜਾਤੀ) ਇਸ ਖੇਤਰ ਵਿੱਚ ਆਮ ਮਿਲਦੇ ਹਨ। ਇਹ ਸੈਂਚੁਰੀ ਨੀਲਗੀਰੀ ਜੀਵ-ਮੰਡਲ ਰਿਜ਼ਰਵ ਦਾ ਹਿੱਸਾ ਹੈ।

### 14. ਨੀਲਾਮਬੁਰ

ਇਹ ਦੱਖਣ ਭਾਰਤ ਵਿੱਚ ਕੇਰਲ ਰਾਜ ਦੇ ਮਲਾਪੁਰਮ ਜਿਲ੍ਹੇ ਵਿੱਚ ਪੈਂਦਾ ਹੈ। ਇਹ ਆਪਣੇ ਹਰੇ-ਭਰੇ ਜੰਗਲਾਂ, ਖਾਸ ਕਰਕੇ ਜੰਗਲੀ ਅਵਾਸ, ਸਾਫ ਨਦੀ ਦੇ ਪਾਣੀਆਂ, ਝਰਨਿਆਂ ਅਤੇ ਸਾਗਵਾਨ ਦੇ ਰੁੱਖਾਂ ਲਈ ਮਸ਼ਹੂਰ ਹੈ।ਇਹ ਚਲਿਆਰ ਨਦੀ ਦੇ ਕਿਨਾਰਿਆਂ ਉੱਤੇ ਪੱਛਮੀ ਘਾਟਾਂ ਦੀ ਨੀਲਗੀਰੀ ਸ਼੍ਰੇਣੀ ਦੇ ਨਜ਼ਦੀਕ ਸਥਿੱਤ ਹੈ।ਇਹ ਮਲਾਪੁਰਮ ਕਸਬੇ ਤੋਂ ਲਗਭਗ 40 ਕਿ:ਮੀ: ਦੂਰ ਹੈ।

### 15. ਕੁਮਾਰਕੋਮ ਪੰਛੀ-ਰੱਖ

ਇੱਥੋਂ ਦੇ ਮੁੱਖ ਆਕਰਸ਼ਨ ਸਥਾਨਕ ਪੰਛੀ ਜਿਵੇਂ ਕਿ ਮੁਰਗਾਬੀ,ਕੋਇਲ, ਉੱਲੂ, ਇਗਰੇਟ, ਹੀਰੋ, ਕੋਰਮੋਰੇਂਟ, ਜਲਮੁਰਗੀ, ਡਾਟਰ,ਚੀਲ, ਬੱਤਖ ਅਤੇ ਪ੍ਰਵਾਸੀ ਸਾਈਬੇਰੀਅਨ ਕਰੇਨ ਹਨ। ਤੋਤਾ, ਲਾਰਕ , ਸਲਭਾਸ਼ ਅਤੇ ਹੀਰੋ ਪੰਛੀ ਉਨ੍ਹਾਂ ਦੇ ਪ੍ਰਵਾਸੀ ਮੌਸਮ ਵਿੱਚ ਵੇਖੇ ਜਾ ਸਕਦੇ ਹਨ। ਕੁਝ ਪ੍ਰਵਾਸੀ ਪੰਛੀ ਹਿਮਾਲਿਆਂ ਤੋਂ ਆਉਂਦੇ ਹਨ ਅਤੇ ਕੁਝ ਸਾਈਬੇਰੀਆ ਤੋਂ। ਪੰਛੀ ਵੇਖਣ ਦਾ ਸਭ ਤੋਂ ਵਧੀਆ ਸਮਾਂ ਸਵੇਰ ਦਾ ਹੈ। ਜਦੋਂ ਪੰਛੀ ਆਪਣਾ ਜੰਗਲੀ ਘਰ ਛੱਡ ਕੇ ਝੀਲ ਉੱਪਰ ਜਾਂਦੇ ਹਨ।

### 16. ਰਾਸ਼ਟਰੀ ਜੀਵ-ਜੰਤੂ ਪਾਰਕ

ਦਿੱਲੀ ਰਾਸ਼ਟਰੀ ਜੀਤ-ਜੰਤੂ ਪਾਰਕ ਮਸ਼ਹੂਰ ਪੁਰਾਤਨ ਕਿਲ੍ਹੇ ਦੇ ਨੇੜੇ ਸਥਿਤ ਹੈ। ਇਹ ਪੂਰੇ ਏਸ਼ੀਆ ਮਹਾਂਦੀਪ ਦੇ ਸਭ ਤੋਂ ਵਧੀਆ ਜੀਵ-ਜੰਤੂ ਪਾਰਕਾਂ ਵਿੱਚੋਂ ਇੱਕ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਹ ਜਾਨਵਰਾਂ ਅਤੇ ਪੰਛੀਆਂ ਨੂੰ ਕੁਦਰਤੀ ਅਵਾਸ ਪ੍ਰਦਾਨ ਕਰਦਾ ਹੈ। ਇਹ ਪਿਕਨਿਕ ਲਈ ਵਧੀਆ ਸਥਾਨ ਹੈ, ਖਾਸ ਕਰਕੇ ਸਰਦੀਆਂ ਵਿੱਚ ਇਹ 214 ਏਕੜ ਦੇ ਖੇਤਰ ਵਿੱਚ ਫੈਲਿਆ ਹੈ। ਨਵੀਂ ਦਿੱਲੀ ਦੇ ਰਾਸ਼ਟਰੀ ਜੀਵ-ਜੰਤੂ ਗਾਰਡਨ ਵਿੱਚ ਜਾਨਵਰਾਂ ਅਤੇ ਪੰਛੀਆਂ ਦੀਆਂ 2000 ਤੋਂ ਵੱਧ ਪ੍ਰਜਾਤੀਆਂ ਹਨ।

### 17. ਗਜ਼ਨੇਰ ਜੀਵ-ਜੰਤੂ ਰੱਖ

ਇਹ ਬੀਕਾਨੇਰ ਤੋਂ 32 ਕਿ:ਮੀ ਦੀ ਦੂਰੀ ਤੇ ਸਥਿਤ ਹੈ। ਜੈਸਲਮੇਰ ਸੜਕ ਉੱਤੇ ਸਥਿਤ ਇਸ ਸੈਂਚੁਰੀ ਵਿੱਚ ਨੀਲਗਊ, ਚਿੰਕਾਗ, ਕਾਲੀ ਬੱਤਕ, ਜੰਗਲੀ ਸੂਰ ਆਦਿ ਪਾਏ ਜਾਂਦੇ ਹਨ।

### 18. ਵੇਦਾਥੰਗਲ

ਇਹ ਭਾਰਤ ਦੀਆਂ ਪ੍ਰਮੁੱਖ ਪਾਣੀ ਵਾਲੇ ਪੰਛੀਆਂ ਦੀਆਂ (ਰੱਖਾ) ਸੈਂਚੁਰੀਆ ਵਿੱਚੋਂ ਇੱਕ ਹੈ। ਇਹ ਸੈਂਚੁਰੀ ਕਾਂਚੀਪੁਰਮ ਤੋਂ 48 ਕਿ:ਮੀ: ਦੂਰ ਹੈ। ਸਾਰਸ, ਇਗਰੇਟ, ਕੋਰਮੋਰੈਂਟ, ਡਾਰਟਰ, ਫਲੈਮਿੰਗੋਂ, ਪੇਲੀਕਾਨ ਪੰਛੀ, ਜਲਮੁਰਗੀ, ਕਿੰਗਫਿਸ਼ਰ, ਸੈਂਡ ਪਾਈਪਰ, ਇਥੀਸ, ਸਪੁਨਬਿਲ, ਸਵੈਨ ਆਦਿ ਪੰਛੀ ਇੱਥੇ ਮੌਸਮ ਦੌਰਾਨ ਆਉਂਦੇ ਹਨ। ਇੱਥੇ ਆਉਣ ਦਾ ਸਭ ਤੋਂ ਵਧੀਆ ਸਮਾਂ ਅਕਤੂਬਰ ਅਤੇ ਮਾਰਚ ਵਿਚਕਾਰ ਹੁੰਦਾ ਹੈ, ਜਦੋਂ ਵੱਡੀ ਗਿਣਤੀ ਵਿੱਚ ਪ੍ਰਵਾਸੀ ਪੰਛੀ ਇੱਥੇ ਆਉਂਦੇ ਹਨ। ਪੰਛੀ ਨਦੀ ਦੇ ਕਿਨਾਰੇ ਜਾਂ ਵਾੱਚ-ਟਾੱਵਰ ਤੋਂ ਵੇਖੇ ਜਾ ਸਕਦੇ ਹਨ।

### 19. ਅੰਨਾਮਲਾਈ ਜੰਗਲੀ ਜੀਵ-ਜੰਤੂ ਰੱਖ

ਅੰਨਾਮਲਾਈ ਜੰਗਲੀ ਜੀਵ-ਜੰਤੂ ਰੱਖ ਨੂੰ ਇੰਦਰਾ ਗਾਂਧੀ ਜੰਗਲੀ (ਜੀਵ-ਜੰਤੂ ਰੱਖ) ਵੀ ਕਿਹਾ ਜਾਂਦਾ ਹੈ। ਇੰਦਰਾ ਗਾਂਧੀ ਜੰਗਲੀ ਜੀਵ ਜੰਤੂ ਰੱਖ ਅਤੇ ਰਾਸ਼ਟਰੀ ਪਾਰਕ 958ਵਰਗ ਵਰਗ ਕਿ:ਮੀ: ਦੇ ਖੇਤਰ ਵਿੱਚ ਫੈਲਿਆ ਹੈ। ਇੱਥੇ ਅੰਨਾਮਲਾਈ ਪਹਾੜੀਆਂ ਤੋਂ ਆਇਆ ਜਾ ਸਕਦਾ ਹੈ। ਇੱਥੇ ਇੱਕ ਰਾਸ਼ਟਰੀ ਪਾਰਕ ਵੀ ਹੈ ਜਿਸ ਦਾ ਖੇਤਰ 108 ਵਰਗ ਕਿ:ਮੀ ਹੈ।

### 20. ਬੇਨਰਘਾਟ ਰਾਸ਼ਟਰੀ ਪਾਰਕ

ਇਹ ਬੈਂਗਲੋਰ ਤੋਂ 22 ਕਿ:ਮੀ ਦੀ ਦੂਰੀ ਤੇ ਹੈ। ਇਹ ਸਥਾਨ ਇੱਕ ਕੁਦਰਤੀ, ਜਿਊਲੋਜੀਕਲ ਰਿਜ਼ਰਵ ਹੈ। 25000 ਏਕੜ ਵਿੱਚ ਫੈਲਿਆ ਹੋਇਆ ਇਹ ਜੀਵ-ਜੰਤੂ ਪਾਰਕ ਬੈਂਗਲੋਰ ਦਾ ਪ੍ਰਮੁੱਖ ਸੈਲਾਨੀ ਆਕਰਸ਼ਨ ਹੈ।

### 21. ਦੁਬਾਰੇ ਹਾਥੀ ਕੈਂਪ

ਇਹ ਜੰਗਲ ਵਿਭਾਗ ਦਾ ਹਾਥੀ ਪਕੜ ਕੇ ਸਿਖਲਾਈ ਦੇਣ ਵਾਲਾ ਕੈਂਪ ਹੈ। ਇਹ ਦੁਬਾਰੇ ਜੰਗਲ ਦੇ ਕਿਨਾਰੇ, ਕੁਸ਼ਾਲਨਗਰ-ਸਿੱਦਾਪੁਰ ਸੜਕੇ ਉੱਤੇ ਕਾਵੇਰੀ ਨਦੀ ਦੇ ਕਿਨਾਰੇ ਉੱਤੇ ਸਥਿਤ ਹੈ। ਇੱਥੇ ਇਹ ਵੱਡੇ ਥਲੀ ਜਾਨਵਰ ਸਥਾਨਿਕ ਕਬਾਇਲੀ ਕੁਰਬਾ ਲੋਕਾਂ ਅਤੇ ਪਾਲਤੂ ਹਾਥੀਆਂ ਦੀ ਮੱਦਦ ਨਾਲ ਪਕੜੇ ਜਾਂਦੇ ਹਨ ਅਤੇ ਵੱਡੇ ਸਾਗਵਾਨ ਦੇ ਲੱਕੜ ਦੇ ਪਿੰਜਰਿਆਂ ਵਿੱਚ 6 ਮਹੀਨਿਆਂ ਲਈ ਰੱਖੇ ਜਾਂਦੇ ਹਨ।

### 22. ਦੀਪੁਰ ਰਾਸ਼ਟਰੀ ਪਾਰਕ

ਬੰਦੀਪੁਰ ਰਾਸ਼ਟਰੀ ਪਾਰਕ ਵਿੱਚ ਪਹਾੜੀ ਚਟਾਨਾਂ ਅਤੇ ਵਾਦੀਆਂ ਹਨ। ਜਿੱਥੋਂ ਕਾਬੀਨੀ, ਨੁੱਗੁ, ਮੋਆਰ ਅਤੇ ਹੋਰ ਛੋਟੀਆਂ ਨਦੀਆਂ ਲੰਘਦੀਆਂ ਹਨ। ਨੀਲਗੀਰੀ ਦੀਆਂ ਸੁੰਦਰ ਪਹਾੜੀਆਂ ਅਤੇ ਬੱਦਲਾਂ ਨਾਲ ਢੱਕੀਆਂ ਚੋਟੀਆਂ ਪਾਰਕ ਦੀ ਇੱਕ ਮਨਮੋਹਕ ਤਸਵੀਰ ਪੇਸ਼ ਕਰਦੀਆਂ ਹਨ। ਬੰਦੀਪੁਰ ਰਾਸ਼ਟਰੀ ਪਾਰਕ ਦੀ ਉਚਾਈ 680-1454 ਮੀਟਰ ਦੇ ਵਿਚਕਾਰ ਹੈ ਅਤੇ ਇਹ ਪੱਛਮੀ ਘਾਟਾਂ ਦੇ ਹੇਠਲੇ ਪਾਸੇ ਕਾਬੀਨੀ ਨਦੀ ਦੇ ਦੱਖਣ ਵਿੱਚ ਸਥਿਤ ਹੈ। ਭਾਵੇਂ ਇਹ ਪਾਰਕ ਸਾਰਾ ਸਾਲ ਖੁੱਲਾ ਰਹਿੰਦਾ ਹੈ ਪਰ ਜੂਨ ਤੋਂ ਸਤੰਬਰ ਤੱਕ ਦੀ ਮਾਨਸੂਨ ਹੀ ਇੱਥੇ ਆਉਣ ਦਾ ਸਭ ਤੋਂ ਵਧੀਆ ਸਮਾਂ ਹੈ। ਜਦੋਂ ਇਥੇ ਦੇ ਹਰੇ-ਭਰੇ ਜੰਗਲ ਜੀਵ-ਜੰਤੂਆਂ ਨਾਲ ਭਰੇ ਹੁੰਦੇ ਹਨ।

### 23. ਭਾਦਰਾ ਜੀਵ-ਜੰਤੂ ਰੱਖ

ਭਾਦਰਾ ਜੀਵ-ਜੰਤੂ ਰੱਖ 1951 ਵਿੱਚ ਜਾਗਰਾ ਵਾਦੀ ਗੇਮ ਸੈਂਚਰੀ ਵਜੋਂ ਖੋਲਿਆ ਗਿਆ ਸੀ। ਜਿਸ ਦਾ ਖੇਤਰਫਲ ਲਗਭਗ 252 ਵਰਗ ਕਿ:ਮੀ: ਹੈ। ਇਸ ਨੂੰ 1972 ਵਿੱਚ ਲੱਕਾਵਾਲੀ ਜੰਗਲਾਂ ਨਾਲ ਜੋੜਿਆ ਗਿਆ ਅਤੇ ਇਸ ਨੂੰ ਇਸ ਦਾ ਮੌਜੂਦਾ ਨਾਮ ਦਿੱਤਾ ਗਿਆ।

ਭਾਦਰਾ ਜੀਵ-ਜੰਤੂ ਰੱਖ 1951 ਵਿੱਚ ਜਾਗਰਾ ਵਾਦੀ ਗੇਮ ਸੈਂਚਰੀ ਵਜੋਂ ਖੋਲਿਆ ਗਿਆ ਸੀ। ਜਿਸ ਦਾ ਖੇਤਰਫਲ ਲਗਭਗ 252 ਵਰਗ ਕਿ:ਮੀ: ਹੈ। ਇਸ ਨੂੰ 1972 ਵਿੱਚ ਲੱਕਾਵਾਲੀ ਜੰਗਲਾਂ ਨਾਲ ਜੋੜਿਆ ਗਿਆ ਅਤੇ ਇਸ ਨੂੰ ਇਸ ਦਾ ਮੌਜੂਦਾ ਨਾਮ ਦਿੱਤਾ ਗਿਆ।

ਇਸ ਦਾ ਖੇਤਰਫਲ 492ਵਰਗ ਕਿ:ਮੀ ਹੈ। ਇਸ ਦੇ ਦੋ ਭਾਗ ਹਨ ਮੁਥੋੜੀ ਅਤੇ ਲੱਕਾਵਾਲੀ। ਚੀਤਾ, ਤੇਂਦੂਆ, ਜੰਗਲੀ ਕੁੱਤਾ, ਗਿੱਦੜ, ਹਾਥੀ, ਆਲਸੀ ਭਾਲੂ, ਸਾਂਭਰ, ਸਪੋਟਿਡ ਹਿਰਨ, ਛਿਪਕਲੀ, ਹਿਰਨ (ਭੌਂਕਣ ਵਾਲਾ), ਜੰਗਲੀ ਸੂਅਰ, ਲੰਗੂਰ, ਮੈਕਾਕ ਅਤੇ ਮਾਲਾਬਾਰ ਜਾਇੰਟ ਗਿਲਹਿਰੀ ਆਦਿ ਜੰਗਲੀ ਜਾਨਵਰ ਇੱਥੇ ਮਿਲਦੇ ਹਨ।

### 24. ਸ਼ੇਟੀਹਾਲੀ ਜੀਵ-ਜੰਤੂ ਰੱਖ

ਇਹ ਸਿਮੋਂਗਾ ਕਸਬੇ ਨਾਲ ਲੱਗਦਾ ਹੈ। ਇੱਥੇ ਸੁੱਕੇ ਪਤਝੜੀ ਜੰਗਲਾਂ ਤੋਂ ਲੈ ਕੇ ਅਰਧ-ਬਾਹਰਮਾਹੀ ਜੰਗਲ ਹਨ। ਇਸ ਦਾ ਖੇਤਰਫਲ395.6ਵਰਗ ਕਿ:ਮੀ ਹੈ।

### 25. ਮੰਡਾਗੈਡੇ ਚਿੜੀਆ-ਘਰ

ਇਹ NH-13 ਉੱਤੇ ਸ਼ਿਵਮੋਗਾ ਤੋਂ ਥਿਰਥਾਹਾਲੀ ਦੇ ਰਸਤੇ ਉੱਤੇ 30 ਕਿ:ਮੀ: ਦੀ ਦੂਰੀ ਤੇ ਸਥਿਤ ਹੈ। ਇਹ ਇੱਕ ਛੋਟਾ ਟਾਪੂ ਹੈ ਜਿਸਨੂੰ ਤੁੰਗਾ ਨਦੀ ਨੇ ਘੇਰਿਆ ਹੋਇਆ ਹੈ ਅਤੇ ਇੱਥੇ ਮਿਲਣ ਵਾਲੇ ਪੰਛੀ ਹਨ ਇਗਰੇਟ, ਕੋਰਮੋਰੈਂਟ, ਡਾਰਟਰ ਅਤੇ ਸਨੇਕਬਰਡ।

### 26. ਸੈਕਰੇਬੇਲੂ ਹਾਥੀ ਕੈਂਪ

ਸੈਕਰੇਬੇਲੂ ਹਾਥੀ ਕੈਂਪ ਸ਼ਿਵਾਮੋਗਾ ਕਸਬੇ ਤੋਂ ਥਿਰਥਾਹਾਲੀ ਦੇ ਰਸਤੇ ਉਤੇ 14 ਕਿ:ਮੀ ਦੀ ਦੂਰੀ ਤੇ ਹੈ। ਜਿਵੇਂ ਕਿ ਨਾਮ ਤੋਂ ਸ਼ਪੱਸ਼ਟ ਹੁੰਦਾ ਹੈ ਕਿ ਇਹ ਇੱਕ ਸਿਖਲਾਈ ਕੈਂਪ ਹੈ ਜਿੱਥੇ ਮਹਾਵਤ ਹਾਥੀਆਂ ਨੂੰ ਸਿਖਲਾਈ ਦਿੰਦੇ ਹਨ।

### 27. ਤਆਵਰੇਕੋਪਾ ਸ਼ੇਰ ਸਫਾਰੀ

ਸ਼ਿਮੋਗਾ ਦੇ ਝਰਨੇ ਲਹਿਰਾਉਂਦੇ ਪਾਮ ਦੇ ਪੇੜ ਅਤੇ ਲਹਿਰਾਉਂਦੇ ਝੋਨੇ ਦੇ ਖੇਤ ਇਸ ਨੂੰ ਸੁੰਦਰ ਭੂਦ੍ਰਿਸ਼ ਬਣਾਉਂਦੇ ਹਨ। ਸ਼ਿਮੋਗਾ ਕਰਨਾਟਕ ਦੇ ਕੇਂਦਰੀ ਭਾਗ ਵਿੱਚ ਸਥਿਤ ਰਾਜ ਦਾ ਚਾਵਲਾ ਦਾ ਕਟੋਰਾ ਹੈ। ਤੁੰਗਭਦਰਾ ਸ਼ਰਾਵਸਤੀ ਵਾਰਦਾ ਅਤੇ ਕੁਮੁਦਾਵਥੀ ਨਦੀਆਂ ਇਸ ਖੇਤਰ ਦੀ ਹਰਿਆਲੀ ਨੂੰ ਪਾਣੀ ਦੇਣ ਦਾ ਕੰਮ ਕਰਦੀਆਂ ਹਨ। ਸ਼ਿਮੋਗਾ ਉੱਤੇ ਮਹਾਨ ਭਾਰਤੀ ਰਾਜਵੰਸ਼ਾਂ ਜਿਵੇਂ ਕਦਮਬਾਸ, ਗੰਗਾਸ, ਚਾਲੁਕਯਾ, ਰਾਸ਼ਟਰਕੂਟ, ਕੇਲਾਡੀ ਅਤੇ ਵਿਜੈ ਨਗਰ ਦੇ ਰਾਜਿਆਂ ਨੇ ਰਾਜ ਕੀਤਾ ਹੈ।

### 28. ਦਾਰਨਘਾਟੀ ਰੱਖ

ਇਹ ਸ਼ਿਮਲਾ ਜਿਲ੍ਹੇ ਦੇ ਉਪਰਲੇ ਖੇਤਰ ਵਿੱਚ ਸਥਿਤ ਇੱਕ ਅਣਛੂਹਿਆ ਜੰਗਲ ਹੈ ਜੋ ਕਿ ਮੁਸਕ ਹਿਰਨ, ਘੋਰਲ, ਥਾਰ ਆਦਿ ਜੀਵ-ਜੰਤੂਆਂ ਨਾਲ ਭਰਿਆ ਹੋਇਆ ਹੈ। ਇਸ ਸੈਂਚਰੀ ਵਿੱਚ ਰਸਤਿਆਂ ਦਾ ਨੈਟਵਰਕ ਹੈ। ਇੱਥੇ ਆਉਣ ਵਾਲੇ ਸੈਲਾਨੀ ਇੱਥੋਂ ਦੇ ਦੋਫੜਾ ਅਤੇ ਸਰਾਹਨ ਵਿਖੇ ਤੈਨਾਤ ਜੰਗਲ ਦੇ ਅਧਿਕਾਰੀਆਂ ਦੀ ਸਹਾਇਤਾ ਲੈਂਦੇ ਹਨ।

### 29. ਗੋਪਾਲਪੁਰ

ਇਹ ਇੱਕ ਮਿਨੀ ਜੂ ਹੈ, ਜਿੱਥੇ ਤੇਂਦੁਏ, ਕਾਲੇ ਭਾਲੂ ਅਤੇ ਹੋਰ ਦੁਰਲੱਭ ਪ੍ਰਜਾਤੀਆਂ ਦੀ ਝਲਕ ਵੇਖੀ ਜਾ ਸਕਦੀ ਹੈ।

### 30. ਮਾਲਸੀ ਹਿਰਨ ਪਾਰਕ

ਦੇਹਰਾਦੂਨ ਦਿੱਲੀ ਤੋਂ 235 ਕਿ:ਮੀ ਦੀ ਦੂਰੀ ਤੇ ਦੂਨ ਵਾਦੀ ਦੇ ਕੇਂਦਰ ਵਿੱਚ ਨਵੇਂ ਬਣੇ ਉਤਰਾਂਚਲ ਰਾਜ ਵਿੱਚ ਸਥਿਤ ਹੈ। ਇਸ ਸ਼ਹਿਰ ਦੇ ਉੱਤਰ ਵਿੱਚ ਹਿਮਾਲਾ, ਦੱਖਣ ਵਿੱਚ ਸ਼ਿਵਾਲਿਕ ਸ਼੍ਰੇਣੀ, ਪੂਰਬ ਵਿੱਚ ਪਵਿੱਤਰ ਗੰਗਾ ਅਤੇ ਪੱਛਮ ਵਿੱਚ ਯਮੁਨਾ ਹੈ। ਦੇਹਰਾਦੂਨ ਗੜ੍ਹਵਾਲ ਹਿਮਾਲਾ ਖੇਤਰ ਦਾ ਹਿੱਸਾ ਹੈ। ਜਿਸ ਨੂੰ ਪਹਿਲਾ ਕੇਦਾਰ ਖੰਡ ਕਹਿੰਦੇ ਸਨ। ਗੜ੍ਹਵਾਲ ਦੇ ਕਤਯੁਰੀ ਇਸ ਖੇਤਰ ਦੇ ਪਹਿਲੇ ਸ਼ਾਸਕ ਸਨ।

### 31. ਪੇਂਚ ਚੀਤਾ ਰਿਜ਼ਰਵ

ਮਹਾਂਰਾਸ਼ਟਰ ਦੇ ਸਾਰੇ ਚੀਤਾ ਰਿਜ਼ਰਵ ਵਿਦਰਭ ਵਿੱਚ ਸਥਿਤ ਹਨ। ਪੇਂਚ ਚੀਤਾ ਰਿਜ਼ਰਵ ਨਾਗਪੁਰ ਜਿਲ੍ਹੇ ਵਿੱਚ ਸਥਿਤ ਹੈ।

### 32. ਫਾਨਸਦ ਜੰਗਲੀ ਜੀਵ-ਜੰਤੂ ਰੱਖ

ਪ੍ਰਮੁੱਖ ਤੌਰ ਤੇ ਇਹ ਇੱਕ ਚਿੜੀਆ-ਘਰ ਹੈ। ਫਾਨਸਦ ਵਿੱਚ ਕਈ ਤਰ੍ਹਾਂ ਦੇ ਕੀੜੇ-ਮਕੌੜੇ, ਜਲਥਲੀ ਅਤੇ ਦੁਧਾਰੂ ਜਾਨਵਰ ਵੀ ਮਿਲਦੇ ਹਨ। ਫਾਨਸਦ ਇੱਕ ਅਣਛੂਹਿਆ ਘਣਾ ਜੰਗਲੀ ਪ੍ਰਦੇਸ਼ ਹੈ। ਇੱਥੇ ਸੈਲਾਨੀ ਜ਼ਿਆਦਾ ਗਿਣਤੀ ਵਿੱਚ ਭਾਵੇਂ ਨਹੀ ਆਉਂਦੇ ਪਰ ਇੱਥੋਂ ਦੇ ਜੰਗਲੀ ਜੀਤ-ਜੰਤੂ ਅਤੇ ਹਰਿਆਲੀ ਤੁਹਾਨੂੰ ਆਕਰਸ਼ਿਤ ਕਰਦੇ ਹਨ।

### 33. ਕਲਾਕੜ ਮੁੰਦਨਥੁਰਾਈ ਚੀਤਾ ਰਿਜ਼ਰਵ

ਇਹ ਤਾਮਿਲਨਾਡੂ ਦਾ ਦੂਜਾ ਵੱਡਾ ਸੁਰੱਖਿਅਤ ਖੇਤਰ ਹੈ। ਇਸ ਨੂੰ 1988 ਵਿੱਚ ਕਲਾਕੜ ਜੀਵ-ਜੰਤੂ ਘਰ ਅਤੇ ਮੁੰਦਨਥੁਰਾਈ ਜੀਵ-ਜੰਤੂ ਸੈਂਚਰੀ ਨਾਲ ਜੋੜ ਕੇ ਬਣਾਇਆ ਗਿਆ ਹੈ। ਰਿਜ਼ਰਵ 14 ਨਦੀਆਂ ਦਾ ਕੈਚਮੈਂਟ ਖੇਤਰ ਹੈ। ਇਨ੍ਹਾਂ ਵਿੱਚ ਤੰਬਰਾਪਾਰਨੀ, ਰਾਮਾਨਦੀ, ਕੇਰੇਯਾਰ, ਸਰਵਾਲਾਰ, ਮਨੀਮੁਥਾਰ, ਪਚਿਆਰ, ਕੋਡਿਆਰ, ਕਦਨਾਰ, ਕਲਾਰ, ਸਿੰਚਾਈ ਨੈਟਵਰਕ ਦੀ ਰੀੜ ਦੀ ਹੱਡੀ ਹਨ। ਇਹ ਨਦੀਆਂ ਤਿਰੂਨੇਲਵੇਲੀ, ਟੁਟੀਕੋਰਨ ਅਤੇ ਕੰਨਿਆਕੁਮਾਰੀ ਦੇ ਕੁਝ ਹਿੱਸੇ ਲਈ ਪੀਣ ਦਾ ਪਾਣੀ ਮੁਹੱਈਆ ਕਰਵਾਉਂਦੀਆਂ ਹਨ। ਕੁੱਝ ਪ੍ਰਮੁੱਖ ਬੰਨ-ਕੇਰੀਯਾਰ, ਲੋਅਰ ਡੈਮ, ਸੇਰਵਾਲਾਰ, ਮਨੀਮੁਥਾਰ, ਰਾਮਨਦੀ, ਕੜਨਾਨਦੀ ਅਤੇ ਕੋਡਿਆਰ ਇਨ੍ਹਾਂ ਨਦੀਆਂ ਉਪਰ ਬਣਾਏ ਗਏ ਹਨ।

### 34. ਮੁਦੁਮਲਈ ਰਾਸ਼ਟਰੀ ਪਾਰਕ

ਮੁਦੁਮਲਾਈ ਰਾਸ਼ਟਰੀ ਪਾਰਕ ਕੋਇੰਬਟੂਰ ਤੋਂ 80 ਕਿ:ਮੀ ਦੀ ਦੂਰੀ ਤੇ ਕਰਨਾਟਕ ਅਤੇ ਕੇਰਲ ਦੀ ਸਰਹੱਦ ਉੱਤੇ ਹੈ। ਇਹ 1940 ਵਿੱਚ ਖੋਲੀ ਗਈ ਦੱਖਣੀ ਭਾਰਤ ਦੀ ਪਹਿਲੀ ਜੀਵ-ਜੰਤੂ ਰੱਖ ਹੈ। ਇਹ ਬੰਦੀਪੁਰ ਰਾਸ਼ਟਰੀ ਪਾਰਕ ਅਤੇ ਵਾਯਾਨਦ ਜੀਵ-ਜੰਤੂ ਰੱਖ ਦੇ ਨਿਕਟਵਰਤੀ ਹੈ। ਇੱਥੇ ਹਾਥੀ ਸਫਾਰੀ ਅਤੇ ਜੰਗਲ ਸਫਾਰੀ ਆਦਿ ਗਤੀਵਿਧੀਆਂ ਮੌਜੂਦ ਹਨ। ਕੁਝ ਹੋਰ ਆਕਰਸ਼ਨਾਂ ਵਿੱਚ ਹਾਥੀਆਂ ਨੂੰ ਖਾਣਾ ਖਿਲਾਉਣ ਵਾਲੇ ਕੈਂਪ, ਕਲੱਟੀ ਝਰਨਾ, ਪਾਈਕਾਰਾ ਝੀਲ, ਲੋਨਾਰ ਨਦੀ, ਅਜ਼ਾਇਬ ਘਰ ਆਦਿ ਸ਼ਾਮਲ ਹਨ।

### 35. ਪੰਨਾ ਰਾਸ਼ਟਰੀ ਪਾਰਕ

ਇਹ ਵਰਲਡ ਹੈਰੀਟੇਜ ਸਾਇਟ ਤੋਂ 25 ਕਿ:ਮੀ ਦੀ ਦੂਰੀ ਤੇ ਹੈ। ਇੱਥੇ ਜਾਣ ਲਈ ਮਦਲਾ ਪ੍ਰਦੇਸ਼ ਦਵਾਰ ਤੋਂ ਅੱਧਾ ਘੰਟਾ ਲਗਦਾ ਹੈ।

ਇਹ ਪਾਰਕ ਦਾ ਦੂਸਰਾ ਗੇਟ ਰਿਨੋਤਾ ਪੰਨਾ ਕਸਬੇ ਤੋਂ 20 ਕਿ:ਮੀ ਦੀ ਦੂਰੀ ਤੇ ਹੈ। ਖੁਜਰਾਹ ਸਭ ਤੋਂ ਨਜ਼ਦੀਕ ਦਾ ਹਵਾਈ ਅੱਡਾ ਹੈ। ਜੋ ਇਸ ਨੂੰ ਰਾਸ਼ਟਰੀ ਰਾਜਧਾਨੀ ਨਵੀਂ ਦਿੱਲੀ ਨਾਲ ਸਿੱਧਾ ਜੋੜਦਾ ਹੈ। ਖੁਜਰਾਹ ਤੋਂ ਪੰਨਾ ਤੱਕ ਟੈਕਸੀ ਵੀ ਮਿਲ਼ ਜਾਂਦੀ ਹੈ।

### 36. ਜੰਗਲ ਸਫਾਰੀ

ਮੱਧ ਪ੍ਰਦੇਸ਼ ਦੀ ਸ਼ਿਵਪੁਰੀ ਆਪਣੀਆਂ ਜੀਵ-ਜੰਤੂ ਰੱਖਾਂ ਲਈ ਮਸ਼ਹੂਰ ਹੈ ਜੋ ਜੰਗਲੀ ਜਾਨਵਰਾਂ ਨੂੰ ਕੁਦਰਤੀ ਅਵਾਸ ਪ੍ਰਦਾਨ ਕਰਦੀਆਂ ਹਨ। ਇੱਥੇ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਵਾਤਾਵਰਨ ਵਿੱਚ ਵੇਖਿਆ ਜਾ ਸਕਦਾ ਹੈ। ਕੁਦਰਤੀ ਸੁੰਦਰਤਾ ਕਾਰਨ ਜੰਗਲ ਸਫਾਰੀ ਇੱਕ ਨਾ-ਭੁਲਣਯੋਗ ਅਨੁਭਵ ਹੁੰਦਾ ਹੈ।

### 37. ਕਰੇਰਾ ਪੰਛੀ ਰੱਖ

ਮੱਧ ਪ੍ਰਦੇਸ਼ ਦੀ ਕਰੇਰਾ ਪੰਛੀ ਰੱਖ ਆਪਣੇ ਵਿਲੱਖਣ ਪੰਛੀਆਂ ਕਾਰਨ ਪੰਛੀ ਪ੍ਰੇਮੀਆਂ ਲਈ ਇੱਕ ਵਧੀਆ ਸਥਾਨ ਹੈ। ਇੱਥੇ ਵੱਖ-ਵੱਖ ਰੰਗਾਂ, ਆਕਾਰ ਅਤੇ ਕੱਦ ਵਾਲੇ ਪੰਛੀ ਵੇਖੇ ਜਾ ਸਕਦੇ ਹਨ। ਇੱਥੇ ਪੰਛੀਆਂ ਤੋਂ ਇਲਾਵਾ ਜੰਗਲੀ ਜਾਨਵਰ ਵੀ ਹਨ।

### 38. ਫੈਮ ਬੌਂਗ ਲਾ ਜੀਵ ਜੰਤੂ ਰੱਖ

ਇਹ ਗੰਗਟੋਕ ਤੋਂ 20 ਕਿ:ਮੀ ਦੀ ਦੂਰੀ ਤੇ ਹੈ। ਇਹ ਆਪਣੀ ਵਿਲੱਖਣ ਬਨ-ਸੰਪਦਾ (ਬਾਂਸ, ਚੌਂਪਾ, ਫਰਨ, ਓਕ) ਆਦਿ ਅਤੇ ਜੈਵਿਕ ਸੰਪਦਾ ਲਈ (ਕੀਵੇਟ ਬਿੱਲੀ ਹਿਮਾਲਾ ਕਾਲਾ ਭਾਲੂ, ਲਾਲ ਪਾਂਡਾ) ਆਦਿ ਮਸ਼ਹੂਰ ਹਨ ਜ਼ੰਗਲੀ ਜੀਵਾਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਇੱਥੇ ਵੇਖੀਆਂ ਜਾ ਸਕਦੀਆਂ ਹਨ।

### 39. ਕਮਲਾ ਨਹਿਰੂ ਜ਼ੂ

ਇਹ ਕੰਕਾਰੀਆ ਝੀਲ ਦੇ ਕੋਲ ਹੈ ਅਤੇ ਭਾਰਤ ਦੇ ਸਭ ਤੋਂ ਵਧੀਆ ਜੀਵ-ਜੰਤੂ ਘਰਾਂ ਚੋਂ ਇੱਕ ਹੈ।

## E) ਨਦੀਆਂ ਅਤੇ ਸਮਾਰਕਾਂ

ਜੇਕਰ ਅਸੀਂ ਭਾਰਤ ਦੇ ਸਮਾਰਕਾਂ ਸਥਾਨਾਂ ਵੱਲ ਧਿਆਨ ਕਰੀਏ ਤਾਂ ਜ਼ਿਆਦਾਤਰ ਉਹ ਨਦੀ ਖੇਤਰਾਂ ਦੇ ਆਸ-ਪਾਸ ਹੀ ਮਿਲਦੇ ਹਨ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਇਨ੍ਹਾਂ ਦੇ ਨਿਰਮਾਣ ਸਮੇਂ ਨਦੀਆਂ ਹੀ ਆਵਾਜਾਈ ਦਾ ਸਾਧਨ ਸਨ।

### ਨਦੀ ਦੇ ਕਿਨਾਰਿਆਂ ਤੇ ਸਥਿਤ ਪ੍ਰਮੁੱਖ ਸਮਾਰਕ:-

### 1. ਤਾਜ ਮਹਿਲ

ਇਹ ਭਾਰਤੀ ਇਤਿਹਾਸ ਵਿੱਚ ਮੁਗਲ ਕਾਲ ਦਾ ਸਭ ਤੋਂ ਸੁੰਦਰ ਸਮਾਰਕ ਹੈ।ਇਹ ਆਗਰਾ ਵਿੱਚ ਯਮੁਨਾ ਨਦੀ ਦੇ ਕਿਨਾਰੇ ਤੇ ਸਥਿਤ ਹੈ। ਇਸ ਨੂੰ ਬਾਦਸ਼ਾਹ ਸ਼ਾਹਜਾਂਹਾਂ ਨੇ ਆਪਣੀ ਬੇਗਮ ਮੁਮਤਾਜ ਦੀ ਯਾਦ ਵਿੱਚ ਬਣਵਾਇਆ ਸੀ। ਇਹ ਚਿੱਟੇ ਸੰਗਮਰਮਰ ਦਾ ਬਣਿਆ ਹੈ। ਇਸ ਨੂੰ ਇਸਦੀ ਅਥਾਹ ਸੁੰਦਰਤਾ ਦੇ ਕਾਰਨ ਸੰਸਾਰ ਦੇ ਸੱਤ ਅਜੂਬਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

### 2. ਕੁਤਬ ਮੀਨਾਰ

ਇਹ ਦਿੱਲੀ ਵਿੱਚ ਮਹਿਰੋਲੀ ਸਥਾਨ ਤੇ ਸਥਿਤ ਹੈ, ਜੋ ਯਮੁਨਾ ਦੇ ਨਜ਼ਦੀਕ ਹੈ।ਇਸ ਨੂੰ ਗੁਲਾਮ ਸਲਤਨਤ ਦੇ ਪਹਿਲੇ ਰਾਜਾ ਕੁਤੁਬ-ਉਦ-ਦੀਨ-ਅੱਬਕ ਦੁਆਰਾ 750 ਸਾਲ ਪਹਿਲਾਂ ਬਣਾਇਆ ਗਿਆ ਸੀ।

### 3. ਲਾਲ ਕਿੱਲ੍ਹਾ

ਲਾਲ ਕਿੱਲ੍ਹਾ ਸ਼ਾਹਜਾਹਾਂ ਦੁਆਰਾ ਯਮੁਨਾ ਨਦੀ ਦੇ ਕਿਨਾਰੇ ਬਣਵਾਈ ਗਈ ਇੱਕ ਸੁੰਦਰ ਇਮਾਰਤ ਹੈ।

### 4. ਦਿਲਬਾਗ ਜੈਨ ਮੰਦਿਰ

ਦਿਲਬਾਗ ਜੈਨ ਮੰਦਿਰ 800 ਸਾਲ ਪਹਿਲਾਂ ਰਾਜਸਥਾਨ ਵਿੱਚ ਮਾਊਂਟ ਆਬੂ ਦੇ ਸਿਖਰ ਉੱਤੇ ਬਣਾਇਆ ਗਿਆ ਸੀ। ਇਹ ਜੈਨੀਆਂ ਦਾ ਚਿੱਟੇ ਸੰਗਮਰਮਰ ਦਾ ਬਣਿਆ ਪਵਿੱਤਰ ਸਥਾਨ ਹੈ

### 5. ਸੰਤ ਜੇਵੀਅਰ ਗਿਰਿਜਾ ਘਰ

ਇਹ ਗੋਆ ਦਾ ਸਭ ਤੋਂ ਪੁਰਾਣਾ ਅਤੇ ਮਸ਼ਹੂਰ ਗਿਰਿਜਾ ਘਰ ਹੈ। ਇਹ ਪੁਰਾਣੇ ਗੋਆ ਵਿੱਚ ਹੈ, ਜੋ ਪੰਜਿਮ ਤੋਂ 10 ਕਿ:ਮੀ:ਦੂਰ ਮੰਡੋਵੀ ਨਦੀ ਨੇੜੇ ਹੈ।

### 6. ਅਜੰਤਾ ਗੁਫਾਵਾਂ

ਇਹ ਆਪਣੀਆਂ ਸੁੰਦਰ ਤਸਵੀਰਾਂ (ਪੇਂਟਿੰਗਾਂ) ਲਈ ਮਸ਼ਹੂਰ ਹੈ। ਇਹ ਔਰੰਗਾਬਾਦ ਤੋਂ 100 ਕਿ:ਮੀ ਦੂਰ ਹਨ। ਅਜੰਤਾ ਵਿੱਚ ਕਾਵੇਰੀ ਨਦੀ ਦੇ ਬੇਸਿਨ ਵਿੱਚ 30 ਦੇ ਲਗਭਗ ਗੁਫਾਵਾਂ ਚਟਾਨਾਂ ਕੱਟੀਆਂ ਗਈਆਂ ਹਨ।

### 7. ਇਲੋਰਾ ਗੁਫਾਵਾਂ


ਇਹ ਪੱਥਰ ਤੇ ਬਣਾਈਆਂ ਤਸਵੀਰਾਂ ਲਈ ਮਸ਼ਹੂਰ ਹੈ। ਅਜੰਤਾ ਗੁਫਾਵਾਂ ਤੋਂ 100 ਕਿ:ਮੀ ਦੀ ਦੂਰੀ ਤੇ ਹਨ। ਇਹ ਔਰੰਗਦਾਬਾਦ ਤੋਂ ਥੋੜੀ ਦੂਰੀ ਤੇ, ਦੇਵ ਗਿਰੀ ਕੋਲ, ਕਾਵੇਰੀ ਨਦੀ ਦੇ ਬੇਸਿਨ ਵਿੱਚ ਸਥਿਤ ਹਨ। ਇੱਥੇ 60 ਦੇ ਕਰੀਬ ਗੁਫਾਵਾਂ ਹਨ।ਸਮਰਾਟ ਔਰਗਜ਼ੇਬ (1556-1707) ਇਲੋਰਾ ਗੁਫਾਵਾਂ ਵਿੱਚ ਆਇਆ ਸੀ। ਉਸ ਨੇ ਪਰਸ਼ੀਆਨ ਭਾਸ਼ਾ ਵਿੱਚ ਪ੍ਰਸੰਸਾ ਕਰਦੇ ਹੋਏ ਕਿਹਾ ਸੀ 'ਸਨ'ਸਨ' ਹਕੀਕੀ ਸੁਭਾਨਾ ਅਸਤ।

### 8. ਹੈਮਪੀ

ਇਹ ਹੈਰੀਟੇਜ ਸਥਾਨ ਤੁੰਗਭਦਰਾ ਨਦੀ ਦੇ ਕਿਨਾਰੇ ਤੇ ਸਥਿਤ ਹੈ।

### 9. ਉਜੈਨ

ਉਜੈਨ ਦੇ ਪੁਰਾਤਨ ਸਮਾਰਕ, ਸ਼ਿਪਰਾ ਨਦੀ ਦੇ ਪੂਰਬੀ ਕਿਨਾਰੇ ਉੱਤੇ ਮੱਧ ਪ੍ਰਦੇਸ਼ ਦੇ ਮਾਲਵਾ ਖੇਤਰ ਵਿੱਚ ਹਨ।




ਨਕਸ਼ਾ 6.2: ਭਾਰਤ ਦੀਆਂ ਮੁੱਖ ਝੀਲਾਂ

### 5. ਚਾਰਮੀਨਾਰ

ਹੈਦਰਾਬਾਦ ਦਾ ਚਾਰਮੀਨਾਰ ਮੁਸੀ ਨਦੀ ਦੇ ਪੂਰਬੀ ਕਿਨਾਰੇ ਉੱਤੇ ਹੈ।

### 6. ਹਸਤੀਨਾਪੁਰ

ਹਸਤੀਨਾਪੁਰ ਗੰਗਾ ਦੀ ਘਾਟੀ ਤੇ ਸਥਿਤ ਹੈ।

### 7. ਚਿਤੌੜਗੜ੍ਹ

ਇਹ ਬਰੈਚ ਨਦੀ (ਬਾਨਸ ਨਦੀ ਦੀ ਸਹਾਇਕ ਨਦੀ)ਦੇ ਖੱਬੇ ਕਿਨਾਰੇ ਉੱਤੇ ਸਥਿਤ ਹੈ।

**ਸਮੀਖਿਅਕ ਪ੍ਰਸ਼ਨ**

1. ਭਾਰਤ ਦੀਆਂ ਚਾਰ ਪਵਿੱਤਰ ਨਦੀਆਂ ਦੇ ਨਾਮ ਦੱਸੋ।
2. ਨਦੀਆਂ ਦੇ ਕਿਨਾਰੇ ਤੇ ਸਥਿਤ ਕੋਈ ਚਾਰ ਸਮਾਰਕਾਂ ਦੇ ਨਾਮ ਦੱਸੋ।
3. ਨਦੀਆਂ ਦੇ ਕਿਨਾਰਿਆਂ ਤੇ ਸਥਿਤ ਕੋਈ ਚਾਰ ਰੱਖਾਂ ਦੇ ਨਾਮ ਦੱਸੋ।

## 6.3 ਭਾਰਤ ਵਿੱਚ ਝੀਲਾਂ ਅਤੇ ਨਹਿਰਾਂ ਦਾ ਸੈਰ-ਸਪਾਟਾ

ਝੀਲਾਂ ਅਤੇ ਨਹਿਰਾਂ ਇੱਕ ਵੱਡਾ ਆਕਰਸ਼ਨ ਹੁੰਦੇ ਹਨ ਅਤੇ ਇਹ ਮੰਨੋਰੰਜਨ ਅਤੇ ਸੈਰ-ਸਪਾਟੇ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਭਾਰਤ ਵਿੱਚ ਸਾਗਰ ਅਤੇ ਨਦੀਆਂ ਤੋਂ ਇਲਾਵਾ ਝੀਲਾਂ ਅਤੇ ਨਹਿਰਾਂ ਵੀ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਵੱਡੀ ਗਿਣਤੀ ਵਿੱਚ ਮੌਜੂਦ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੇ ਵਾਤਾਵਰਣ, ਜਲਵਾਯੂ, ਸਭਿਆਚਾਰ ਅਤੇ ਸਹੂਲਤਾਂ ਕਾਰਨ ਸੈਰ-ਸਪਾਟੇ ਲਈ ਸੰਸਾਰ ਭਰ ਵਿੱਚ ਮਸ਼ਹੂਰ ਹਨ। ਨਹਿਰਾਂ ਅਤੇ ਝੀਲਾਂ ਸੈਲਾਨੀਆਂ ਨੂੰ ਸੁੰਦਰ ਦ੍ਰਿਸ਼, ਹੋਟਲ ਅਤੇ ਕਿਸ਼ਤੀ ਵਿਹਾਰ ਆਦਿ ਸਹੂਲਤਾਂ ਪ੍ਰਦਾਨ ਕਰਦੀਆਂ ਹਨ।

### 1. ਸੈਲਾਨੀਆਂ ਲਈ ਭਾਰਤ ਵਿੱਚ ਮੌਜੂਦ ਮੁੱਖ ਝੀਲਾਂ

ਆਂਧਰ ਪ੍ਰਦੇਸ਼ (ਹੁਸੈਨ ਸਾਗਰ, ਖੰਬਮ ਝੀਲ, ਕੌਲੇਰੁ, ਪੁਲਕਿਤ ਝੀਲ) ਅਸਾਮ (ਚਨਡੁੱਬੀ ਝੀਲ), ਬਿਹਾਰ (ਰਾਂਚੀ ਝੀਲ, ਤੋਪਚੰਚੀ ਝੀਲ) ਗੋਆ (ਕੋਰਮਬੋਲਿਨ ਝੀਲ, ਮੇਅਮ ਝੀਲ) ਗੁਜਰਾਤ (ਨਰਾਇਣ ਸਰੋਵਰ) ਹਰਿਆਣਾ (ਬਡਕਲ ਝੀਲ, ਬ੍ਰਹਮ ਸਰੋਵਰ, ਸੂਰਜ ਕੁੰਡ) ਹਿਮਾਚਲ ਪ੍ਰਦੇਸ਼ (ਬਰਿਗੁ ਝੀਲ, ਚਮੇਰਾ ਝੀਲ, ਚੰਦਰਾ ਤਾਲ ਝੀਲ) ਗਧਾਸਾਰੂ ਝੀਲ, ਗੋਬਿੰਦ ਸਾਗਰ ਝੀਲ, ਮਹਾਰਾਣਾ ਪ੍ਰਤਾਪ ਸਾਗਰ ਝੀਲ, ਮਨੀਮਹੇਸ਼ ਝੀਲ) ਜੰਮੂ ਅਤੇ ਕਸ਼ਮੀਰ(ਡਲ ਝੀਲ, ਮਾਨਸਬਲ ਝੀਲ, ਮਾਨਸਰ ਝੀਲ, ਵੂਲਰ ਝੀਲ) ਕਰਨਾਟਕ (ਕਰਨਜੀ ਝੀਲ, ਕੁਕਰਹਲੀ ਝੀਲ, ਉਲਸੂਰ ਝੀਲ) ਕੇਰਲ (ਅਕੁਲਮ ਝੀਲ, ਪੂਕੁਟ ਝੀਲ, ਵੇਨਬਾਨਦ ਝੀਲ), ਮਹਾਂਰਾਸ਼ਟਰ(ਅੰਬਾਜ਼ਾਰੀ ਝੀਲ, ਲੁਨਰ ਝੀਲ, ਪਾਸ਼ਨ ਝੀਲ, ਰਨਕਾਲਾ ਝੀਲ, ਰਾਮਕੁੰਡ ਝੀਲ), ਮੇਘਾਲਿਆ (ਥਡਲਾਸਕੇਨ ਝੀਲ, ਉਮੰਗ ਝੀਲ), ਉੜੀਸਾ (ਚਿਲਕਾ ਝੀਲ), ਰਾਜਸਥਾਨ (ਅਨਾ ਸਾਗਰ ਝੀਲ), ਫਤਿਹ ਸਾਗਰ ਝੀਲ, ਗੈਬ ਸਾਗਰ ਝੀਲ, ਪਿਚੋਲਾ ਝੀਲ, ਸਰਦਾਰ ਸਾਮੰਦ ਝੀਲ), ਸਿੱਕਿਮ (ਖੇਚੀਓਪਾਲਰੀ ਝੀਲ, ਸੋਮਗੋ ਝੀਲ) ਤਾਮਿਲਨਾਡੂ(ਬੇਰੀਜਾਮ ਝੀਲ, ਉਟੀ ਝੀਲ, ਪੁਲੀਕਟ ਝੀਲ), ਉੱਤਰਾਖੰਡ (ਭੀਮ ਤਾਲ, ਡੋਡੀ ਤਾਲ, ਕੇਦਾਰ ਤਾਲ, ਨੈਨੀ ਝੀਲ, ਨਚੀਕੇਡਾ ਤਾਲ, ਨੋਕੁਚੀਆ ਤਾਲ, ਰੂਪ ਕੁੰਡ), ਉੱਤਰਪ੍ਰਦੇਸ਼ (ਬਰੁਆ ਸਾਗਰ ਤਾਲ, ਰਾਧਾ ਕੁੰਡ। ਇਹ ਸਭ ਕਿਸ਼ਤੀ ਵਿਹਾਰ ਅਤੇ ਝੀਲ ਸੈਰ-ਸਪਾਟਾ ਮੁਹੱਈਆ ਕਰਵਾਉਂਦੇ ਹਨ।

### 1. ਸੈਲਾਨੀਆਂ ਲਈ ਭਾਰਤ ਵਿੱਚ ਮੌਜੂਦ ਪ੍ਰਮੁੱਖ ਨਹਿਰਾਂ

ਇੰਦਰਾ ਗਾਂਧੀ ਨਹਿਰ, ਗੰਗਾ ਨਹਿਰ, ਸੇਥੂ ਨਹਿਰ, ਆਗਰਾ ਨਹਿਰ, ਤੇਲਗੂ ਗੰਗਾ ਨਹਿਰ, ਕਲਿੰਗਰਿਆਨ ਨਹਿਰ, ਬੁੱਢਾ ਨਾਲ਼ਾ ਨਹਿਰ, ਸਤਲੁਜ-ਯਮੁਨਾ ਲਿੰਕ ਨਹਿਰ, ਹੇਠਲੀ ਭਵਾਨੀ ਨਹਿਰ, ਕਾਵੇਰੀ-ਵੈਗਈ ਲਿੰਕ ਨਹਿਰ, ਸ਼ੋਰਾਨੂਰ ਨਹਿਰ, ਤਮੀਰਬਾਰਾਨੀ-ਨਮਬਾਇਰ ਆਦਿ ਨਹਿਰਾਂ ਤੇ ਜੈਵਿਕ ਅਤੇ ਵਣ ਸੰਪਦਾ, ਕੈਚਮੈਂਟ ਹਰਿਆਲੀ ਅਤੇ ਇਨ੍ਹਾਂ ਦੇ ਕੰਢਿਆਂ ਤੇ ਹੋਟਲ ਅਤੇ ਵਿਸ਼ਰਾਮ-ਘਰ ਮੌਜੂਦ ਹਨ।

## 6.4 ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

### 1. ਨਦੀ

ਨਦੀ ਇੱਕ ਕੁਦਰਤੀ ਪਾਣੀ ਦਾ ਸ੍ਰੋਤ ਹੈ, ਜਿਸ ਵਿੱਚ ਤਾਜਾ ਪਾਣੀ, ਸਾਗਰ, ਝੀਲ, ਮਹਾਂਸਾਗਰ ਜਾਂ ਕਿਸੇ ਹੋਰ ਨਦੀ ਵੱਲ ਨੂੰ ਵਹਿੰਦਾ ਹੈ।

### 2. ਬਾਰਾਮਾਂਹੀ ਨਦੀ

ਉਹ ਨਦੀ ਜੋ ਸਾਰਾ ਸਾਲ ਬਹਿੰਦੀ ਹੈ।

### 3. ਮੌਸਮੀ ਨਦੀ

ਮੌਸਮੀ ਨਦੀ ਅਕਸਰ ਖੁਸ਼ਕ ਖੇਤਰ ਵਿੱਚ ਹੁੰਦੀ ਹੈ ਜਿਸ ਵਿੱਚ ਵਰਖਾ ਦੌਰਾਨ ਹੀ ਪਾਣੀ ਆਉਂਦਾ ਹੈ।

### 4. ਨਦੀ ਸੈਰ-ਸਪਾਟਾ

ਉਹ ਸੈਰ-ਸਪਾਟਾ ਜਿਸ ਵਿੱਚ ਸੈਲਾਨੀ ਨਦੀ ਘਾਟੀ ਦੀ ਸੈਰ-ਸਪਾਟੇ ਲਈ ਵਰਤੋਂ ਕਰਦਾ ਹੈ।

### 5. ਨਦੀ ਰਾਫਟਿੰਗ

ਨਦੀ ਰਾਫਟਿੰਗ ਇੱਕ ਚੁਣੌਤੀਪੂਰਨ ਆਊਟਡੋਰ ਮੰਨੋਰੰਜਕ ਗਤੀਵਿਧੀ ਹੈ ਜਿਸ ਵਿੱਚ ਰਾਫਟ ਦੀ ਵਰਤੋਂ ਨਾਲ ਨਦੀ ਦਾ ਰਾਸਤਾ ਪਾਰ ਕੀਤਾ ਜਾਂਦਾ ਹੈ।

### 6. ਰਾਫਟ

ਰਾਫਟ ਬਣੀਆਂ ਹੋਈਆਂ ਲੱਕੜੀਆਂ ਦਾ ਤੈਰਨਯੋਗ ਚਪਟਾ ਢਾਂਚਾ ਹੁੰਦਾ ਹੈ ਜਿਸ ਨੂੰ ਕਿਸ਼ਤੀ ਵਾਂਗ ਵਰਤਿਆ ਜਾਂਦਾ ਹੈ।

### 7. ਕੈਨੋਇੰਗ

ਕੈਨੋਇੰਗ ਇੱਕ ਆਊਟਡੋਰ ਗਤੀਵਿਧੀ ਹੈ ਜਿਸ ਵਿੱਚ ਖਾਸ ਕਿਸਮ ਦੇ ਕੈਨੋਈ (ਛੋਟੀ ਕਿਸ਼ਤੀ) ਦੀ ਵਰਤੋਂ ਕੀਤੀ ਜਾਂਦੀ ਹੈ।

### 8. ਕੈਨੋਈ (ਡੋਂਘੀ)

ਕੈਨੋਈ ਇੱਕ ਛੋਟੀ ਤੰਗ ਕਿਸ਼ਤੀ ਹੈ, ਜੋ ਮਾਨਵ ਸੰਚਾਲਿਤ ਹੁੰਦੀ ਹੈ ਪਰ ਇਸ ਨੂੰ ਛੋਟੀ ਬਿਜਲਈ ਮੋਟਰ, ਗੈਸ ਮੋਟਰ ਜਾਂ ਪਾਲਾ ਦੁਆਰਾ ਚਲਾਇਆ ਜਾ ਸਕਦਾ ਹੈ।

### 9. ਕਾਯਕਿੰਗ

ਕਾਯਕਿੰਗ ਵਿੱਚ ਪਾਣੀ ਤੇ ਤੈਰਨ ਲਈ ਕਾਯਕ ਦੀ ਵਰਤੋਂ ਕੀਤੀ ਜਾਂਦੀ ਹੈ।

### 10. ਕਾਯਕ

ਕਾਯਕ ਦੀ ਪਰਿਭਾਸ਼ਾ ਅੰਤਰ-ਰਾਸ਼ਟਰੀ ਕੈਨੋਈ ਸੰਘ ਦੁਆਰਾ ਇੱਕ ਕਿਸ਼ਤੀ ਵਜੋਂ ਕੀਤੀ ਜਾਂਦੀ ਹੈ ਜਿਸ ਵਿੱਚ ਚਾਲਕ ਮੂੰਹ ਅਗਾਂਹ ਵੱਲ ਅਤੇ ਲੱਤਾਂ ਸਾਹਮਣੇ ਵੱਲ ਨੂੰ ਰੱਖਦਿਆਂ ਹੋਇਆ ਡਬਲ ਬਲੈਡ ਪੈਡਲ ਦੀ ਵਰਤੋਂ ਕਰਦਾ ਹੈ।

### 11. ਰੈਪਿਡ

ਰੈਪਿਡ ਨਦੀ ਦੇ ਉਸ ਭਾਗ ਨੂੰ ਕਹਿੰਦੇ ਹਨ, ਜਿੱਥੇ ਨਦੀ ਦਾ ਤਲ ਆਮ ਨਾਲੋਂ ਜ਼ਿਆਦਾ ਢਲਾਣ ਵਾਲਾ ਹੁੰਦਾ ਹੈ, ਜਿਸ ਕਰਕੇ ਪਾਣੀ ਦੀ ਗਤੀ ਅਤੇ ਵਹਾਅ ਵੱਧ ਜਾਂਦਾ ਹੈ।

### 12. ਝੀਲ

ਝੀਲ ਵੱਡੀ ਮਾਤਰਾ ਵਿੱਚ ਖੜੇ ਤਾਜ਼ੇ ਜਾਂ ਨਮਕੀਨ ਪਾਣੀ ਨੂੰ ਕਹਿੰਦੇ ਹਨ। ਇਹ ਅਜਿਹੇ ਬੇਸਨ ਤੇ ਹੁੰਦੀਆਂ ਹਨ ਜਿਸਦੇ ਵਿੱਚ ਕਾਫੀ ਮਾਤਰਾ ਵਿੱਚ ਪਾਣੀ, ਦਰਿਆ ਅਤੇ ਨਦੀਆਂ ਹੁੰਦੀਆਂ ਹਨ ਜੋ ਝੀਲ ਨੂੰ ਪਾਣੀ ਪ੍ਰਦਾਨ ਕਰਦੀਆਂ ਹਨ। ਝੀਲਾਂ ਥਲ ਭਾਗ ਵਿੱਚ ਹੁੰਦੀਆਂ ਹਨ। ਇਹ ਲੈਗੂਨ ਵਾਂਗ ਮਹਾਂਸਾਗਰ ਦਾ ਹਿੱਸਾ ਨਹੀਂ ਹੁੰਦੀਆਂ ਅਤੇ ਤਲਾਬਾਂ ਨਾਲੋਂ ਜ਼ਿਆਦਾ ਵੱਡੀਆਂ ਅਤੇ ਡੂੰਘੀਆਂ ਹੁੰਦੀਆਂ ਹਨ।

### 13. ਨਹਿਰ

ਨਹਿਰਾਂ ਮਨੁੱਖ ਦੁਆਰਾ ਨਿਰਮਿਤ ਪਾਣੀ ਦੇ ਚੈਨਲ ਹੁੰਦੇ ਹਨ।

### 14. ਸ਼ਿਕਾਰਾ

ਸ਼ਿਕਾਰਾ ਲੱਕੜ ਦੇ ਜ਼ਹਾਜ਼ ਵਰਗਾ ਹੁੰਦਾ ਹੈ ਜੋ ਡੱਲ ਝੀਲ ਜ਼ੰਮੂ-ਕਸ਼ਮੀਰ ਤੇ ਸ਼੍ਰੀ ਨਗਰ ਦੇ ਪਾਣੀਆਂ ਵਿੱਚ ਚਲਾਏ ਜਾਂਦੇ ਹਨ।

## ਦੁਹਰਾਈ ਲਈ ਪ੍ਰਸ਼ਨ

### ਖਾਲੀ ਥਾਵਾਂ ਭਰੋ:

1. ਗੰਗਾ _________ ਗਲੇਸ਼ੀਅਰ ਤੋਂ ਉਤਪੰਨ ਹੁੰਦੀ ਹੈ।

2. ਮਹਾਂਕਾਲੀ ਜਾਂ ਸ਼ਾਰਦਾ _________ ਦੀ ਸੀਮਾ ਬਣਾਉਂਦੀ ਹੈ।

3. ਨਰਮਦਾ ਨਦੀ ਭਗਵਾਨ ਸ਼ਿਵ ਦੇ ਸ਼ਰੀਰ ਤੋਂ ਨਿਕਲਦੀ ਹੈ, ਜਦੋਂ ਉਹ _________ ਕਰਦੇ ਹਨ।

4. ਭਾਰਤ ਵਿੱਚ _________ ਕਿ:ਮੀ ਦੇ ਲਗਭਗ ਆਵਾਜਾਈ ਯੋਗ ਜਲਧਾਰਾਵਾਂ ਹਨ।

5. ਗਿਰ ਜੰਗਲ ਰਾਸ਼ਟਰੀ ਪਾਰਕ ਅਤੇ ਜੰਗਲੀ-ਜੀਵ ਜੰਤੂ ਘਰ ਨੂੰ _________ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

6. _________ ਵਾਦੀ ਰਾਸ਼ਟਰੀ ਪਾਰਕ ਨੀਲ ਗਿਰੀ ਪਹਾੜੀਆਂ ਉੱਪਰ ਸਥਿਤ ਹੈ।

7. ਅੰਨਾਮਲਾਈ ਜੀਵ-ਜੰਤੂ ਰੱਖ ਨੂੰ _________ ਜੀਵ-ਜੰਤੂ ਰੱਖ ਵੀ ਕਿਹਾ ਜਾਂਦਾ ਹੈ।

8. ਤਾਜ-ਮਹੱਲ _________ ਨਦੀ ਦੇ ਕੰਡੇ ਆਗਰਾ ਵਿੱਚ ਹੈ।

9. ਅਜੰਤਾ ਗੁਫਾਵਾਂ ਨੂੰ _________ ਨਦੀ ਬੇਸਨ ਦੀਆਂ ਪਥਰੀਲੀਆਂ ਪਹਾੜੀਆਂ ਚੋਂ ਤਰਾਸ਼ਿਆ ਗਿਆ ਹੈ।

10. ਹੈਦਰਾਬਾਦ ਦਾ ਚਾਰਮਿਨਾਰ _________ ਨਦੀ ਦੇ ਪੂਰਬੀ ਤੱਟ ਤੇ ਸਥਿਤ ਹੈ।

### ਛੋਟੇ ਪ੍ਰਸ਼ਨ-ਉੱਤਰ:

1. ਬਾਰਾਮਾਂਹੀ ਨਦੀਆਂ ਕਿਹੜੀਆਂ ਹਨ ?

2. ਰਿਵਰ ਰਾਫਟਿੰਗ ਕੀ ਹੁੰਦੀ ਹੈ ?

3. ਕੈਨੋਇੰਗ ਕੀ ਹੁੰਦੀ ਹੈ ?

4. ਕਾਯਕ ਕੀ ਹੁੰਦਾ ਹੈ ?

5. ਸ਼ਿਕਾਰਾ ਤੋਂ ਤੁਸੀ ਕੀ ਸਮਝਦੇ ਹੋ ?

6. ਝੀਲ ਦੀ ਪਰਿਭਾਸ਼ਾ ਦਿਓ ?

7. ਭਾਰਤ ਦੀ ਸਭ ਤੋਂ ਵੱਡੀ ਨਹਿਰ ਕਿਹੜੀ ਹੈ ?

8. ਜੰਗਲੀ-ਜੀਵ ਜੰਤੂ ਰੱਖ ਕੀ ਹੁੰਦੀ ਹੈ ?

9. ਭਾਰਤ ਦਾ ਸਭ ਤੋਂ ਵੱਡਾ ਰਾਸ਼ਟਰੀ ਜਲ ਮਾਰਗ ਕਿਹੜਾ ਹੈ ?

10. ਇਲੋਰਾ ਗੁਫਾਵਾਂ ਕਿਹੜੀ ਨਦੀ ਦੇ ਬੇਸਨ ਤੇ ਸਥਿਤ ਹਨ ਅਤੇ ਇਹ ਕਿਸ ਕਰਕੇ ਮਸ਼ਹੂਰ ਹਨ।

### ਵੱਡੇ ਪ੍ਰਸ਼ਨ-ਉੱਤਰ:

1. ਭਾਰਤ ਦੀਆਂ ਉਨ੍ਹਾਂ ਨਦੀਆਂ ਦੇ ਨਾਮ ਦੱਸੋ ਜੋ ਰਾਫਟਿੰਗ, ਕੈਨੋਇੰਗ ਅਤੇ ਕਾਯਕਿੰਗ ਪ੍ਰਦਾਨ ਕਰਦੀਆਂ ਹਨ ?
2. ਭਾਰਤ ਦੀਆਂ ਪਵਿੱਤਰ ਨਦੀਆਂ ਬਾਰੇ ਵਿਸਥਾਰ ਵਿੱਚ ਚਰਚਾ ਕਰੋ ਅਤੇ ਸੈਰ-ਸਪਾਟੇ ਵਿੱਚ ਉਨ੍ਹਾਂ ਦੀ ਕੀ ਮਹੱਤਤਾ ਹੈ ?
3. ਭਾਰਤ ਦੀਆਂ ਨਦੀਆਂ ਦੇ ਕੰਡੇ ਕਿਹੜੀਆਂ ਜੀਵ-ਜੰਤੂ ਰੱਖਾਂ ਅਤੇ ਰਾਸ਼ਟਰੀ ਪਾਰਕ ਹਨ ਅਤੇ ਉਨ੍ਹਾਂ ਨੂੰ ਭਾਰਤ ਦੇ ਨਕਸ਼ੇ ਉਤੇ ਦਰਸਾਓ।
4. ਭਾਰਤ ਦੇ ਮਸ਼ਹੂਰ ਸਮਾਰਕਾਂ ਦੇ ਨਾਮ ਲਿਖੋ ਜੋ ਨਦੀਆਂ ਦੇ ਕੰਡੇ ਉਤੇ ਸਥਿਤ ਹਨ। ਉਨ੍ਹਾਂ ਨੂੰ ਭਾਰਤ ਦੇ ਨਕਸ਼ੇ ਵਿੱਚ ਦਰਸਾਓ।
5. ਝੀਲਾਂ ਅਤੇ ਨਹਿਰਾਂ ਭਾਰਤ ਦੇ ਮੁੱਖ ਸੈਲਾਨੀ ਆਕਰਸ਼ਨ ਦਾ ਕਾਰਨ ਬਣ ਰਹੀਆਂ ਹਨ। ਮੁੱਖ ਝੀਲਾਂ ਅਤੇ ਨਹਿਰਾਂ ਜੋ ਸੈਲਾਨੀ ਆਕਰਸ਼ਨ ਦਾ ਕਾਰਨ ਹਨ ਬਾਰੇ ਵਿਚਾਰ ਵਟਾਂਦਰਾ ਕਰੋ।

### 6.5 ਪ੍ਰਯੋਗੀ ਗਤੀਵਿਧੀਆਂ :

1. ਭਾਰਤ ਦੇ ਭੌਤਿਕ ਨਕਸ਼ੇ ਉਤੇ ਭਾਰਤ ਦੀਆਂ ਮੁੱਖ ਝੀਲਾਂ ਨੂੰ ਦਰਸਾਉ।
2. ਆਪਣੇ ਖੇਤਰ ਦੀ ਕਿਸੇ ਮੁੱਖ ਨਦੀ ਦੇ ਸਥਾਨ ਉਤੇ ਜਾ ਕੇ ਇੱਕ ਰਿਪੋਰਟ ਤਿਆਰ ਕਰੋ ਕਿ ਇਹ ਕਿਵੇਂ ਸੈਲਾਨੀਆ ਨੂੰ ਆਕਰਸ਼ਿਤ ਕਰਦੀ ਹੈ।

# ਯੂਨਿਟ -7
# ਭਾਰਤ ਦੇ ਸੈਰਸਪਾਟੇ ਦੇ ਸੱਭਿਆਚਾਰਕ ਸਰੋਤ

## ਵਿਸ਼ਾ ਸੂਚੀ


7.0 ਯੂਨਿਟ ਦੀ ਆਮ ਜਾਣਕਾਰੀ ਅਤੇ ਵਰਣਨ

- ਆਮ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸਮੱਗਰੀ
- ਪੜ੍ਹਨ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

7.1 ਜਾਣ ਪਛਾਣ

7.2 ਬਣਾਏ ਗਏ ਸੈਰਸਪਾਟੇ ਦੇ ਸੱਭਿਆਚਾਰ ਸਰੋਤ

7.3 ਸੈਰਸਪਾਟੇ ਦੇ ਧਾਰਮਿਕ ਦੇ ਸੱਭਿਆਚਾਰ ਸਰੋਤ

7.4 ਖੇਡ ਸਰੋਤ

7.5 ਭਾਰਤ ਦਾ ਪੁਰਾਤਨਵਾਦ

7.6 ਮਨੋਰੰਜਨ ਦੇ ਸਰੋਤ

7.7 ਸੈਰਸਪਾਟੇ ਸਰੋਤ ਵੱਜੋ ਭਾਰਤੀ ਵਿਅੰਜਨ

7.8 ਕਲਾਂ, ਕਲਾਕ੍ਰਿਤੀਆ ਅਤੇ ਖਾਦੀ ਭੰਡਾਰ (ਹੈਡਲੂਮ )


## 8.0 ਯੂਨਿਟ ਦੀ ਆਮ ਜਾਣਕਾਰੀ ਅਤੇ ਵਰਣਨ

ਇਹ ਅਧਿਆਇ ਭਾਰਤ ਦੇ ਸੈਰਸਪਾਟੇ ਸੱਭਿਆਚਾਰਕ ਸਰੋਤਾਂ ਨਾਲ ਸਬੰਧ ਰੱਖਦਾ ਹੈ

**ਇਹ ਯੂਨਿਟ ਹੇਠਾਂ ਦਿੱਤੀ ਜਾਣਕਾਰੀ ਅਤੇ ਹੁਨਰਤਾ ਪ੍ਰਦਾਨ ਕਰਨ ਬਾਰੇ ਦੱਸੇਗਾ :-**


– ਸੈਰਸਪਾਟਾ ਸਭਿਆਚਾਰਕ ਸਰੋਤਾਂ ਦਾ ਮੂਲ ਤੱਤ

– ਸੈਰਸਪਾਟਾ ਸਭਿਆਚਾਰਕ ਸਰੋਤਾਂ ਦੀਆ ਵਿਸ਼ੇਸਤਾਵਾ

– ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀਆਂ ਕਿਸਮਾਂ

–ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀ ਮਹੱਤਤਾ

–ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀ ਧਰਾਧਲੀ ਵੰਡ ਅਤੇ ਸੈਰਸਪਾਟਾ ਉਤਪਾਦ ਦੇ ਨਤੀਜੇ




ਨਕਸ਼ਾ 7.1 ਭਾਰਤ ਦੇ ਜੀਵ-ਭੂਗੋਲਿਕ ਖੇਤਰ

## ਸਰੋਤ ਸਮੱਗਰੀ:-


1. ਏ.ਕੇ ਗਇਨਾ:-ਇਕੋਲੋਜੀ,ਵਾਇਲਡਲਾਈਫ ਅਤੇ ਟੂਰਿਜ਼ਮ ਡਿਵੈਲਪਮੈਂਟ ਸਰੂਪ ਐਂਡ ਸੰਨਜ਼ ਪਬਲੀਕੇਸ਼ਨ, ਨਵੀਂ ਦਿੱਲੀ-2005

2. ਅਵੀਨਾਸ਼ ਚਿਰੰਜੀਵ-ਵਾਈਲਡਲਾਈਫ ਟੂਰਿਜ਼ਮ ਰਿਸੋਰਸਿਜ, ਜਨਾਨਦਾ,ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਦਿੱਲੀ-2008

3. ਵਰਸ਼ਾ ਐਂਡ-ਇੰਨਕਰੈਡੀਬਲ ਇੰਡੀਆ

## ਪੜ੍ਹਨ ਦੇ ਨਤੀਜੇ

| ਯੂਨਿਟ-7<br>ਸੈਰ-ਸਪਾਟਾ ਭਾਰਤ ਵਿੱਚ ਜੀਵ-ਭੂਗੋਲਿਕ ਸਰੋਤ | ਨਤੀਜੇ<br>ਇਨ੍ਹਾਂ ਸਭ ਯੂਨਿਟਾਂ ਨੂੰ ਪੜ੍ਹਨ ਤੋਂ ਬਾਅਦ |
|---|---|
| 7.1 ਜਾਣ ਪਛਾਣ | ਵਿਦਿਆਰਥੀ ਭਾਰਤ ਵਿੱਚ ਜੀਵ-ਭੂਗੋਲਿਕ ਸਰੋਤਾਂ ਦੇ ਵੱਖ-2 ਦ੍ਰਿਸ਼ਟੀਕੋਣਾਂ ਨੂੰ ਸੈਰਸਪਾਟਾ ਸਰੋਤ ਵਜੋਂ ਸਮਝਣ ਦੇ ਯੋਗ ਹੋਣਗੇ। |
| 7.2 ਭਾਰਤ ਦੀ ਬਨਸਪਤਿਕ ਅਤੇ ਜੈਵਿਕ ਸੰਪਦਾ | ਵਿਦਿਆਰਥੀ ਬਨਸਪਤਿਕ ਅਤੇ ਜੈਵਿਕ ਸੰਪਦਾ ਦੀਆਂ ਪਰਿਭਾਸ਼ਾ ਅਤੇ ਇਨ੍ਹਾਂ ਵਿਚਲੇ ਫਰਕ ਨੂੰ ਸਮਝਣ ਦੇ ਯੋਗ ਹੋਣਗੇ। |
| 7.3 ਪਰਿਆਵਰਣਿਕ ਸੈਰ (EcoTourism) | ਵਿਦਿਆਰਥੀ ਪਰਿਆਵਰਣਿਕ ਸੈਰ ਦੀ ਪਰਿਭਾਸ਼ਾ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਯੋਗ ਹੋਣਗੇ। |
| 7.4 ਜੰਗਲੀ ਜੀਤ ਜੰਤੂ ਘਰ | ਵਿਦਿਆਰਥੀ ਭਾਰਤ ਦੇ ਦਸ ਬਹੁਤ ਮਸ਼ਹੂਰ ਜੰਗਲੀ ਜੀਵ-ਜੰਤੂ ਘਰਾਂ ਬਾਰੇ ਸਮਝਣ ਦੇ ਯੋਗ ਹੋਣਗੇ। |
| 7.5 ਭਾਰਤ ਦੀਆਂ ਉਪਰਲੀਆਂ ਦਸ ਮਸ਼ਹੂਰ ਪੰਛੀ ਰੱਖਾਂ (ਖੇਤਰ) | ਵਿਦਿਆਰਥੀ ਭਾਰਤ ਦੀਆਂ ਉਪਰਲੀਆਂ ਦਸ ਪੰਛੀ ਰੱਖਾਂ ਬਾਰੇ ਸਮਝਣ ਦੇ ਯੋਗ ਹੋਣਗੇ। |
| 7.6 ਭਾਰਤ ਦੇ ਬਨਸਪਤਿਕ ਬਾਗ (Botanical Gar dens) | ਵਿਦਿਆਰਥੀ ਭਾਰਤ ਦੇ ਬਨਸਪਤੀ ਬਾਗਾਂ ਬਾਰੇ ਸਮਝਣ ਦੇ ਯੋਗ ਹੋਣਗੇ। |

## ਮੁਲਾਂਕਣ ਪਲਾਨ (ਅਧਿਆਪਕਾਂ ਲਈ):

| ਯੂਨਿਟ-7 | ਵਿਸ਼ਾ | ਮੁਲਾਂਕਣ-ਤਰੀਕਾ | ਸਮਾਂ-ਸਾਰਣੀ | ਕਾਰਗੁਜ਼ਾਰੀ ਟਿੱਪਣੀ |
|---|---|---|---|---|
| 7.1 | ਜਾਣ-ਪਛਾਣ | ਪ੍ਰਸ਼ਨ-ਉੱਤਰ | | |
| 7.2 | ਭਾਰਤ ਦੀ ਬਨਸਪਤੀ ਅਤੇ ਜੈਵਿਕ ਸੰਪਦਾ (Flora and Fauna) | ਪ੍ਰਸ਼ਨ-ਉੱਤਰ | | |
| 7.3 | ਪਰਿਆਵਰਣਿਕ ਸੈਰ (Eco tourism) | ਪ੍ਰਸ਼ਨ-ਉੱਤਰ | | |
| 7.4 | ਜੰਗਲੀ ਜੀਵ-ਜੰਤੂ ਘਰ (wild life sanctuaries) | ਪ੍ਰਸ਼ਨ-ਉੱਤਰ | | |
| 7.5 | ਭਾਰਤ ਦੀਆਂ ਉੱਪਰਲੀਆਂ ਦਸ ਮਸ਼ਹੂਰ ਪੰਛੀ-ਰੱਖਾਂ (ਖੇਤਰ)(Bird sanctuaries) | ਪ੍ਰਸ਼ਨ-ਉੱਤਰ | | |
| 7.6 | ਭਾਰਤ ਦੇ ਬਨਸਪਤਿਕ ਬਾਗ (Botanical Gardens) | ਪ੍ਰਸ਼ਨ-ਉੱਤਰ | | |

### ਜਾਣ-ਪਛਾਣ:

ਜੀਵ ਭੂਗੋਲਿਕ ਸਰੋਤ ਉਹ ਸਰੋਤ ਹਨ ਜੋ ਕਿਸੇ ਵਿਸ਼ੇਸ਼ ਖੇਤਰ ਦੇ ਜੈਵਿਕ ਜੀਵਨ ਅਤੇ ਉਸ ਖੇਤਰ ਦੇ ਆਲ਼ੇ-ਦੁਆਲੇ ਦੇ ਭੌਤਕੀ ਵਾਤਾਵਰਨ ਦੇ ਨਤੀਜਾਜਨਕ ਸਰੋਤ ਹੁੰਦੇ ਹਨ।

ਇਹ ਜੀਵ ਭੂਗੋਲਿਕ ਸਰੋਤ ਕੁਦਰਤ ਅਧਾਰਿਤ ਸੈਰ-ਸਪਾਟਾ ਜਿਵੇਂ ਜੰਗਲੀ ਪ੍ਰਾਣੀ ਘਰ, ਚਿੜੀਆ-ਘਰ, ਰਾਸ਼ਟਰੀ-ਪਾਰਕ, ਬਨਸਪਤਿਕ ਬਾਗ, ਅਕਵੇਰੀਅਮ, ਜੰਗਲੀ ਪ੍ਰਾਣੀ ਸਫਾਰੀ ਅਤੇ ਕੁਝ ਖਾਸ ਸੈਰ ਜਿਵੇਂ ਪਰਿਆ ਵਰਨਿਕ ਸੈਰ, ਧਰਾਤਲ ਸੈਰ-ਸਪਾਟਾ, ਸ਼ਾਰਕ ਅਤੇ ਵੇਲ ਸੈਰ-ਸਪਾਟਾ ਆਦਿ ਦੇ ਮੁੱਖ ਆਧਾਰ ਅਤੇ ਸਪਲਾਇਰ ਹੁੰਦੇ ਹਨ।

ਬਾਇਓਮ, ਜੀਵ-ਭਿੰਨਤਾ, ਵਾਤਾਵਰਨ, ਪਰਿਆਵਰਨਿਕ ਪ੍ਰਬੰਧ ਅਤੇ ਪ੍ਰਸਥਿਤੀ-ਵਿਗਿਆਨ-ਜੀਵ ਭੂਗੋਲ ਦੇ ਮੁੱਖ ਅੰਗ ਹੁੰਦੇ ਹਨ। ਹਰ ਕਿਸਮ ਦੇ ਸੈਰ-ਸਪਾਟੇ ਨੂੰ ਕਾਇਮ ਰੱਖਣ ਲਈ ਜੀਵ-ਭੂਗੋਲ ਦੇ ਸਾਰੇ ਅੰਗਾਂ ਵਿੱਚ ਇੱਕ ਠੀਕ ਸੰਤੁਲਨ ਹੋਣਾ ਚਾਹੀਦਾ ਹੈ।

ਜੀਵ-ਭੂਗੋਲ ਦਾ ਸੰਬੰਧ ਬਾਇਓਮ, ਜੀਵ-ਭਿੰਨਤਾ, ਵਾਤਾਵਰਨ, ਪਰਿਆਵਰਨਿਕ ਪ੍ਰਬੰਧ ਅਤੇ ਪਰਿਆਵਰਵਿਕ ਵਿਗਿਆਨ ਨਾਲ ਹੁੰਦਾ ਹੈ।

1. **ਜੈਵਿਕ-ਭਿੰਨਤਾ:** ਜੈਵਿਕ ਭਿੰਨਤਾ ਦਾ ਭਾਵ ਜੈਵਿਕ ਹਿੱਸਿਆਂ (ਮਨੁੱਖ, ਬਨਸਪਤੀ ਅਤੇ ਜੀਵ-ਸੰਪਦਾ) ਵਿੱਚ ਆਪਸੀ ਅਤੇ ਉਨ੍ਹਾਂ ਦੇ ਭੌਤਿਕੀ ਆਲੇ-ਦੁਆਲੇ ਵਿੱਚ ਭਿੰਨਤਾ। ਬਿਨ੍ਹਾਂ ਜੈਵਿਕ ਭਿੰਨਤਾ ਦੇ ਸੈਰਸਪਾਟੇ ਦੇ ਵੱਧਣ-ਫੁੱਲਣ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ ਕਿਉਂਕਿ ਭਿੰਨਤਾ ਹੀ ਮਨੁੱਖੀ ਵਿਵਹਾਰ ਅਨੁਸਾਰ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਦਾ ਹੈ।
2. **ਪਰਿਆਵਰਣਿਕ ਵਿਗਿਆਨ:** ਜੈਵਿਕ ਜੀਵ-ਜੰਤੂਆਂ ਦੇ ਆਪਸੀ ਸੰਬੰਧ ਅਤੇ ਇਨ੍ਹਾਂ ਦਾ ਆਲੇ-ਦੁਆਲੇ ਦੇ ਭੌਤਿਕ ਚੌਗਿਰਦੇ ਨਾਲ ਸਥਾਪਿਤ ਸੰਬੰਧ ਬਾਰੇ ਪੜ੍ਹਨ ਦੇ ਵਿਗਿਆਨ ਨੂੰ ਪਰਿਆਵਰਣ ਵਿਗਿਆਨ ਆਖਦੇ ਹਨ। ਇਹ ਪਰਿਆਵਰਣ ਅਤੇ ਜੀਵ-ਭਿੰਨਤਾ ਹੀ ਹਰ ਤਰ੍ਹਾਂ ਦੇ ਸੈਰ-ਸਪਾਟੇ ਦੇ ਲਈ ਪਲੇਟਫਾਰਮ ਤਿਆਰ ਕਰਦਾ ਹੈ ਕਿਉਂਕਿ ਪਰਿਆਵਰਣਿਕ ਦਾ ਸਤੁੰਲਨ ਸੈਰ-ਸਪਾਟੇ ਦੇ ਵਧਣ-ਫੁੱਲਣ ਅਤੇ ਇਸ ਦੀ ਸਥਿਰਤਾ ਬਣਾਉਣ ਵਿੱਚ ਸਹਾਈ ਹੁੰਦਾ ਹੈ।
3. **ਬਾਇਓਮ:** ਬਾਇਓਮ ਉਹ ਇੱਕ ਵੱਡਾ ਭੂਗੋਲਿਕ ਖੇਤਰ ਹੈ ਜਿਸ ਵਿੱਚ ਦੋਨੋਂ ਭੌਤਿਕੀ ਅਤੇ ਜੈਵਿਕੀ ਤੱਤ ਇਕਸਾਰਤਾ ਨਾਲ ਮੌਜੂਦ ਹੁੰਦੇ ਹਨ।
4. **ਵਾਤਾਵਰਨ:** ਹਰ ਤਰ੍ਹਾਂ ਦੇ ਆਲੇ-ਦੁਆਲੇ ਦੇ ਸੁਮੇਲ ਨੂੰ ਵਾਤਾਵਰਨ ਆਖਦੇ ਹਨ। ਜੇਕਰ ਧਿਆਨ ਦਿੱਤਾ ਜਾਵੇ ਤਾਂ ਨਿਸ਼ਚਿਤ ਹੈ ਕਿ ਹਰ ਤਰ੍ਹਾਂ ਦੇ ਸੈਰ-ਸਪਾਟੇ ਦੀ ਬੁਨਿਆਦ ਅਤੇ ਉਤਪੱਤੀ ਵਿੱਚ ਜੀਵ-ਭੂਗੋਲ ਅਤੇ ਇਸ ਦੇ ਤੱਤਾਂ ਦਾ ਸਿੱਧੇ ਜਾਂ ਅਸਿੱਧੇ ਤੌਰ ਤੇ ਯੋਗਦਾਨ ਹੁੰਦਾ ਹੈ।

#### ਸਮੀਖਿਅਕ ਪ੍ਰਸ਼ਨ:

1.ਖਾਲੀ ਥਾਵਾਂ ਭਰੋ:

(ੳ) ਸਾਰੇ ਤਰ੍ਹਾਂ ਦੇ ਆਲੇ-ਦੁਆਲੇ ਦੇ ਸੁਮੇਲ ਨੂੰ ______________ ਕਹਿੰਦੇ ਹਨ।

(ਅ) _____________ ਭਾਵ ਜੈਵਿਕ ਤੱਤਾਂ (ਮਨੁੱਖ, ਬਨਸਪਤੀ ਅਤੇ ਜੀਵ ਸੰਪਦਾ) ਅਤੇ ਉਨ੍ਹਾਂ ਦੇ ਭੌਤਿਕੀ ਆਲੇ-ਦੁਆਲੇ ਦੀ ਭਿੰਨਤਾ ਹੁੰਦਾ ਹੈ।

(ੲ) __________ ਜੈਵਿਕ ਜੀਵ-ਜੰਤੂਆਂ ਦੇ ਆਪਸੀ ਸਬੰਧ ਅਤੇ ਇਨ੍ਹਾਂ ਦਾ ਆਲੇ-ਦੁਆਲੇ ਦੇ ਭੌਤਿਕੀ ਚੌਗਿਰਦੇ ਨਾਲ ਸਥਾਪਿਤ ਸੰਬੰਧ ਬਾਰੇ ਪੜ੍ਹਨ ਨੂੰ ਆਖਦੇ ਹਨ।

## 7.2 ਭਾਰਤ ਦੀ ਬਨਸਪਤੀ ਅਤੇ ਜੈਵਿਕ ਸੰਪਦਾ:

ਭਾਰਤ ਕੋਲ ਵੱਖ-ਵੱਖ ਸੱਭਿਆਚਾਰ ਅਤੇ ਧਰਮਾਂ ਦੀ ਤਰ੍ਹਾਂ ਬਨਸਪਤੀ ਅਤੇ ਜੈਵਿਕ ਸੰਪਦਾ ਹੈ। ਭਾਰਤੀ ਉਪ-ਮਹਾਂਦੀਪ ਦੀ ਬਨਸਪਤਿਕ ਅਤੇ ਜੈਵਿਕ ਸੰਪਦਾ ਇਸ ਦੇ ਕੁਦਰਤ ਨੂੰ ਪਿਆਰ ਕਰਨ ਵਾਲਿਆਂ ਲਈ ਖਿੱਚ ਦਾ ਕੇਂਦਰ ਬਣਦੀ ਹੈ। ਭਾਰਤ ਦਾ ਲਗਭਗ 23.68% ਖੇਤਰ ਜੰਗਲਾਂ ਦੁਆਰਾ ਘਿਰਿਆ ਹੋਇਆ ਹੈ। ਬਨਸਪਤੀ ਅਤੇ ਜੈਵਿਕ ਸੰਪਦਾ ਦੇਸ਼ ਦਾ ਸ਼ੀਸ਼ਾ ਹੁੰਦੇ ਹਨ। ਬਨਸਪਤੀ ਅਤੇ ਜੈਵਿਕ ਸੰਪਦਾ ਦੀ ਅਮੀਰੀ ਭਾਰਤ ਦੇ ਜਲਵਾਯੂ ਅਤੇ ਟੋਪੋਗ੍ਰਾਫੀ ਦੇ ਸੁਮੇਲ ਵਿੱਚ ਦਿਖਾਈ ਦਿੰਦੀ ਹੈ। ਬਨਸਪਤਿਕ ਸੰਪਦਾ (ਪੇੜ-ਪੌਦੇ ਜਾਂ ਜੰਗਲ ) ਕਈ ਦੁਰਲੱਭ ਅਤੇ ਖਾਸ ਜੀਵ-ਜੰਤੂਆਂ (ਜੈਵਿਕ ਸੰਪਦਾ) ਨੂੰ ਘਰ ਦਿੰਦਾ ਹੈ। ਇਹ ਖੇਤਰ ਤੋਂ ਖੇਤਰ ਭਿੰਨ ਹੁੰਦੇ ਹਨ ਅਤੇ ਹਰ ਇੱਕ ਬਨਸਪਤਿਕ ਅਤੇ ਜੈਵਿਕ ਸੰਪਦਾ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹ ਬਨਸਪਤਿਕ ਅਤੇ ਜੈਵਿਕ ਸੰਪਦਾ ਸੈਰ-ਸਪਾਟੇ ਦੇ ਭੂਗੋਲਿਕ ਸਰੋਤਾਂ ਵਜੋਂ ਬਹੁਤ ਸਮੱਰਥਾ ਰੱਖਦੇ ਹਨ।

### (ੳ) ਬਨਸਪਤਿਕ ਸੰਪਦਾ (Flora)

ਬਨਸਪਤੀ ਵਰਗ ਦੀ ਹਰ ਪ੍ਰਜਾਤੀ ਜੋ ਕਿਸੇ ਖਾਸ ਖੇਤਰ ਸਮੇਂ ਜਾਂ ਖਾਸ ਵਾਤਾਵਰਣ ਵਿੱਚ ਮਿਲਦੀ ਹੈ, ਇਕੱਠੇ ਹੋ ਕੇ 'ਬਨਸਪਤਿਕ ਸੰਪਦਾ'ਕਹਾਉਂਦੀ ਹੈ। 'ਫਲੋਰਾ' ਸ਼ਬਦ ਰੋਮਨ ਦੇਵੀ ਤੋਂ ਲਿਆ ਗਿਆ ਹੈ। ਭਾਰਤੀ ਬਨਸਪਤਿਕ ਸੰਪਦਾ ਵਿੱਚ 15,000 ਦੇ ਕਰੀਬ ਪ੍ਰਜਾਤੀਆਂ ਹਨ।

### (ਅ) ਜੈਵਿਕ ਸੰਪਦਾ

ਹਰ ਤਰ੍ਹਾਂ ਦੇ ਪ੍ਰਾਣੀ ਜਿਹੜੇ ਜੀਵ-ਜੰਤੂ ਵਰਗ ਵਿੱਚ ਕਿਸੇ ਵੀ ਖਾਸ ਖੇਤਰ ਜਾਂ ਸਮੇਂ ਵਿੱਚ ਆਉਂਦੇ ਹਨ। ਦੇਸ਼ ਦੀ 'ਜੈਵਿਕ ਸੰਪਦਾ' ਅਖਵਾਉਂਦੇ ਹਨ। ਮੈਮਲ ਦੀ (ਥਣਧਾਰੀ ਪ੍ਰਾਣੀ) ਦੀਆਂ ਲਗਭਗ 400 ਦੇ ਕਰੀਬ ਪੰਛੀਆਂ ਦੀਆਂ 1250 ਪ੍ਰਜਾਤੀਆਂ, ਕੀਟਾਂ ਦੀਆਂ 10,000 ਦੇ ਕਰੀਬ , ਮੱਛੀਆਂ ਦੀਆਂ 2546 ਪ੍ਰਜਾਤੀਆਂ, ਐਮਫੀਬੀਅਨ (ਜਲਥਲੀ ਜੀਵ) ਦੀਆਂ 197 ਪ੍ਰਜਾਤੀਆਂ ਅਤੇ ਰੈਪਟਾਈਲ (ਰੀਂਗਣ ਵਾਲੇ ਜੀਵ) ਦੀਆਂ 408 ਪ੍ਰਜਾਤੀਆਂ ਭਾਰਤ ਵਿੱਚ ਮਿਲਦੀਆਂ ਹਨ।

ਆਓ ਹੁਣ ਜੀਵ-ਭੂਗੋਲਿਕ ਸਰੋਤਾਂ ਤੇ ਅਧਾਰਿਤ ਸੈਰ-ਸਪਾਟਾ ਉਤਪਾਦਾਂ ਬਾਰੇ ਵਿਚਾਰ ਵਟਾਂਦਰਾ ਕਰੀਏ।

**ਸਮੀਖਿਅਕ ਪ੍ਰਸ਼ਨ:**

1. ਪ੍ਰਭਾਸ਼ਿਤ ਕਰੋ ?
   - (ੳ) ਬਨਸਪਤਿਕ ਸੰਪਦਾ
   - (ਅ) ਜੈਵਿਕ ਸੰਪਦਾ

## 7.3 ਪਰਿਆਵਰਣਿਕ ਸੈਰ-ਸਪਾਟਾ:

### (ੳ) ਪਰਿਭਾਸ਼ਾ:

ਕੁਦਰਤ ਦੀ ਪ੍ਰਸੰਸਾ ਅਤੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਨ ਲਈ ਮਨੁੱਖੀ ਛੋਹ ਰਹਿਤ ਇਲਾਕਿਆਂ ਦੀ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਰਹਿੰਦੇ ਹੋਏ ਕੀਤੀ ਯਾਤਰਾ ਨੂੰ ਪਰਿਆਵਰਣਿਕ ਅਤੇ ਸੈਰ-ਸਪਾਟਾ ਕਹਿੰਦੇ ਹਨ।

### (ਅ) ਵਿਸ਼ੇਸ਼ਤਾਵਾਂ:

ਇਹੋ ਜਿਹੇ ਸੈਰ-ਸਪਾਟੇ ਵਾਤਾਵਰਨ ਦੀ ਸੰਭਾਲ ਵਿੱਚ ਸਹਾਈ ਹੁੰਦੇ ਹਨ ਅਤੇ ਯਾਤਰੀਆਂ ਦਾ ਨਾਕਾਰਾਤਮਕ ਪ੍ਰਭਾਵ ਘੱਟ ਪੈਂਦਾ ਹੈ। ਇਹ ਸੈਰ-ਸਪਾਟਾ ਸਥਾਨਿਕ ਲੋਕਾਂ ਦੇ ਸਮਾਜਿਕ-ਵਿੱਤੀ ਵਿਹਾਰ ਵਿੱਚ ਫਾਇਦੇਮੰਦ ਹੁੰਦਾ ਹੈ।

ਇਸ ਵਿੱਚ ਕੁਦਰਤੀ ਪ੍ਰਦੂਸ਼ਣ ਰਹਿਤ ਖੇਤਰ ਆਉਂਦੇ ਹਨ। ਜਿਵੇਂ ਰਾਸ਼ਟਰੀ-ਪਾਰਕ, ਰਾਸ਼ਟਰੀ ਜਲ-ਗਾਹਾਂ, ਕੋਰਲ ਰੀਫ ਆਦਿ।

ਸੈਲਾਨੀ ਕੁਦਰਤੀ ਸੈਰ-ਸਪਾਟੇ ਦੇ ਖੇਤਰ ਵਿੱਚ ਜਿਸ ਕਿਸੇ ਦੇ ਵੀ ਸੰਪਰਕ ਵਿੱਚ ਆਉਂਦੇ ਹਨ ਉਸ ਪ੍ਰਤੀ ਜ਼ਿੰਮੇਵਾਰ ਨਜ਼ਰੀਆਂ ਰੱਖਦੇ ਹਨ ਸੈਰ ਸਪਾਟੇ ਦੌਰਾਨ ਸੈਲਾਨੀ ਦੁਆਰਾ ਕੁਦਰਤ ਸਥਾਨਕ ਸਭਿਆਚਾਰ ਅਤੇ ਪ੍ਰੰਪਰਾਂਵਾ ਦੀ ਸਿਫ਼ਤ- ਸ਼ਲਾਘਾ ਕਰਦੇ ਹੋਏ ਹਾਸਿਲ ਕਰਦੇ ਹੋਏ ਅਨੁਭਵ ਉਸਦੀ ਵਿੱਦਿਅਕ ਜਾਣਕਾਰੀ ਦਾ ਹਿੱਸਾ ਬਣਦੇ ਹਨ ਉਸਨੂੰ ਕੁਦਰਤ ਦੀ ਸਾਂਭ ਸੰਭਾਲ ਦੀ ਮਹੱਤਤਾ ਦਾ ਵੀ ਗਿਆਨ ਹੁੰਦਾ ਹੈ

ਸੈਲਾਨੀਆ ਦਾ ਛੋਟਾ ਸਮੂਹ - ਕੁਦਰਤੀ ਵਾਤਾਵਰਨ ਅਤੇ ਸਥਾਨਿਕ ਲੋਕਾ ਉੱਤੇ ਬੁਰੇ ਪ੍ਰਭਾਵ ਨੂੰ ਘਟਾਉਦਾ ਹੈ, ਉਦਾਹਰਨ ਵੱਜੋ

1) ਬਨਸਪਤੀ ਅਤੇ ਜੈਵਿਕ ਸੰਪਦਾ ਉੱਤੇ ਕੋਈ ਮਾੜਾ ਪ੍ਰਭਾਵ ਨਾ ਪੈਣਾ।
2) ਸਥਾਨਿਕ ਲੋਕਾਂ ਦਾ ਸਥਾਨਾਂਤਰਿਤ ਨਾ ਹੋਣਾ।
3) ਸੈਲਾਨੀਆਂ ਦੇ ਸਮੂਹਾਂ ਨੂੰ ਸਥਾਨ ਪ੍ਰਦਾਨ ਕਰਨ ਲਈ ਅਤੇ ਉਹਨਾਂ ਲਈ ਢੁੱਕਵਾਂ ਵਾਤਾਵਰਨ ਬਣਾਉਣ ਲਈ ਵੱਡੇ ਖੇਤਰਾਂ ਨੂੰ ਸਾਫ਼ ਕਰਨ ਦੀ ਜ਼ਰੂਰਤ ਨਾ ਪੈਣਾ।

ਸਥਾਨਕ ਲੋਕਾਂ ਦਾ ਕੁਦਰਤੀ ਸੈਰ-ਸਪਾਟੇ ਦੇ ਪ੍ਰਬੰਧ ਵਿੱਚ ਹਿੱਸੇਦਾਰੀ ਨੂੰ ਵਧਾਵਾ ਦੇਣਾ। ਉਦਾਹਰਣ ਵਜੋਂ ਸਥਾਨਿਕ ਲੋਕ ਗਾਈਡ ਦਾ ਕੰਮ ਕਰਦੇ ਹਨ, ਨਿਵਾਸ ਸਥਾਨ ਪ੍ਰਦਾਨ ਕਰਨ ਦਾ ਕਾਰੋਬਾਰ ਚਲਾਉਂਦੇ ਹਨ ਭੋਜਨ ਅਤੇ ਆਪਣੀ ਹਸਤ ਸ਼ਿਲਪ ਕਲਾ ਦੇ ਉਤਪਾਦਾਂ ਨੂੰ ਵੇਚਦੇ ਹਨ।

ਸੈਲਾਨੀਆਂ ਅਤੇ ਸਥਾਨਿਕ ਲੋਕਾਂ ਵਿੱਚ ਇਹ ਜਾਗਰੂਕਤਾ ਪੈਦਾ ਕਰਨਾ ਕਿ ਕੁਦਰਤੀ ਅਤੇ ਸੱਭਿਆਚਾਰਕ ਧਰੋਹਰਾਂ ਨੂੰ ਬਚਾ ਕੇ ਰੱਖਣ ਅਤੇ ਸੰਭਾਲ ਕਰਨ ਤਾਂ ਜੋ ਕੁਦਰਤ ਅਧਾਰਿਤ ਖੇਤਰਾਂ ਦਾ ਕੁਦਰਤੀ ਸੈਰ ਸਪਾਟੇ ਵਜੋਂ ਆਕਰਸ਼ਨ ਬਰਕਰਾਰ ਰੱਖਿਆ ਜਾ ਸਕੇ।

ਪਰਿਆਵਰਣਿਕ ਸੈਰ ਸਪਾਟੇ ਤੋਂ ਅਰਜਿਤ ਕੀਤੇ ਧਨ ਦੀ ਵਰਤੋਂ ਕੁਦਰਤੀ ਅਤੇ ਸੁਰੱਖਿਅਤ ਖੇਤਰਾਂ ਦੇ ਪ੍ਰਬੰਧਨ ਅਤੇ ਸਾਂਭ-ਸੰਭਾਲ ਜੈਵਿਕ ਭਿੰਨਤਾ ਅਤੇ ਖੋਜ ਉਤੇ ਕੀਤੀ ਜਾਵੇ।

ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਸੈਰ-ਸਪਾਟੇ ਦਾ ਵਿਕਾਸ ਸਮਾਜਿਕ ਅਤੇ ਵਾਤਾਵਰਨ ਦੀਆਂ ਨਿਰਧਾਰਿਤ ਸੀਮਾਵਾਂ ਨੂੰ ਨਾ ਪਾਰ ਕਰੇ ਜੋ ਖੋਜੀਆਂ ਦੁਆਰਾ ਸਥਾਨਿਕ ਲੋਕਾਂ ਦੇ ਸਹਿਯੋਗ ਨਾਲ ਸਥਾਪਿਤ ਕੀਤੀਆਂ ਗਈਆਂ ਹਨ।

**ਸਮੀਖਿਅਕ ਪ੍ਰਸ਼ਨः-**

1. ਪਰਿਆਵਰਣਿਕ ਜਾਂ ਕੁਦਰਤੀ ਸੈਰ-ਸਪਾਟੇ ਦੀ ਪ੍ਰਭਿਾਸ਼ਾ ਦਿਓ ?
2. ਪਰਿਆਵਰਣਿਕ ਜਾਂ ਕੁਦਰਤੀ ਸੈਰ-ਸਪਾਟੇ ਦੀਆਂ ਕਿਹੜੀਆਂ-2 ਵਿਸ਼ੇਸ਼ਤਾਵਾਂ ਹਨ ?

## 7.4 ਜੰਗਲੀ ਜੀਵ-ਜੰਤੂ ਘਰ/ਰੱਖਾਂ (wild sanctuaries):

ਭਾਰਤ ਵਿੱਚ 441 ਤੋਂ ਵੱਧ ਜਾਨਵਰਾਂ ਦੇ ਨਿਵਾਸ ਸਥਾਨ ਹਨ, ਜਿਨ੍ਹਾਂ ਨੂੰ ਜੰਗਲੀ ਜੀਵ ਜੰਤੂ ਰੱਖਾਂ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚੋਂ 28 ਸੁਰੱਖਿਆ ਘਰਾਂ ਨੂੰ ਪ੍ਰੋਜੈਕਟ ਟਾਈਗਰ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਚੀਤਿਆਂ (Tiger) ਦੀ ਸੁਰੱਖਿਆ ਵਿੱਚ ਅਹਿਮ ਭੂਮਿਕਾ ਹੈ। ਕੁਝ ਜੰਗਲੀ ਜੀਵ-ਜੰਤੂ ਘਰਾਂ ਨੂੰ ਖਾਸ ਤੌਰ ਤੇ ਪੰਛੀ ਰੱਖਾਂ ਵੀ ਕਿਹਾ ਜਾਂਦਾ ਹੈ। ਰਾਸ਼ਟਰੀ ਮਹੱਤਵ ਵਾਲੇ ਜੰਗਲੀ ਜੀਵ ਜੰਤੂ ਘਰ ਸੈਲਾਨੀਆਂ ਲਈ ਖਾਸ ਖਿੱਚ ਪੈਦਾ ਕਰਦੇ ਹਨ।

## ਭਾਰਤ ਦੇ ਮਸ਼ਹੂਰ 10 ਜੰਗਲੀ ਜੀਵ-ਜੰਤੂ ਘਰ:

### ਰਨਥਮਬੋਰ ਵਾਈਲਡ ਲਾਈਫ ਸੈਂਚੁਰੀ, ਰਾਜਸਥਾਨ

ਰਨਥਮਬੋਰ ਅਖੀਰਲੀਆਂ ਸੈਂਚੁਰੀਆਂ ਵਿੱਚੋਂ ਇੱਕ ਸੈਂਚੁਰੀ ਹੈ ਜਿੱਥੇ ਰੱਇਲ ਬੰਗਾਲ ਟਾਈਗਰ ਖੁੱਲੇ ਘੁੰਮਦੇ ਹਨ ਜੋ ਕਿ 392 ਵਰਗ ਕਿਲੋਮੀਟਰ ਵਿੱਚ ਫੈਲੀ ਹੋਈ ਅਤੇ ਜੈਪੁਰ ਤੋਂ ਮਹਿਜ 130 ਕਿਲੋਮੀਟਰ ਦੂਰੀ ਤੇ ਸਥਿਤ ਹੈ। ਰਨਥਮਬੋਰ ਦੇ ਸੰਘਣੇ ਜੰਗਲ ਜੰਗਲੀ ਜੀਵਨ ਦਾ ਵਧੀਆ ਨਜ਼ਾਰਾ ਬਣਾਉਂਦੇ ਹਨ ਅਤੇ ਚੀਤੇ ਤੋਂ ਇਲਾਵਾ, ਸੈਲਾਨੀ ਹੋਰ ਜਾਨਵਰਾਂ ਜਿਵੇਂ ਕਿ ਸਾਬਰ ਚੀਤਲ ਅਤੇ ਪੈਂਥਰ ਨੂੰ ਵੀ ਵੇਖ ਸਕਦੇ ਹਨ। ਸੈਲਾਨੀ ਇੱਥੇ ਮੁੱਖ ਤੌਰ ਤੇ ਚੀਤਿਆਂ ਕਰਕੇ ਹੀ ਆਉਂਦੇ ਹਨ। ਸਵੇਰੇ ਜਲਦੀ ਅਤੇ ਦੁਪਹਿਰ ਤੋਂ ਬਾਅਦ ਸਫਾਰੀ ਰਾਹੀ ਉਨ੍ਹਾਂ ਨੂੰ ਅਜਿਹੀਆਂ ਥਾਵਾਂ ਤੇ ਲਿਜਾਇਆ ਜਾਂਦਾ ਹੈ, ਜਿੱਥੇ ਚੀਤੇ ਅਤੇ ਉਨ੍ਹਾਂ ਦੇ ਬੱਚੇ ਰਸਤੇ ਵਿੱਚੋਂ ਲੰਘਦੇ ਵੇਖੇ ਜਾ ਸਕਦੇ ਹਨ।

### ਕੋਰਬੈਟ ਰਾਸ਼ਟਰੀ ਪਾਰਕ, ਉੱਤਰਾਖੰਡ

ਕੋਰਬੈਟ ਨੈਸ਼ਨਲ ਪਾਰਕ ਉੱਤਰਾਖੰਡ ਜੋ ਕਿ ਹਿਮਾਲਾ ਦੀਆਂ ਹੇਠਲੀਆਂ ਪਹਾੜੀਆਂ ਵਿੱਚ ਸਥਿਤ ਹੈ। ਜੰਗਲੀ ਜੀਵਾਂ ਨੂੰ ਉਨ੍ਹਾਂ ਦੇ ਕੁਦਰਤੀ ਆਵਾਸ ਵਿੱਚ ਵੇਖਣ ਲਈ ਇਹ ਸਥਾਨ ਭਾਰਤ ਦੇ ਸਭ ਤੋਂ ਵਧੀਆ ਸਥਾਨਾਂ ਵਿਚੋਂ ਇੱਕ ਹੈ। ਕੋਰਬੈਟ ਦੇ ਵਿੱਚ ਸਿਰਫ ਚੀਤੇ ਹੀ ਨਹੀਂ ਹਨ ਜੋ ਕਿ ਸੈਲਾਨੀਆਂ ਦਾ ਦਿਲ ਟੁੰਬਦੇ ਹਨ ਸਗੋਂ ਇੱਥੋਂ ਦੀ ਦੁਰਲੱਭ ਬਨਸਪਤੀ ਅਤੇ ਜੈਵਿਕ ਸੰਪਦਾ ਵੀ ਇਸਨੂੰ ਭਾਰਤ ਦਾ ਜੰਗਲੀ ਜੀਵਨ ਦਾ ਕੇਂਦਰ (wild life hub) ਬਣਾਉਂਦੀ ਹੈ। ਸੈਲਾਨੀ ਧਾਰੀਦਾਰ ਜੀਵਾਂ ਨੂੰ ਨੇੜੇ ਤੋਂ ਵੇਖਣ ਲਈ ਹਾਥੀ ਸਫਾਰੀ ਰਾਹੀ ਘੁੰਮਦੇ ਹੋਏ ਆਪਣੇ ਹੱਥ ਵਿੱਚ ਹਮੇਸ਼ਾ ਦੂਰਬੀਨ ਰੱਖਦੇ ਹਨ। ਸੈਲਾਨੀ ਝਰਨਿਆਂ ਤੇ ਹਿਰਨਾਂ ਦੀਆਂ ਵਿਸ਼ੇਸ਼ ਪ੍ਰਜਾਤੀਆਂ ਵੇਖਦੇ ਹਨ ਜਾਂ ਆਪਣਾ ਸਮਾਂ ਕੁਝ ਖਾਸ ਕਿਸਮ ਦੇ ਪੰਛੀ ਵੇਖਣ ਵਿੱਚ ਬਿਤਾਉਂਦੇ ਹਨ। ਕੋਰਬੈਟ, ਸੈਲਾਨੀਆਂ ਨੂੰ ਜੰਗਲੀ ਜੀਵਨ ਦੇ ਨੇੜੇ ਰਹਿਣ ਦੇ ਅਸੀਮਤ ਅਵਸਰ ਪ੍ਰਦਾਨ ਕਰਦਾ ਹੈ ਇਸ ਲਈ ਉਹ ਇਨ੍ਹਾਂ ਸ਼ਾਨਦਾਰ ਜੀਵਾਂ ਨਾਲ ਜੁੜਨ ਲਈ ਅਤੇ ਕੁਦਰਤ ਨਾਲ ਅਨੋਖੀ ਸਾਂਝ ਭਾਲਣ ਲਈ ਕੋਰਬੈਟ ਵਿੱਚ ਆਉਂਦੇ ਹਨ।

### ਬੰਧਵਗੜ੍ਹ ਰਾਸ਼ਟਰੀ ਪਾਰਕ, ਮੱਧ ਪ੍ਰਦੇਸ਼

ਮੱਧ ਪ੍ਰਦੇਸ਼ ਦੇ ਵਿੰਧਿਆਂ ਵਿੱਚ ਸਥਿਤ ਬੰਧਵਗੜ੍ਹ ਰਾਸ਼ਟਰੀ ਪਾਰਕ ਕੀਮਤੀ ਚਿੱਟੇ ਟਾਈਗਰਾਂ ਦਾ ਅਸਲੀ ਨਿਵਾਸ-ਸਥਾਨ ਹੈ। ਜਿੱਥੇ ਉਹ ਪਹਿਲੀ ਵਾਰ ਰੇਵਾ ਵਿੱਚ ਵੇਖੇ ਗਏ। ਹਰਾ-ਭਰਾ ਲਹਿਰਾਉਂਦਾ ਇਹ ਸਵਰਗ ਧਰਤੀ ਦੇ 437 ਵਰਗ ਕਿ:ਮੀ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਇਸ ਲਈ ਇੱਥੇ ਜੰਗਲੀ ਜੀਵਨ ਪ੍ਰੇਮੀਆਂ ਦੇ ਦੇਖਣ ਲਈ ਬਹੁਤ ਕੁਝ ਹੈ। ਨੀਲ ਗਾਂ, ਚਿੰਕਾਰਾ ਅਤੇ ਜੰਗਲੀ ਸੂਅਰ ਇੱਥੇ ਆਮ ਵੇਖੇ ਜਾ ਸਕਦੇ ਹਨ। ਕਈ ਵਾਰ ਲੂੰਬੜੀ ਨੂੰ ਵੀ ਵੇਖਿਆ ਜਾ ਸਕਦਾ ਹੈ। ਪਾਰਕ ਵਿੱਚ ਮੁੱਖ ਖਿੱਚ ਦਾ ਕੇਂਦਰ ਚੀਤਿਆਂ ਦਾ ਬਹੁ-ਗਿਣਤੀ ਵਿੱਚ ਹੋਣਾ ਹੈ। ਜਿਸ ਕਾਰਨ ਉਨ੍ਹਾਂ ਨੂੰ ਵੇਖਣ ਦੇ ਕਈ ਚੰਗੇ ਮੌਕੇ ਮਿਲਦੇ ਹਨ। ਸੈਲਾਨੀ ਉਨ੍ਹਾ ਅਤੇ ਹੋਰ ਜਾਨਵਰਾਂ ਨੂੰ ਬੰਧਵਗੜ੍ਹ ਦੇ ਕੁਦਰਤੀ ਵਾਤਾਵਰਨ ਵਿੱਚ ਵੇਖ ਸਕਦੇ ਹਨ।

### ਪੇਰੀਆਰ ਰਾਸ਼ਟਰੀ ਪਾਰਕ, ਕੇਰਲਾ:

ਇਹ ਪਾਰਕ ਪਰਮਾਤਮਾ ਦੇ ਆਪਣੇ ਰਾਜ ਕੇਰਲਾ ਵਿੱਚ ਸਥਿਤ ਪੱਛਮੀ ਘਾਟਾਂ ਦੇ ਉੱਪਰ ਸਜਿਆ ਬਹੁਤ ਹੀ ਦਿਲ ਖਿੱਚਵਾਂ ਰਾਸ਼ਟਰੀ ਪਾਰਕ ਹੈ। ਚੀਤਿਆਂ ਦੀ ਸੁਰੱਖਿਆ ਲਈ ਬਣੇ ਇਸ ਪਾਰਕ ਨੂੰ ਥੇਕੜੀ ਵੀ ਕਿਹਾ ਜਾਂਦਾ ਹੈ। ਕਾਰਡੇਮੋਮ ਪਹਾੜੀਆਂ ਨੂੰ ਢਕਦੇ ਸੰਘਣੇ ਜੰਗਲਾਂ ਵਿੱਚ ਵਹਿੰਦੀ ਪੇਰੀਆਰ ਨਦੀ ਦੇ ਕੰਢੇ ਘੁੰਮਦੇ ਭਾਰਤੀ ਹਾਥੀਆਂ ਦੇ ਵਿਸ਼ਾਲ ਝੁੰਡਾਂ ਕਰਕੇ ਇਹ ਪਾਰਕ ਸੰਸਾਰ ਵਿੱਚ ਪ੍ਰਸਿੱਧ ਹੈ। ਸੈਲਾਨੀ ਆਪਣੇ ਕੈਮਰਿਆਂ ਵਿੱਚ ਹਾਥੀਆਂ ਨੂੰ ਆਪਣੇ

ਕੁਦਰਤੀ ਵਾਤਾਵਰਣ ਵਿੱਚ ਵਿਚਰਦੇ ਹੋਏ ਕੈਦ ਕਰ ਸਕਦੇ ਹਨ ਜਾਂ ਦੁਰਲੱਭ ਪ੍ਰਜਾਤੀ ਜੀਵ ਸ਼ੇਰ, ਪੂੰਛ ਮਕਾਕ (ਲੰਗੂਰ) ਨੂੰ ਵੀ ਲੱਭ ਸਕਦੇ ਹਨ। ਸੈਲਾਨੀ ਪੈਰੀਆਰ ਨਦੀ ਵਿੱਚ ਕਿਸ਼ਤੀ ਦੀ ਸੈਰ ਕਰਦੇ ਹੋਏ ਪਾਰਕ ਦੇ ਦਿੱਲ ਖਿੱਚਵੇਂ ਦ੍ਰਿਸ਼ਾਂ ਦਾ ਆਨੰਦ ਵੀ ਮਾਣ ਸਕਦੇ ਹਨ। ਸੈਲਾਨੀਆਂ ਨੂੰ ਆਪਣੀਆਂ ਪ੍ਰੇਸ਼ਾਨੀਆਂ ਨੂੰ ਪਿੱਛੇ ਛੱਡ ਕੇ ਪੈਰੀਆਰ ਦੇ ਜਾਦੂ ਵਿੱਚ ਡੁੱਬਣ ਦੀ ਲੋੜ ਹੁੰਦੀ ਹੈ।

### ਕਾਜ਼ੀਰੰਗਾ ਰਾਸ਼ਟਰੀ ਪਾਰਕ, ਅਸਾਮ

ਕਾਜ਼ੀਰੰਗਾ ਰਾਸ਼ਟਰੀ ਪਾਰਕ ਸੰਸਾਰ ਪ੍ਰਸਿੱਧ ਧਰੋਹਰ ਹੈ ਜੋ ਕਿ ਭਾਰਤ ਦੇ ਅਸਾਮ ਰਾਜ ਵਿੱਚ ਸਥਿਤ ਹੈ। ਇਹ ਇੱਕ ਸਿੰਙੇ ਗੈਂਡੇ ਦਾ ਨਿਵਾਸ, ਜੰਗਲੀ ਹਾਥੀਆਂ ਅਤੇ ਪਾਣੀ ਵਿੱਚ ਰਹਿਣ ਵਾਲੀਆ ਮੱਝਾਂ ਲਈ ਸਵਰਗ, ਇੱਕ ਉੱਘਾ ਟਾਈਗਰ ਰਿਜ਼ਰਵ ਅਤੇ ਜੰਗਲੀ ਜੀਵਾਂ ਦਾ ਕੁਦਰਤੀ ਆਵਾਸ ਹੈ। ਸੈਲਾਨੀ ਇੱਥੇ ਪਾੜ੍ਹਾ (hog deer), ਭਾਲੂ(sloth bear), ਲੰਗੂਰ ਅਤੇ ਸੰਸਾਰ ਦੇ ਸਭ ਤੋਂ ਵੱਡੇ ਅਜ਼ਗਰ ਵੇਖ ਸਕਦੇ ਹਨ। ਜੇਕਰ ਨਦੀ ਦੇ ਕੰਢੇ ਦੇ ਨੇੜੇ ਘੁੰਮਿਆ ਜਾਵੇ ਤਾਂ ਵੱਡੇ ਆਕਾਰੀ ਗੰਗਾ ਡਾਲਫਿਨ ਮੱਛੀਆਂ ਆਪਣੀ ਭਰਪੂਰ ਮਸਤੀ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ।

### ਸੁੰਦਰਬਨ, ਪੱਛਮੀ ਬੰਗਾਲ

ਸੁੰਦਰਬਨ ਰਾਸ਼ਟਰੀ ਪਾਰਕ ਰੱਾਇਲ ਬੰਗਾਲ ਟਾਈਗਰ ਦਾ ਘਰ ਬੰਗਾਲ ਰਾਜ ਦੇ ਸਿਰੇ ਤੇ ਦਲਦਲੀ ਸਦਾਬਹਾਰ ਜੰਗਲਾਂ ਵਿੱਚ ਸਥਿਤ ਹੈ। ਯੂਨੈਸਕੋ ਦੁਆਰਾ ਘੋਸ਼ਿਤ ਵਰਲਡ ਹੈਰੀਟੇਜ ਸਾਈਟ, ਇਹ ਸੁੰਦਰਬਨ 4264 ਵਰਗ ਕਿ:ਮੀ ਦੇ ਵਿਸ਼ਾਲ ਇਲਾਕੇ ਵਿੱਚ ਫੈਲੇ ਹਨ ਅਤੇ ਦੱਖਣ ਵੱਲ ਸਮੁੰਦਰ ਵਿੱਚ ਲੁਪਤ ਹੋ ਜਾਂਦੇ ਹਨ। ਸੈਲਾਨੀ ਇਨ੍ਹਾਂ ਦਲਦਲੀ ਥਾਵਾਂ ਤੇ ਤਪਦੀ ਗਰਮੀ ਤੋਂ ਬਚਦੇ ਖੁੱਲੇ ਸਦਾਬਹਾਰ ਜੰਗਲਾਂ ਵਿੱਚ ਧਾਰੀਦਾਰ ਜਾਨਵਰਾਂ ਨੂੰ ਅਰਾਮ ਕਰਦੇ ਵੇਖ ਸਕਦੇ ਹਨ। ਇਸ ਦੇ ਨਾਲ ਹੀ ਸੈਲਾਨੀ ਸੱਪ, ਮਗਰਮੱਛ, ਮੱਛੀ ਫੜਨ ਵਾਲੀਆਂ ਬਿੱਲੀਆਂ ਅਤੇ ਹੋਰ ਸਮੁੰਦਰੀ ਪ੍ਰਜਾਤੀਆਂ ਨੂੰ ਵੇਖਦੇ ਹੋਏ ਆਨੰਦ ਮਾਣ ਸਕਦੇ ਹਨ।

### ਕਾਨਹਾ ਰਾਸ਼ਟਰੀ ਪਾਰਕ, ਮੱਧ ਪ੍ਰਦੇਸ਼:-

ਭਾਰਤ ਦੇ ਸਭ ਤੋਂ ਵਧੀਆ ਟਾਈਗਰ ਰਿਜ਼ਰਵ ਖੇਤਰਾਂ ਵਿੱਚੋਂ ਇੱਕ ਕਾਨਹਾ ਰਾਸ਼ਟਰੀ ਪਾਰਕ ਮੱਧ ਪ੍ਰਦੇਸ਼ ਦੇ ਬੰਜ਼ਾਰ ਅਤੇ ਹੈਲਨ ਦੀਆਂ ਵਾਦੀਆਂ ਵਿੱਚ ਸਥਿਤ ਹੈ। ਸੰਸਾਰ ਦੇ ਹਰ ਕੋਨੇ ਤੋਂ ਜੰਗਲੀ ਜੀਵਾਂ ਦੇ ਚਾਹਵਾਨ ਯਾਤਰੀ ਚੀਤੇ, ਚੀਤਲ ਅਤੇ ਭੇੜੀਏ ਆਦਿ ਜੀਵਾਂ ਦੀ ਇੱਕ ਝਲਕ ਵੇਖਣ ਲਈ ਕਾਨਹਾ ਪਹੁੰਚਦੇ ਹਨ। ਬਾਮਨੀ ਦਾਦਰ ਚੋਟੀਆਂ ਤੋਂ ਸੂਰਜ ਛਿਪਣ ਦਾ ਦ੍ਰਿਸ਼ ਹਰ ਸੈਲਾਨੀ ਨੂੰ ਬਾਰਾ ਸਿੰਙਿਆ ਜਾਂ ਦਲਦਲੀ ਹਿਰਨਾਂ ਜਿਨ੍ਹਾਂ ਵਿੱਚ ਵਧੀਆ ਤਸਵੀਰਾਂ ਦੇਣ ਦੀ ਕੁਦਰਤੀ ਸਮੱਰਥਾ ਹੁੰਦੀ ਹੈ, ਨਾਲ ਤਸਵੀਰਾਂ ਲੈਣ ਦਾ ਪਲ ਦਿੰਦਾ ਹੈ।

### ਮੁਦੁਮਲਈ ਰਾਸ਼ਟਰੀ ਪਾਰਕ, ਕਰਨਾਟਕਾ

ਮੁਦੁਮਲਈ ਰਾਸ਼ਟਰੀ ਪਾਰਕ ਨੀਲਗਿਰੀ ਦੇ ਉੱਤਰ ਪੱਛਮ ਵਿੱਚ ਤਾਮਿਲਨਾਡੂ, ਕੇਰਲਾ ਅਤੇ ਕਰਨਾਟਕਾ ਦੇ ਚੌਰਸਤੇ ਤੇ ਸਥਿਤ ਨਾਲ ਲੱਗਦੇ ਜੰਗਲੀ ਪ੍ਰਾਣੀ ਰਿਜ਼ਰਵ ਖੇਤਰਾਂ ਦੇ ਲਈ ਰਾਹ ਦਾ ਕੰਮ ਕਰਦਾ ਹੈ। ਇੱਥੇ ਜੈਵਿਕ ਅਤੇ ਬਨਸਪਤੀ ਸੰਪਦਾ ਦੀ ਵਿਭਿੰਨਤਾ ਬਹੁਤਾਤ ਮਾਤਰਾ ਵਿੱਚ ਹੈ। ਇਸ ਦੇ ਇੱਕ ਕੋਨੇ ਵਿੱਚ ਤਪਤਖੰਡੀ ਹਰੇ-ਭਰੇ ਜੰਗਲ ਅਤੇ ਦੂਜੇ ਕੋਨੇ ਵਿੱਚ ਸੁੱਕੇ ਪੱਤਝੜੀ ਜੰਗਲ ਬਨਸਪਤੀ ਦਾ ਦਿਲਚਸਪ ਸੰਗਮ ਪੇਸ਼ ਕਰਦੇ ਹਨ। ਸੈਲਾਨੀ ਮਦੁਮਲਈ ਵਿੱਚ ਸਫਾਈ ਦਾ ਅਨੰਦ ਮਾਣ ਸਕਦੇ ਹਨ। ਇੱਥੇ ਮਿਲਣ ਵਾਲੇ ਜਾਨਵਰ ਹਨ:ਸਾਂਬਰ, ਚੀਤਲ, ਜੰਗਲੀ ਸੂਅਰ, ਬਾਂਦਰ ਅਤੇ ਹਾਥੀਆਂ ਦੇ ਨਾਲ -2 ਵਿਸ਼ੇਸ਼ ਪ੍ਰਕਾਰ ਦੇ ਟਾਈਗਰ।

## ਗਿਰ ਜੰਗਲੀ ਜੀਵ ਸੈਂਚੁਰੀ, ਗੁਜਰਾਤ

ਏਸ਼ੀਆ ਦੇ ਸ਼ੇਰ ਪਾਣੀ ਨਾਲ ਘਿਰੇ ਦਾ ਅੰਤਿਮ ਸੁਰੱਖਿਆ ਖੇਤਰ ਗਿਰ ਜੰਗਲੀ ਜੀਵ ਜੰਤੂ ਘਰ ਗੁਜਰਾਤ ਦੇ ਤੱਟ ਦੇ ਸੁੱਕੇ ਪੱਤਝੜੀ ਜੰਗਲਾਂ ਵਾਲੇ ਦੱਖਣੀ ਪੱਛਮੀ ਖੇਤਰ ਵਿੱਚ ਹੈ। ਇਹ ਭਾਰਤ ਦੇ ਖਾਸ ਜੰਗਲੀ ਜੀਵ-ਜੰਤੂ ਆਕਸ਼ਰਣ ਕੇਂਦਰਾਂ ਵਿੱਚੋਂ ਇੱਕ ਹੈ।

ਗਿਰ ਵੱਡੀਆਂ ਬਿੱਲੀਆਂ ਦੇ ਲਈ ਸਭ ਤੋਂ ਵੱਡਾ ਕੇਂਦਰ ਹੈ। ਜਿਨ੍ਹਾਂ ਵਿੱਚ ਸ਼ੇਰਾਂ ਦੇ ਨਾਲ-2 ਤੇਦੁਏਂ ਵੀ ਹੁੰਦੇ ਹਨ। ਅਸਲ ਵਿੱਚ ਗਿਰ ਵਿੱਚ ਦੇਸ਼ ਦੇ ਸਭ ਤੋਂ ਵੱਧ ਤੇਦੁਏ ਹਨ। ਸੈਂਚੁਰੀ ਦੇ ਪਾਣੀਆਂ ਵਿੱਚ ਕਈ ਤਰ੍ਹਾਂ ਦੇ ਮੱਗਰਮੱਛ ਮੌਜੂਦ ਹਨ। ਜੋ ਸੈਲਾਨੀਆਂ ਦੀ ਰੇਂਗਣ ਵਾਲੇ ਜਾਨਵਰਾਂ ਪ੍ਰਤੀ ਰੁਚੀ ਨੂੰ ਪੂਰਾ ਕਰਦੇ ਹਨ।

## ਕੀਓਲੈਡੀਉ ਰਾਸ਼ਟਰੀ ਪਾਰਕ, ਰਾਜਸਥਾਨ:

ਕੀਓਲੈਡੀਉ ਰਾਸ਼ਟਰੀ ਪਾਰਕ ਰਾਜਸਥਾਨ ਵਿੱਚ ਹੈ ਅਤੇ ਇਸ ਵਿੱਚ ਕਈ ਪ੍ਰਜਾਤੀਆਂ ਦੇ ਪੰਛੀ ਹਨ। ਪਹਿਲਾਂ ਇਹ ਮਹਾਂਰਾਜਿਆਂ ਲਈ ਬੱਤਕਾਂ ਦੇ ਸ਼ਿਕਾਰ ਦਾ ਖੇਤਰ ਰਿਜ਼ਰਵ ਹੁੰਦਾ ਸੀ। ਪਰ ਹੁਣ ਇਹ ਪ੍ਰਵਾਸੀ ਪੰਛੀਆਂ ਦਾ ਸਭ ਤੋਂ ਵੱਡਾ ਖੇਤਰ ਹੈ। ਸੈਲਾਨੀ ਇੱਥੋਂ ਦੀ ਮਸ਼ਹੂਰ ਸਾਈਬੇਰੀਅਨ ਕਰੇਨ, ਵਾਲਬਲਰਜ਼ (ਚਹਿਚਾਉਣ ਵਾਲਾ ਪੰਛੀ) ਅਤੇ ਬੈਬਲਰਜ਼ (ਬੁੜਬੁੜਾਉਣ ਵਾਲਾ ਪੰਛੀ), ਰੈੱਡ ਕਾਈਟ, ਸਾਈਨਰਸ ਗਿੱਧ ਅਤੇ ਸ਼ੋਸੀਏਬਲ ਲੈਪਵਿੰਗ ਅਤੇ ਹੋਰਾਂ ਦਾ ਆਨੰਦ ਮਾਣਦੇ ਹਨ। ਹਰੀ-ਭਰੀ ਧਰਤੀ ਅਤੇ ਸੁੰਦਰ ਝੀਲਾਂ ਸੱਚਮੁੱਚ ਹੀ ਸੈਲਾਨੀਆਂ ਦੇ ਮੰਨੋਰੰਜਨ ਲਈ ਇੱਕ ਤੋਹਫ਼ਾ ਹੈ।

## ਲੋਕਤਕ ਰਾਸ਼ਟਰੀ ਪਾਰਕ, ਮਨੀਪੁਰ

ਲ਼ੋਕਤਕ ਰਾਸ਼ਟਰੀ ਪਾਰਕ ਜਿਸ ਨੂੰ ਕੀਬੁਲ ਲੈਮਜਾਉ ਰਾਸ਼ਟਰੀ ਪਾਰਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਮਨੀਪੁਰ ਦੀ ਲੋਕ ਤੱਕ ਝੀਲ ਦੇ ਨਾਲ ਸਥਿਤ ਹੈ। ਇਹ ਸੰਕਟਮਈ (endangered) ਸੰਗਈ ਜਾਂ ਮਨੀਪੁਰ ਬਰੋਏਨਟਲਰਡ ਹਿਰਨ ਲਈ ਅੰਤਿਮ ਨਿਵਾਸ ਸਥਾਨ ਹੈ। ਇਸ ਦੀ ਜੈਵਿਕ ਭਿੰਨਤਾ ਦੀ ਮਹੱਤਤਾ, ਪਰਿਆਵਰਣੀ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਨੂੰ ਮਾਰਚ 23,1990 ਦੀ ਰਾਮਸਰ ਸਭਾ (Ramsar Convention) ਵਿੱਚ ਅੰਤਰ-ਰਾਸ਼ਟਰੀ ਮਹੱਤਵ ਰੱਖਣ ਵਾਲੀ ਜਲਗਾਹ ਦਾ ਦਰਜਾ ਦਿੱਤਾ ਗਿਆ ਸੀ।

## ਡਾਚੀਗਮ ਰਾਸ਼ਟਰੀ ਪਾਰਕ ਜੰਮੂ ਅਤੇ ਕਸ਼ਮੀਰ:

ਡਾਚੀਗਮ ਰਾਸ਼ਟਰੀ ਪਾਰਕ ਜੰਮੂ ਅਤੇ ਕਸ਼ਮੀਰ ਵਿੱਚ ਸ਼੍ਰੀਨਗਰ ਤੋਂ 22 ਕਿ:ਮੀ ਦੀ ਦੂਰੀ ਤੇ ਸਥਿੱਤ ਹੈ। ਇਹ 140 ਵਰਗ ਕਿ:ਮੀ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਪਾਰਕ ਦਾ ਸ਼ਾਬਦਿਕ ਅਰਥ "ਦੱਸ ਪਿੰਡ" ਹੈ ਜੋ ਉਨ੍ਹਾਂ 10 ਪਿੰਡਾਂ ਦੀ ਯਾਦ ਵਿੱਚ ਹੈ ਜੋ ਇਸ ਦੇ ਨਿਰਮਾਨ ਲਈ ਵਿਸਥਾਪਿਤ ਕੀਤੇ ਗਏ ਸਨ।

ਪਾਰਕ ਨੂੰ ਸੰਨ 1910 ਤੋਂ 'ਸੁਰੱਖਿਅਤ ਖੇਤਰ'ਹੋਣ ਦਾ ਅਧਿਕਾਰ ਪ੍ਰਾਪਤ ਹੈ। ਇਹ ਪਹਿਲਾਂ ਜ਼ੰਮੂ ਅਤੇ ਕਸ਼ਮੀਰ ਦੇ ਮਹਾਰਾਜਾ ਦੀ ਨਿਗਰਾਨੀ ਹੇਠ ਅਤੇ ਬਾਅਦ ਵਿੱਚ ਸੰਬੰਧਤ ਸਰਕਾਰੀ ਅਧਿਕਾਰੀਆਂ ਦੀ ਦੇਖ-ਰੇਖ ਹੇਠ ਹੈ। ਇਸ ਦਾ ਨਿਰਮਾਣ ਸ਼੍ਰੀ ਨਗਰ ਸ਼ਹਿਰ ਦੇ ਲਈ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕੀਤਾ ਗਿਆ ਸੀ। ਬਾਅਦ ਵਿੱਚ ਇਸ ਨੂੰ ਅਪਗ੍ਰੇਡ ਕਰਕੇ ਸੰਨ 1981 ਵਿੱਚ ਰਾਸ਼ਟਰੀ ਪਾਰਕ ਘੋਸ਼ਿਤ ਕਰ ਦਿੱਤਾ ਗਿਆ। ਮੁੱਖ ਜਾਨਵਰ ਪ੍ਰਜਾਤੀ ਜਿਸ ਲਈ ਡਾਚੀਗਮ ਮਸ਼ਹੂਰ ਹੈ ਉਹ ਹੈ ਹੈਂਗੁਲ ਜਾਂ ਕਸ਼ਮੀਰੀ ਸਟੈਗ (The Kashmir Stag) ਹੋਰ ਪ੍ਰਜਾਤੀਆਂ ਹਨ ਮਸਕ ਹਿਰਨ (Musk Deer), ਤੇਂਦੂਆ (Leopard), ਹਿਮਾਲਿਅਨ ਗਰੇਅ ਲੰਗੂਰ(Himalayan Grey Langur), ਹਿਮਾਲਿਅਨ ਕਾਲਾ ਭਾਲੂ(Himalayan black bear ), ਪਹਾੜੀ ਲੂੰਬੜੀ ਅਤੇ ਉਦਬਿਲਾਵ( Otter) ਆਦਿ।

### ਸਮੀਖਿਅਕ ਪ੍ਰਸਨ

1 ਭਾਰਤ ਦੇ ਕਿਸੇ ਵੀ ਦੋ ਮਸ਼ਹੂਰ ਜੰਗਲੀ ਜੀਵ ਜੰਤੂ ਘਰਾਂ ਉੱਤੇ ਛੋਟਾ ਨੋਟ ਲਿਖੋ।

## 7.5 ਭਾਰਤ ਦੀਆਂ 10 ਮਸ਼ਹੂਰ ਪੰਛੀ ਰੱਖਾਂ

ਭਾਰਤ ਕਈ ਸਥਾਨਿਕ ਪੰਛੀਆਂ ਦੇ ਨਾਲ ਨਾਲ ਪ੍ਰਵਾਸੀ ਪੰਛੀਆਂ ਦਾ ਘਰ ਹੈ। ਇਸ ਕਰਕੇ ਭਾਰਤ ਵਿਚਲੀਆਂ ਪੰਛੀ ਰੱਖਾਂ ਪੰਛੀਆਂ ਨਾਲ ਪਿਆਰ ਕਰਨ ਵਾਲਿਆਂ ਲਈ ਸਭ ਤੋਂ ਪਸੰਦੀਦਾ ਸਥਾਨ ਹਨ।

ਭਾਰਤ ਦੇ ਕੁਝ ਸਥਾਨਿਕ ਸੁੰਦਰ ਪੰਛੀ ਹਨ ਜਿਵੇਂ ਕਿ ਭਾਰਤ ਦਾ ਰਾਸਟਰੀ ਪੰਛੀ ਮੋਰ, ਗਰੇਟ ਇੰਡੀਅਨ ਬਸਟਰਡ, ਇੰਡੀਅਨ ਹੋਰਨ- ਬਿਲ, ਕਿੰਗਫਿਸ਼ਰ ਅਤੇ ਇੰਡੀਅਨ ਈਗਲ, "ਗਰੁੜ", ਹਿੰਦੂਆਂ ਦਾ ਪਵਿੱਤਰ ਪੰਛੀ ( ਭਗਵਾਨ ਵਿਸ਼ਨੂੰ ਜੀ ਦੀ ਸਵਾਰੀ ) ਆਦਿ। ਗਰੇਟ ਇੰਡੀਅਨ ਹੋਰਨ ਬਿਲ ਭਾਰਤ ਦੇ ਜੰਗਲਾਂ ਵਿੱਚ ਮਿਲਣ ਵਾਲੇ ਸਾਰੇ ਹੋਰਨ ਬਿਲਾਂ ਨਾਲੋ ਵੱਡਾ ਹੁੰਦਾ ਹੈ । ਭਾਰਤ ਵਿੱਚ ਪੰਛੀਆ ਦੀ ਲਗਭਗ 1200 ਪਰਜਾਤੀਆਂ ਮਿਲਦੀਆਂ ਹਨ। ਇਸ ਕਰਕੇ ਭਾਰਤ ਵਿੱਚ ਹਰ ਕੋਈ ਪੰਛੀ ਵੇਖਣ ਦਾ ਆਨੰਦ ਮਾਣ ਸਕਦਾ ਹੈ ਕੁਲੀਕ ( ਰਾਇਗੰਜ) ਪੰਛੀ ਰੱਖ ਏਸ਼ੀਆ ਦੀਆ ਵੱਡੀਆ ਪੰਛੀ ਰੱਖਾਂ ਵਿੱਚੋ ਇੱਕ ਹੈ। ਨਵਾਬਗੰਜ ਇੱਕ ਅਜਿਹੀ ਹੀ ਖੁਸਕਿਸਮਤ ਸੈਚੁਰੀ ਹੈ ਜਿੱਥੇ ਭਾਰਤ ਦੇ ਕਈ ਤਰ੍ਹਾ ਦੇ ਛੋਟੇ-ਛੋਟੇ ਜੰਗਲੀ ਜੀਵ ਮਿਲਦੇ ਹਨ ਅਤੇ ਇਹ ਬਰਡਿੰਗ (Birding) , ਟਵੀਚਿੰਗ (twiching) ਅਤੇ ਪੰਛੀ ਵੇਖਣ ਲਈ ਸਭ ਤੋ ਉਚਿਤ ਜਗ੍ਹਾ ਹੈ। ਟਵੀਚਿੰਗ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਕਿਸੇ ਖਾਸ ਪੰਛੀ ਨੂੰ ਵੇਖਣ ਲਈ ਲੰਬੀ ਦੂਰੀ ਤੈਅ ਕੀਤੀ ਜਾਵੇ ਅਤੇ ਇਸ ਤਰ੍ਹਾਂ ਕਰਨ ਵਾਲੇ ਨੂੰ "ਟਵੀਚਰ" ਕਹਿੰਦੇ ਹਨ।

### ਭਰਤਪੁਰ ਪੰਛੀ ਰੱਖ:-

ਮਸ਼ਹੂਰ ਭਰਤਪੁਰ ਪੰਛੀ ਰੱਖ ਜਿਸ ਨੂੰ ਕੀਉਲੈਡੀਉ ਘਾਨਾ ਰਾਸ਼ਟਰੀ ਪਾਰਕ ਵੀ ਕਿਹਾ ਜਾਂਦਾ ਹੈ, ਰਾਜਸਥਾਨ ਵਿੱਚ ਸਥਿਤ ਹੈ। ਭਰਤਪੁਰ ਪੰਛੀ ਰੱਖ ਭਾਰਤ ਦੀ ਸਭ ਤੋਂ ਵਧੀਆ ਪੰਛੀ ਰੱਖਾਂ ਵਿੱਚੋਂ ਇੱਕ ਹੈ ਅਤੇ ਸੰਸਾਰ ਦੀਆਂ ਚੋਣਿੰਦਾ ਪੰਛੀ ਰੱਖਾਂ ਵਿੱਚੋਂ ਇੱਕ ਹੈ। ਗ੍ਰੇਟ ਥਾਰ ਮਾਰੂਥਲ, ਵੱਡੇ ਕਿਲਿਆਂ ਅਤੇ ਸੁੰਦਰ ਝੀਲਾਂ ਤੋਂ ਇਲਾਵਾ ਭਰਤਪੁਰ ਸੈਂਚਰੀ ਦੇ ਪੰਛੀ ਰਾਜਸਥਾਨ ਦੇ ਮੁੱਖ ਸੈਲਾਨੀ ਆਕਰਸ਼ਨਾਂ ਵਿੱਚੋਂ ਇੱਕ ਹਨ। ਸਰਦੀ ਦੀ ਰੁੱਤ ਵਿੱਚ ਕਈ ਹਜ਼ਾਰਾਂ ਦੁਰਲੱਭ ਅਤੇ ਸੰਕਟਮਈ (endangered) ਪੰਛੀ ਇੱਥੇ ਆਉਂਦੇ ਹਨ। ਸੰਸਾਰ ਦੇ ਬਹੁਤ ਹੀ ਖਾਸ ਪੰਛੀਆਂ ਨੂੰ ਵੇਖਣ ਦੇ ਚਾਹਵਾਨ ਲੋਕ ਭਰਤਪੁਰ ਪੰਛੀ ਰੱਖ ਵਿੱਚ ਆਪਣੀ ਚਰਨ ਛੋਹ ਕਰਦੇ ਹਨ।

### ਸੁਲਤਾਨਪੁਰ ਪੰਛੀ ਰੱਖ:-

ਸੁਲਤਾਨਪੁਰ ਪੰਛੀ ਰੱਖ ਹਰਿਆਣਾ ਦੇ ਗੁੜਗਾਵਾਂ (Gurgaon) ਜਿਲ੍ਹੇ ਵਿੱਚ ਸਥਿਤ ਕਈ ਰੰਗਦਾਰ ਪੰਖਾਂ ਵਾਲੇ ਪ੍ਰਵਾਸੀ ਪ੍ਰਜਾਤੀਆਂ ਦਾ ਘਰ ਹੈ। ਇਸ ਦੇ ਛੋਟੇ ਜਿਹੇ ਖੇਤਰ ਵਿੱਚ ਇੱਕ ਘੱਟ ਡੂੰਘਾਈ ਵਾਲੀ ਤਾਜੇਪਾਣੀ ਦੀ ਸੁਲਤਾਨਪੁਰ ਝੀਲ ਹੈ। ਜਿੱਥੇ ਸੈਂਕੜੇ ਪ੍ਰਵਾਸੀ ਪੰਛੀ ਆਪਣਾ ਦਾਨਾ-ਪਾਣੀ ਕਰਨ ਲਈ ਹਰ ਸਾਲ ਆਉਂਦੇ ਹਨ। ਸੁਲਤਾਨ ਰਾਸ਼ਟਰੀ ਪਾਰਕ ਆਪਣੇ ਬਹੁਤਾਤ ਵਿੱਚ ਮਿਲਣ ਵਾਲੇ ਜੰਗਲੀ ਜਾਨਵਰਾਂ ਅਤੇ ਸੁੰਦਰ ਪੰਛੀਆਂ ਤੋਂ ਇਲਾਵਾ ਉਡਣ ਵਾਲੇ ਪਰਭਖਸੀਆਂ (Predators) ਲਈ ਵੀ ਮਸ਼ਹੂਰ ਹੈ।

### ਸਲੀਮ ਅਲੀ ਪੰਛੀ ਰੱਖ:-

ਸਲੀਮ ਅਲੀ ਪੰਛੀ ਰੱਖ ਕਈ ਸਥਾਨਿਕ ਅਤੇ ਪ੍ਰਵਾਸੀ ਪੰਛੀਆਂ ਦਾ ਨਿਵਾਸ ਸਥਾਨ ਹੈ, ਜੋ ਕਿ ਗੋਆ ਦੀ ਮਨਡੋਵੀ ਨਦੀ ਦੇ ਨਾਲ ਲੱਗਦੇ ਚੋਰਾਉ ਟਾਪੂ ਉੱਤੇ ਸਥਿਤ ਹੈ। ਸਲੀਮ ਅਲੀ ਪੰਛੀ ਰੱਖ ਭਾਰਤ ਦੀਆਂ ਬਹੁਤ ਹੀ ਮਸ਼ਹੂਰ ਅਤੇ ਵਧੀਆ ਪੰਛੀ ਰੱਖਾਂ ਵਿੱਚੋਂ ਇੱਕ ਹੈ। ਇਹ ਇੱਕ ਬਹੁਤ ਹੀ ਛੋਟੀ ਪੰਛੀ ਰੱਖ ਹੈ, ਜਿੱਥੇ ਉਡਦੀਆਂ ਚਿੜੀਆਂ (sparrow), ਸੁੰਦਰ ਮੋਰ, ਤੋਤੇ, ਬੱਤਖਾਂ(Pelican), ਭਾਰਤੀ ਵੱਡੀ ਗਲਹਿਰੀ ਅਤੇ ਕੁਝ ਹੋਰ ਦੁਰਲੱਭ ਜੈਵਿਕ ਸੰਪਦਾ ਵੇਖੀ ਜਾ ਸਕਦੀ ਹੈ। ਗੋਆ ਦੇ ਬੀਚਾਂ ਤੋਂ ਇਲਾਵਾ ਸਲੀਮ ਅਲੀ ਪੰਛੀ ਰੱਖ ਗੋਆ ਦੇ ਮੁੱਖ ਸੈਲਾਨੀ ਆਕਰਸ਼ਨ ਸਥਾਨਾਂ ਵਿੱਚੋਂ ਇੱਕ ਹੈ।

### ਕੁਮਾਰ ਕੋਮ ਪੰਛੀ ਰੱਖ:

ਕੁਮਾਰਾਕੋਮ ਪੰਛੀ-ਘਰ ਜਿਸ ਨੂੰ ਵੇਮਬਾਨੰਦ ਰੱਖ ਵੀ ਕਿਹਾ ਜਾਂਦਾ ਹੈ, ਵੇਮਬਾਨੰਦ ਝੀਲ ਦੇ ਨਜ਼ਦੀਕ ਕੇਰਲਾ ਦੀ ਧਰਤੀ ਤੇ ਸਥਿਤ ਹੈ। ਇਹ ਕਈ ਪ੍ਰਵਾਸੀ ਪੰਛੀਆਂ ਜਿਵੇਂ ਕਿ ਫਲਾਈ ਕੈਚਰ, ਟੀਲ, ਸਾਈਬੇਰੀਅਨ, ਸਟੋਰਕ, ਕਰੇਨ, ਤੋਤੇ ਅਤੇ ਲੱਕੜ ਬੱਘੇ ਨੂੰ ਬਸੇਰਾ ਦਿੰਦੀ ਹੈ। ਕਿਸ਼ਤੀ ਦੁਆਰਾ ਕੇਰਲਾ ਵਿੱਚ ਪੰਛੀਆਂ ਨੂੰ ਵੇਖਣਾ ਸਭ ਤੋਂ ਵਧੀਆ ਹੈ। ਇਹ ਪ੍ਰਵਾਸੀ ਪੰਛੀਆਂ ਲਈ ਸਭ ਤੋਂ ਪਸੰਦੀਦਾ ਜਗ੍ਹਾ ਅਤੇ ਪੰਛੀ ਪ੍ਰੇਮੀਆਂ ਲਈ ਸਵਰਗ ਹੈ। ਕੇਰਲਾ ਦੀਆਂ ਕੁਝ ਹੋਰ ਰੱਖਾਂ ਹਨ ਮੰਗਲਾਵਨਮ ਅਤੇ ਥੱਤੇਕਡ ਰੱਖ ਜੋ ਕਿ ਪੇਰੀਆਰ ਨਦੀ ਦੇ ਕੰਢਿਆਂ ਉੱਤੇ ਸਥਿਤ ਹੈ ਅਤੇ ਕੁਝ ਖਾਸ

ਜੈਵਿਕ ਸੰਪਦਾ ਅਤੇ ਪੰਛੀਆਂ ਦੀਆਂ ਖਾਸ ਪ੍ਰਜਾਤੀਆਂ ਲਈ ਮਸ਼ਹੂਰ ਹੈ।

## ਰੰਗਨਾਥਿਟੂ ਪੰਛੀ-ਰੱਖ

ਰੰਗਨਾਥਿੱਟੂ ਪੰਛੀ ਰੱਖ ਕਰਨਾਟਕ ਵਿੱਚ ਵਹਿਣ ਵਾਲੀ ਕਾਵੇਰੀ ਨਦੀ ਦੇ ਕੰਢੇ ਉੱਤੇ ਸਥਿਤ ਹੈ। ਵਿਦੇਸ਼ੀ ਪ੍ਰਵਾਸੀ ਪੰਛੀ ਜਿਵੇਂ ਕਿ ਹਲਕਾ ਇਬੀਸ, ਇਗਰੇਟ, ਪਾਰਟਰਿਜ਼, ਹਿਰੋਨ,ਰੀਵਰ ਟਰਨ, ਸਨੇਕ ਬਰਡ(Snake Bird), ਸਟੋਨ ਪਲੋਅਰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਇਹ ਮੈਸੂਰ ਦੇ ਮੁੱਖ ਆਕਰਸ਼ਨ ਕੇਂਦਰਾਂ ਵਿੱਚੋਂ ਇੱਕ ਹੈ ਅਤੇ ਕ੍ਰਿਸ਼ਨਾਰਾਜਾਸਾਗਰ ਡੈਮ (KRC) ਦੇ ਨਾਲ ਲੱਗਦੇ ਬਰਿੰਦਾਬਨ ਗਾਰਡਨ ਤੋਂ ਮਹਿਜ 20 ਕਿ:ਮੀ ਦੀ ਦੂਰੀ ਤੇ ਹੈ।

## ਵੇਦਾਨਥੰਗਲ ਪੰਛੀ ਰੱਖ

ਵੇਦਾਨਥੰਗਲ ਪੰਛੀ ਰੱਖ ਤਾਮਿਲਨਾਡੂ ਵਿੱਚ ਹੈ ਅਤੇ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਪੰਛੀ ਰੱਖਾਂ ਵਿੱਚੋਂ ਇਕ ਹੈ। ਵੇਦਨਾਥੰਗਲ ਝੀਲ ਕਈ ਕਿਸਮ ਦੇ ਪੰਛੀਆਂ ਜਿਵੇਂ ਕਿ ਪਿਨਟੇਲ, ਗਾਰਗੈਨੇਅ, ਗਰੇਅ ਵੈਗਟੇਲ, ਬਲੂ-ਵਿੰਗਡ ਟੀਲ, ਕੱਮਨ ਸੈਡਪਾਈਪਰ ਨੂੰ ਆਕਰਸ਼ਿਤ ਕਰਦੀ ਹੈ। ਤਾਮਿਲਨਾਡੂ ਦਾ 1/6 ਹਿੱਸਾ ਜੰਗਲਾਂ ਨਾਲ ਘਿਰਿਆ ਹੈ ਜੋ ਕਿ ਪੰਛੀ ਅਤੇ ਜਾਨਵਰ ਪ੍ਰੇਮੀਆਂ ਲਈ ਸਵਰਗ ਹੈ। ਕੁੰਥਾਕੁਲਮ ਅਤੇ ਪੁਲੀਕਟ ਝੀਲ ਪੰਛੀ ਰੱਖਾਂ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਬਾੱਰਡਰ ਤੇ ਸਥਿਤ ਪੰਛੀ ਦੇਖਣ ਲਈ ਮਸ਼ਹੂਰ ਥਾਵਾਂ ਹਨ।

## ਕੋਨਦੀਨਿਆ ਪੰਛੀ ਰੱਖ

ਕੋਨਦੀਨਿਆ ਪੰਛੀ-ਰੱਖ ਭਾਰਤ ਦੀਆਂ ਸਰਵੋਤਮ ਪੰਛੀ-ਰੱਖਾਂ ਵਿੱਚੋਂ ਇੱਕ ਹੈ,ਜੋ ਕਿ ਆਂਧਰਾ ਪ੍ਰਦੇਸ਼ ਵਿੱਚ ਚਿਤੋੜ ਦੇ ਨਜ਼ਦੀਕ ਹੈ। ਇਹ ਰੱਖ ਉੱਚੀਆਂ ਪਹਾੜੀਆਂ ਅਤੇ ਸੰਘਣੀਆਂ ਵਾਦੀਆਂ ਨਾਲ ਭਰੀ ਹੋਈ ਹੈ। ਕੈਗਲ ਅਤੇ ਕੋਨਦੀਨਿਆ ਦੋ ਸੁੰਦਰ ਨਦੀਆਂ ਹਨ ਜੋ ਕਿ ਪੰਛੀ-ਰੱਖ ਵਿੱਚੋਂ ਵਹਿੰਦੀਆਂ ਹਨ। ਕੋਨਦੀਨਿਆ ਭਾਰਤ ਦੀ ਸਰਵੋਤਮ ਜੰਗਲੀ ਜੀਵਨ ਅਤੇ ਪੰਛੀ ਵੇਖਣ ਦੀ ਥਾਂ ਹੈ। ਕੋਲੇਰੂ ਝੀਲ ਪੰਛੀ ਰੱਖ ਵੀ ਕਈ ਕਿਸਮਾਂ ਦੇ ਪ੍ਰਵਾਸੀ ਪੰਛੀਆਂ ਨੂੰ ਆਪਣੀ ਵੱਡੀ ਤਾਜੇ ਪਾਣੀ ਦੀ ਝੀਲ ਕੋਲੇਰੂ ਵੱਲ ਖਿੱਚਦੀ ਹੈ।

## ਚਿਲਕਾ ਝੀਲ ਪੰਛੀ ਰੱਖ

ਸੈਲਾਨੀਆਂ ਵਿੱਚ ਮਸ਼ਹੂਰ ਚਿਲਕਾ ਝੀਲ ਪੰਛੀ ਰੱਖ ਉਡੀਸਾ ਵਿੱਚ ਪੁਰੀ ਦੇ ਨੇੜੇ ਸਥਿਤ ਹੈ। ਚਿਲਕਾ ਝੀਲ ਏਸ਼ੀਆ ਵਿੱਚ ਬਹੁਤ ਸੁੰਦਰ ਖਾਰੇ ਪਾਣੀ ਦੀ ਝੀਲ ਹੈ ਅਤੇ ਪੰਛੀਆਂ ਦੀਆਂ ਵਿਭਿੰਨ ਪ੍ਰਜਾਤੀਆਂ ਲਈ ਮਸ਼ਹੂਰ ਹੈ। ਚਿਲਕਾ ਝੀਲ ਪੰਛੀ ਰੱਖ ਦਾ ਕੰਮ ਕਰਦੀ ਹੈ ਅਤੇ ਭਾਰਤ ਵਿੱਚ ਪ੍ਰਵਾਸੀ ਪੰਛੀਆਂ ਲਈ ਸਭ ਤੋਂ ਵੱਡੀ ਸ਼ਾਤਕਾਲੀਨ ਥਾਂ (Wintering Ground) ਦਾ ਕੰਮ ਕਰਦੀ ਹੈ। ਨਾਸ਼ਪਾਤੀ ਦੇ ਅਕਾਰ ਦੀ ਚਿਲਕਾ ਝੀਲ ਭਾਰਤ ਦੇ ਸਰਵੋਤਮ ਪੰਛੀ ਵੇਖਣ ਵਾਲੇ ਸਥਾਨਾਂ ਵਿੱਚੋਂ ਇੱਕ ਹੈ।

## ਮਯਾਨੀ ਪੰਛੀ ਰੱਖ

ਮਯਾਨੀ ਪੰਛੀ-ਰੱਖ ਮਹਾਂਰਾਸ਼ਟਰ ਦੇ ਸਤਾਰਾ ਜਿਲ੍ਹੇ ਵਿੱਚ ਸਥਿਤ ਆਪਣੇ ਵੱਡੀ ਗਿਣਤੀ ਵਿੱਚ ਮਿਲਣ ਵਾਲੇ ਪ੍ਰਵਾਸੀ ਪੰਛੀਆਂ ਲਈ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਕਈ ਪ੍ਰਵਾਸੀ ਪੰਛੀ ਇਸ ਖੇਤਰ ਵਿੱਚੋਂ ਦੀ ਲੰਘਦੇ ਹਨ, ਜਿਵੇਂ ਕਿ ਸਾਈਬੇਰੀਆ ਤੋਂ ਫਲੈਮਿੰਗੋ ਵੱਡੀ ਗਿਣਤੀ ਵਿੱਚ ਆਉਂਦੇ ਹਨ। ਇਹ ਭਾਰਤ ਦੀਆਂ ਬਹੁਤ ਹੀ ਖਾਸ ਪੰਛੀ ਰੱਖਾਂ ਵਿੱਚੋਂ ਇੱਕ ਹੈ।

### ਨਲ ਸਰੋਵਰ ਪੰਛੀ-ਰੱਖ

ਨਲ ਸਰੋਵਰ ਪੰਛੀ ਰੱਖ ਗੁਜਰਾਤ ਦੇ ਅਹਿਮਦਾਬਾਦ ਵਿੱਚ ਸਥਿਤ ਹੈ। ਇਸ ਵਿੱਚ ਇੱਕ ਵੱਡੀ ਝੀਲ ਅਤੇ ਦਲਦਲੀ ਜ਼ਮੀਨ ਹੈ। ਨਲ ਸਰੋਵਰ ਪੰਛੀ ਰੱਖ ਗੁਜਰਾਤ ਦੀ ਸਭ ਤੋਂ ਵੱਡੀ ਜਲਗਾਹ ਪੰਛੀ ਰੱਖ ਹੈ। ਭਾਰਤ ਦੀਆਂ ਸਭ ਤੋਂ ਵੱਡੀਆਂ ਰੱਖਾਂ ਵਿੱਚੋਂ ਇੱਕ, ਇਸ ਰੱਖ ਵਿੱਚ ਪੰਛੀ ਜਿਵੇਂ ਫਲੈਮਿੰਗੋ, ਪੈਨੀਕਨਸ, ਸਪੂਨਬਿਲ, ਐਵੋਸੇਟ, ਕੂਟ, ਪਿਨਟੇਲ, ਛੋਟੇ ਕੋਰਮੋਰੈਂਟਸ, ਛੋਟੇ ਗਰੀਬੇਸ ਅਤੇ ਸੌਵੇਲਰਸ ਵੇਖੇ ਜਾ ਸਕਦੇ ਹਨ। ਇਹ ਭਾਰਤ ਦੀ ਸਭ ਤੋਂ ਵੱਧ ਰੌਣਕ ਵਾਲੀਆਂ ਸੈਲਾਨੀ ਥਾਵਾਂ ਵਿੱਚੋਂ ਇੱਕ ਹੈ।

### ਸਮੀਖਿਅਕ ਪ੍ਰਸ਼ਨ

**ਹੇਠਾਂ ਦਿੱਤਿਆਂ ਨੂੰ ਮਿਲਾਉ:**

| ਕਾੱਲਮ-ਏ | ਕਾੱਲਮ-ਬੀ |
|---|---|
| ਨਲ ਸਰੋਵਰ ਪੰਛੀ ਰੱਖ | ਉੜੀਸਾ |
| ਡਾਚੀਗਮ ਰਾਸ਼ਟਰੀ ਪਾਰਕ | ਮੱਧ ਪ੍ਰਦੇਸ਼ |
| ਬੰਧਵਗੜ੍ਹ ਰਾਸ਼ਟਰੀ ਪਾਰਕ | ਅਹਿਮਦਾਬਾਦ, ਗੁਜਰਾਤ |
| ਚਿਲਕਾ ਝੀਲ ਪੰਛੀ-ਰੱਖ | ਜੰਮੂ ਅਤੇ ਕਸ਼ਮੀਰ |

## 7.6 ਭਾਰਤ ਦੇ ਬਨਸਪਤਿਕ ਬਾਗ (Botanical Garden)

ਬਨਸਪਤਿਕ ਬਾਗ ਅਜਿਹੀ ਜਗ੍ਹਾ ਹੈ ਜਿੱਥੇ ਪੌਦੇ, ਖਾਸ ਕਰਕੇ ਫਰਨ, ਕੋਨੀਫਰ ਅਤੇ ਫੁੱਲਾਂ ਵਾਲੇ ਪੌਦੇ, ਖੋਜ ਵਿੱਦਿਅਕ ਅਤੇ ਸੰਰਚਨਾ ਦੇ ਮਕਸਦ ਵਜੋਂ ਉਗਾਏ ਅਤੇ ਪ੍ਰਦਰਸ਼ਿਤ ਕੀਤੇ ਜਾਦੇ ਹਨ। ਇਹ ਮੰਤਵ ਇਨ੍ਹਾਂ ਨੂੰ ਪਾਰਕਾਂ ਅਤੇ ਆਨੰਦਯੋਗ ਬਾਗਾਂ ਤੋਂ ਵੱਖਰਾ ਕਰਦਾ ਹੈ ਜਿੱਥੇ ਪੌਦੇ ਅਕਸਰ ਸਜਾਵਟੀ ਫੁੱਲ ਆਦਿ ਜਨਤਾ ਦੀ ਪਸੰਦ ਲਈ ਹੀ ਉਗਾਏ ਜਾਂਦੇ ਹਨ। ਜਿਹੜੇ ਬਨਸਪਤਿਕ ਬਾਗ ਬਿਰਖਾ ਲਈ ਖਾਸ ਮੁਹਾਰਤ ਰੱਖਦੇ ਹਨ, ਉਨ੍ਹਾਂ ਨੂੰ ਆਰਬੋਰੇਟਮ (Arbotrems) ਕਿਹਾ ਜਾਂਦਾ ਹੈ।

ਭਾਰਤ ਵਿੱਚ ਵੰਨ-ਸੁਵੰਨੀ ਬਨਸਪਤਿਕ ਸੰਪਦਾ ਵਾਲੇ ਹਜ਼ਾਰਾ ਬਨਸਪਤਿਕ ਬਾਗ ਸੈਲਾਨੀਆਂ ਦੁਆਰਾ ਬੜੇ-ਚਾਅ ਨਾਲ ਵੇਖੇ ਜਾਂਦੇ ਹਨ।

ਭਾਰਤ ਦੇ ਹਰੇਕ ਬਨਸਪਤਿਕ ਬਾਗ ਬਾਰੇ ਬਿਆਨ ਕਰਨਾ ਸੰਭਵ ਨਹੀ ਇਸ ਕਰਕੇ ਕੁਝ ਖਾਸ ਹੇਠਾਂ ਦਿੱਤੇ ਗਏ ਹਨ:

- ਅਚਾਰਿਆ ਜਗਦੀਸ਼ ਚੰਦਰ ਬੋਸ ਇੰਡੀਅਨ ਬੋਟੈਨੀਕਲ ਗਾਰਡਨ ਸ਼ਿਬਪੁਰ, ਕੋਲਕਾਤਾ।
- ਐਗਰੀ-ਹੌਰਟੀਕਲਚਰਲ ਸੋਸਾਇਟੀ ਆੱਫ ਇੰਡੀਆ, ਅਲੀਪੁਰ ਕੋਲਕਾਤਾ।
- ਅਸਾਮ ਸਟੇਟ ਜ਼ੂ-ਕਮ-ਬੋਟੈਨੀਕਲ ਗਾਰਡਨ, ਗੁਹਾਟੀ।
- ਬੋਟੈਨੀਕਲ ਗਾਰਡਨ, ਸਾਰੰਗਪੁਰ ਨੇੜੇ, ਚੰਡੀਗੜ੍ਹ।




ਨਕਸ਼ਾ 7.2 ਭਾਰਤ ਦੀਆਂ ਜੰਗਲੀ ਜੀਵ-ਰੱਖਾਂ

- ਐਮਪ੍ਰੈਸ਼ ਗਾਰਡਨ, ਪੂਨੇ (Empress Garden Pune)
- ਗਾਰਡਨ ਆੱਫ ਮੈਡੀਸੀਨਲ ਪਲਾਂਟਸ, ਨੌਰਥ ਬੰਗਾਲ ਯੂਨੀਵਰਸਿਟੀ, ਪੱਛਮੀ ਬੰਗਾਲ
- ਸਰਕਾਰੀ ਬੋਟੈਨੀਕਲ ਗਾਰਡਨ, ਊਟਾਕਾਮੁੰਡ, ਜਿਲ੍ਹਾ ਨੀਲਗਿਰੀ, ਤਮਿਲਨਾਡੂ
- IFGTB ਬੋਟੈਨੀਕਲ ਗਾਰਡਨ- ਦੀ ਇੰਸਟੀਚਿਊਡ ਆੱਫ ਫੋਰੈਸਟ ਜੈਨੇਟਿਕਸ ਐੱਡ ਟ੍ਰੀ ਬਰੀਡਿੰਗ (IFGTB) ਕੋਇੰਬਟੋਰ, ਤਾਮਿਲਨਾਡੂ
- ਜੰਮੂ ਐਡ ਕਸਮੀਰ ਮੈਡੀਸ਼ੀਨਲ ਪਲਾਂਟਸ ਇੰਟਰੋਤਕਸ਼ਨ ਸੈਟਰ, ਸੋਨਮਰਗ, ਕਸਮੀਰ
- ਜਵਾਹਰਲਾਲ ਨਹਿਰੂ ਟਰੋਪੀਕਲ ਬੋਟੈਨਿਕ ਐਡ ਰਿਸ਼ਰਚ ਇੰਸਟੀਚਿਊਟਸ (TBGRI) ਤ੍ਰਿਵੇਦਰਮ, ਕੇਰਲਾ

**ਸਮੀਖਿਅਕ ਪ੍ਰਸ਼ਨ**

1. ਬਨਸਪਤਿਕ ਬਾਗ ਦੀ ਪ੍ਰੀਭਾਸ਼ਾ ਦਿਉ ? ਭਾਰਤ ਦੇ ਕੋਈ ਤਿੰਨ ਮਸ਼ਹੂਰ ਬਨਸਪਤਿਕ ਬਾਗਾਂ ਦੇ ਨਾਮ ਦੱਸੋ।

## 7.7 ਇਸ ਯੂਨਿਟ ਵਿੱਚ ਇਸਤੇਮਾਲ ਕੀਤੀ ਬੁਨਿਆਦੀ ਸ਼ਬਦਾਵਲੀ

### 1. ਜੀਵ-ਭੂਗੋਲਿਕ ਸਰੋਤ:-

ਜੀਵ-ਭੂਗੋਲਿਕ ਸਰੋਤ ਉਹ ਸਰੋਤ ਹੁੰਦੇ ਹਨ ਜੋ ਸੰਬੰਧਿਤ ਖੇਤਰ ਦੇ ਜੈਵਿਕ ਜੀਵਨ ਅਤੇ ਆਲੇ-ਦੁਆਲੇ ਦੇ ਭੌਤਿਕ ਵਾਤਾਵਰਣ ਦਾ ਨਤੀਜਾ ਹੁੰਦੇ ਹਨ।

### 2. ਬਨਸਪਤਿਕ ਸੰਪਦਾ (Flora):

ਬਨਸਪਤੀ ਜਗਤ ਦੀਆਂ ਉਹ ਸਾਰੀਆਂ ਪ੍ਰਜਾਤੀਆਂ ਜੋ ਖਾਸ ਖੇਤਰ ਵਿੱਚ ਸਮੇਂ ਜਾਂ ਖਾਸ ਵਾਤਾਵਰਣ ਵਿੱਚ ਮਿਲ਼ਦੀਆਂ ਹਨ। ਇਕੱਠੀਆਂ "ਬਨਸਪਤਿਕ ਸੰਪਦਾ" ਅਖਵਾਉਂਦੀਆਂ ਹਨ। ਫਲੋਰਾ ਸ਼ਬਦ ਰੋਮਨ ਦੇਵੀ ਤੋਂ ਲਿਆ ਗਿਆ ਹੈ।

### 3. ਜੈਵਿਕ ਸੰਪਦਾ (Founa):

ਜੀਵ-ਜਗਤ ਦੇ ਉਹ ਸਾਰੇ ਪ੍ਰਾਣੀ ਜੋ ਕਿਸੇ ਵਿਸ਼ੇਸ਼ ਖੇਤਰ ਜਾਂ ਸਮੇਂ ਵਿੱਚ ਮੌਜੂਦ ਹੁੰਦੇ ਹਨ, ਜੈਵਿਕ ਸੰਪਦਾ ਕਹਾਉਂਦੇ ਹਨ।

(ਭਾਰਤ ਵਿੱਚ ਸਭ ਤੋਂ ਵੱਡਾ ਅਤੇ ਦੇਸ਼ੀਆਂ ਦੇ ਕਈ ਵੱਡੀ ਗਿਣਤੀ ਵਿੱਚ ਪੌਦਿਆਂ ਦੀਆਂ ਪ੍ਰਜਾਤੀਆਂ ਨੂੰ ਸੁਰੱਖਿਅਤ ਰੱਖਦਾ ਹੈ।)

- ਝਾਂਸੀ ਬੋਟੈਨੀਕਲ ਗਾਰਡਨ ਝਾਂਸੀ, ਝਾਂਸੀ ਉੱਤਰ ਪ੍ਰਦੇਸ਼।
- ਲਾਲ ਬਾਗ, ਬੈਂਗਲੋਰ, ਕਰਨਾਟਕਾ।
- ਲਲਾਇਡ ਬੋਟੈਨੀਕਲ ਗਾਰਡਨ, ਦਾਰਜਲਿੰਗ, ਪੱਛਮੀ ਬੰਗਾਲ।
- ਸਹਾਰਨਪੁਰ ਬੋਟੈਨੀਕਲ ਗਾਰਡਨ, ਸਹਾਰਨਪੁਰ, ਉੱਤਰ ਪ੍ਰਦੇਸ਼।
- ਸੇਨਮੋਜੀ ਬੂੰਗਾ, ਚੇਨੱਈ, ਤਾਮਿਲਨਾਡੂ।
- Tnau Botanical Garden, Agriculture University, Coimbatore, Tamilnadu (ਤਨੂ ਬੋਟੈਨੀਕਲ ਗਾਰਡਨ, ਐਗਰੀਕਲਚਰਲ ਯੂਨੀਵਰਸਿਟੀ, ਕੋਇੰਬਟੋਰ, ਤਾਮਿਲਨਾਡੂ)
- ਵੇਲੇਆਨੀ ਖੇਤੀਬਾੜੀ ਕਾਲਜ, ਤ੍ਰਿਵੰਦਰਮ, ਕੇਰਲਾ।

ਉੱਪਰ ਦਿੱਤੇ ਸੈਰ ਸਪਾਟਾ ਜੈਵਿਕ ਭੂਗੋਲਿਕ ਸਰੋਤਾਂ ਤੋਂ ਇਲਾਵਾ ਭਾਰਤ ਵਿੱਚ ਕਈ ਵੱਡੇ ਜੀਵਜੰਤੂ ਘਰ, ਚਿੜੀਆ ਘਰ ਅਤੇ ਪਾਰਕ ਆਦਿ ਹਨ।



ਬਨਸਪਤੀ



ਨਲ ਸਰੋਵਰ ਪੰਛੀ-ਰੱਖ ਅਹਿਮਦਾਬਾਦ



ਬਨਸਪਤੀ ਅਤੇ ਜੈਵਿਕ ਸੰਪਦਾ, ਭਾਰਤ



ਸੁੰਦਰਬਨ ਰਾਸ਼ਟਰੀ ਪਾਰਕ, ਪੱਛਮੀ ਬੰਗਾਲ



ਕਾਜੀਰੰਗਾ ਜੰਗਲੀ ਪ੍ਰਾਣੀ ਘਰ, ਆਸਾਮ



ਲਾਲਬਾਗ ਬਨਸਪਤਿਕ ਬਾਗ ਬੈਂਗਲੌਰ

**4. ਬਾਇਓਮ (Bioam):**

ਬਾਇਓਮ ਉਹ ਵੱਡਾ ਭੂਗੋਲਿਕ ਖੇਤਰ ਹੈ, ਜਿਸ ਵਿੱਚ ਦੋਨੋ ਭੌਤਿਕੀ ਅਤੇ ਜੈਵਿਕ ਤੱਤ ਇਕਸਾਰਤਾ ਨਾਲ ਮੌਜੂਦ ਹੁੰਦੇ ਹਨ।

**5. ਜੈਵਿਕ ਭਿੰਨਤਾ:-**

ਜੈਵਿਕ ਭਿੰਨਤਾ ਦਾ ਭਾਵ ਜੈਵਿਕ ਹਿੱਸਿਆਂ (ਮਨੁੱਖ, ਬਨਸਪਤੀ ਅਤੇ ਜੈਵਿਕ ਸੰਪਦਾ) ਵਿੱਚ ਆਪਸੀ ਅਤੇ ਉਨ੍ਹਾਂ ਦੇ ਭੌਤਿਕੀ ਆਲੇ-ਦੁਆਲੇ ਵਿੱਚ ਮਿਲਣ ਵਾਲੀ ਭਿੰਨਤਾ। ਬਿਨ੍ਹਾਂ ਜੈਵਿਕ ਭਿੰਨਤਾ ਦੇ ਸੈਰਸਪਾਟੇ ਦਾ ਪ੍ਰਸ਼ਨ ਨਹੀ ਉੱਠਦਾ ਕਿਉਂਕਿ ਭਿੰਨਤਾ ਹੀ ਮਨੁੱਖੀ ਵਿਵਹਾਰ ਅਨੁਸਾਰ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਦਾ ਹੈ।

**6. ਪਰਿਆਵਰਣਕ ਵਿਗਿਆਨ:-**

ਪਰਿਆਵਰਣਕ ਜੈਵਿਕ ਜੀਵ-ਜੰਤੂਆਂ ਦੇ ਆਪਸੀ ਸੰਬੰਧ ਬਾਰੇ ਪੜ੍ਹਨ ਦੇ ਵਿਗਿਆਨ ਨੂੰ ਪਰਿਆਵਰਣਕ ਵਿਗਿਆਨ ਕਹਿੰਦੇ ਹਨ। ਇਹ ਪਰਿਆਵਰਣਕ ਅਤੇ ਜੀਵ-ਭਿੰਨਤਾ ਹੀ ਹਰ ਤਰ੍ਹਾਂ ਦੇ ਸੈਰ-ਸਪਾਟੇ ਦੇ ਲਈ ਪਲੇਟ ਫਾਰਮ ਤਿਆਰ ਕਰਦਾ ਹੈ ਕਿਉਂਕਿ ਪਰਿਆਵਰਣ ਦਾ ਸੰਤੁਲਨ ਸੈਰ-ਸਪਾਟੇ ਦੇ ਵਧਣ-ਫੁੱਲਣ ਅਤੇ ਇਸ ਦੀ ਸਥਿਰਤਾ ਵਧਾਉਂਦਾ ਹੈ।

**7. ਪਰਿਆਵਰਣਿਕ ਸੈਰ-ਸਪਾਟਾ:-**

ਕੁਦਰਤ ਦੀ ਪ੍ਰਸੰਸ਼ਾ ਅਤੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਨ ਲਈ ਮਨੁੱਖੀ ਛੋਹ ਰਹਿਤ ਇਲਾਕਿਆਂ ਦੀ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਰਹਿੰਦੇ ਹੋਏ ਕੀਤੀ ਯਾਤਰਾ ਨੂੰ ਪਰਿਆਵਰਣਕ ਸੈਰ-ਸਪਾਟਾ ਕਹਿੰਦੇ ਹਨ।

**8. ਜੰਗਲੀ ਜੀਵ-ਜੰਤੂ ਘਰ (Wildlife Sanctuaries):-**

ਇਹ ਉਹ ਖੇਤਰ ਹਨ ਜਿੱਥੇ ਖਾਸ ਤੌਰ ਤੇ ਕੁਦਰਤੀ ਜੀਵਨ ਵਿੱਚ ਦਖਲਅੰਦਾਜ਼ੀ ਕਰਨ ਲਈ ਵਰਜਿਤ ਹੁੰਦਾ ਹੈ। ਸ਼ਿਕਾਰ, ਮੱਛੀ ਪਕੜਣਾ ਅਤੇ ਬੰਦੂਕ ਚਲਾਨਾ ਵਰਜਿਤ ਹੁੰਦਾ ਹੈ।

ਸੈਂਚੁਰੀ ਅਜਿਹੀ ਜਗ੍ਹਾਂ ਹੁੰਦੀ ਹੈ ਜਿੱਥੇ ਕਿਸੇ ਵੀ ਜਾਨਵਰ ਨੂੰ ਮਾਰਨਾ ਜਾਂ ਪਕੜਣਾ ਸੰਬੰਧਿਤ ਅਧਿਕਾਰੀਆਂ ਦੇ ਆਦੇਸ਼ਾਂ ਤੋਂ ਵਰਜਿਤ ਹੁੰਦਾ ਹੈ ਜੋ ਜੰਗਲੀ ਜਾਨਵਰਾਂ ਲਈ ਸੁਰੱਖਿਆ ਅਤੇ ਉਪਯੋਗੀ ਜੀਵਨ ਪਰਿਸਥਿਤੀਆਂ ਮੁਹੱਈਆਂ ਕਰਵਾਉਂਦੇ ਹਨ।

**9. ਬਨਸਪਤਿਕ ਬਾਗ**

ਇਹ ਉਹ ਥਾਂ ਹੈ ਜਿੱਥੇ ਪੌਦੇ ਖਾਸ ਕਰਕੇ ਫਰਨ, ਕੋਨੀਫਰ ਅਤੇ ਫੁੱਲਾਂ ਵਾਲੇ ਪੌਦੇ ਖੋਜ ਵਿੱਦਿਅਕ ਅਤੇ ਸੰਰਚਨਾ ਦੇ ਮਕਸਦ ਵਜੋਂ ਉਗਾਏ ਅਤੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ।

## ਸਮੀਖਿਅਕ ਪ੍ਰਸ਼ਨ:-

### ਖਾਲੀ ਥਾਵਾਂ ਭਰੋ:-

**1.** ___________ ਰਾਸ਼ਟਰੀ ਬਾਗ ਭਾਰਤੀ ਹਾਥੀਆਂ ਦੇ ਵੱਡੇ ਝੁੰਡਾਂ ਲਈ ਜਾਣਿਆ ਜਾਂਦਾ ਹੈ।

**2.** ___________ ਇੱਕ ਸਿੰਗ ਵਾਲੇ ਗੈਂਡੇ ਦਾ ਨਿਵਾਸ ਸਥਾਨ ਹੈ।

3. ਬੰਗਾਲ ਦੇ ਸਿਰੇ ਤੇ ਦਲਦਲੀ ਸਦਾਬਹਾਰ ਜੰਗਲਾਂ ਵਿੱਚ ਸਥਿਤ ___________ ਦੇ ਸਮਰਾਜ ਨੂੰ ਸੁੰਦਰਬਨ ਰਾਸ਼ਟਰੀ ਪਾਰਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**4.** ___________ ਰਾਸ਼ਟਰੀ ਪਾਰਕ ਨੀਲਗਿਰੀ ਦੇ ਉੱਤਰ-ਪੱਛਮ ਵਿੱਚ ਤਾਮਿਲਨਾਡੂ, ਕੇਰਲਾ ਅਤੇ ਕਰਨਾਟਕਾ ਦੇ ਚੌਰਸਤੇ ਉੱਤੇ ਸਥਿਤ, ਨਾਲ ਲਗਦੇ ਜੰਗਲ ਪ੍ਰਾਣੀ ਰਿਜ਼ਰਵ ਖੇਤਰਾਂ ਲਈ ਰਸਤਾ ਹੈ।

**5.** ___________ ਜੀਵ-ਜੰਤੂ ਘਰ ਵੱਡੀਆਂ ਬਿੱਲੀਆਂ ਜਿਨ੍ਹਾਂ ਵਿਚ ਸ਼ੇਰਾਂ ਦੇ ਨਾਲ-ਨਾਲ ਤੇਦੂਏਂ ਲਈ ਵੀ ਵੱਧਣ-ਫੁੱਲਣ ਵਾਲਾ ਸਥਾਨ ਹੈ।

6. ਡਾਚੀਗਮ ਰਾਸ਼ਟਰੀ ਪਾਰਕ ਦੇ ਨਾਂ ਦਾ ਸ਼ਾਬਦਿਕ ਅਰਥ ___________ ਹੈ।

7. ਭਰਤਪੁਰ ਪੰਛੀ-ਰੱਖ ਨੂੰ ___________ ਰਾਸ਼ਟਰੀ-ਪਾਰਕ ਵੀ ਕਿਹਾ ਜਾਂਦਾ ਹੈ।

8. ਤਾਮਿਲਨਾਡੂ ਵਿੱਚ ਸਥਿਤ ___________ ਪੰਛੀ-ਰੱਖ ਭਾਰਤ ਦੀ ਸਭ ਤੋਂ ਪੁਰਾਣੀ ਪੰਛੀ-ਰੱਖ ਹੈ।

9. ਪੰਛੀਆਂ ਦੀਆਂ ਕਈ ਪ੍ਰਜਾਤੀਆਂ ਲਈ ਪ੍ਰਸਿੱਧ ___________ ਝੀਲ ਏਸ਼ੀਆਂ ਦੀ ਸਭ ਤੋਂ ਸੁੰਦਰ ਖਾਰੇ ਪਾਣੀ ਦੀ ਝੀਲ ਹੈ।

10. ___________ ਪੰਛੀ-ਰੱਖ ਗੁਜਰਾਤ ਦੀ ਸਭ ਤੋਂ ਵੱਡੀ ਜਲਗਾਹ ਪੰਛੀ-ਰੱਖ ਹੈ।

### ਛੋਟੇ ਪ੍ਰਸ਼ਨ-ਉੱਤਰ:-

1. ਜੈਵਿਕ ਭਿੰਨਤਾ ਦੀ ਪਰਿਭਾਸ਼ਾ ਦਿਉ ?
2. ਪਰਿਆਵਰਣਕ ਵਿਗਿਆਨ ਕਿਸ ਨੂੰ ਕਹਿੰਦੇ ਹਨ ?
3. ਬਾਇਓਮ ਕੀ ਹੈ ?
4. ਵਾਤਾਵਰਣ ਤੋਂ ਤੁਸੀ ਕੀ ਸਮਝਦੇ ਹੋ ?
5. ਪਰਿਆਵਰਣਕ ਸੈਰ-ਸਪਾਟੇ ਦੀ ਪਰਿਭਾਸ਼ਾ ਦਿਉ ?
6. ਬਨਸਪਤਿਕ ਬਾਗ ਤੋਂ ਤੁਹਾਡਾ ਕੀ ਭਾਵ ਹੈ ?

**ਵੱਡੇ-ਪ੍ਰਸ਼ਨ ਉੱਤਰ:-**

1. ਜੀਵ-ਭੂਗੋਲ ਕੀ ਹੁੰਦਾ ਹੈ ?ਭਾਰਤ ਦੀ ਬਨਸਪਤੀ ਅਤੇ ਜੈਵਿਕ ਸੰਪਦਾ ਅਤੇ ਉਹਨਾਂ ਦੇ ਸੈਰ-ਸਪਾਟੇ (Tourism) ਵਿੱਚ ਮਹੱਤਤਾ ਬਾਰੇ ਵਿਸਥਾਰ ਵਿੱਚ ਟਿੱਪਣੀ ਕਰੋ ?
2. ਪਰਿਆਵਰਣਕ ਸੈਰ-ਸਪਾਟੇ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ ?ਭਾਰਤ ਦੇ ਨਕਸ਼ੇ ਉੱਤੇ ਪਰਿਆਵਰਣਕ ਸੈਰ-ਸਪਾਟੇ ਦੀਆਂ ਥਾਵਾਂ ਨੂੰ ਦਰਸਾਉ ?
3. ਭਾਰਤ ਦੇ ਕੋਈ ਦੱਸ ਜੰਗਲੀ ਜੀਵ ਘਰਾਂ ਦੇ ਨਾਮ ਦੱਸੋਂ ਅਤੇ ਸੰਖੇਪ ਵਿੱਚ ਬਿਆਨ ਕਰੋ ?
4. ਭਾਰਤ ਦੇ ਕੋਈ ਦੱਸ ਪੰਛੀ-ਰੱਖਾਂ ਦੇ ਨਾਮ ਦੱਸ ਕੇ ਸੰਖੇਪ ਵਿੱਚ ਬਿਆਨ ਕਰੋ ?
5. ਭਾਰਤ ਦੇ ਕੋਈ ਦਸ ਬਨਸਪਤਿਕ ਬਾਗਾਂ ਉੱਤੇ ਸੰਖੇਪ ਵਿੱਚ ਵਿਚਾਰ ਕਰੋ ?

## 7.8 ਪ੍ਰਯੋਗੀ ਗਤੀਵਿਧੀ:-

1. ਭਾਰਤ ਦੇ ਰਾਜਨੀਤਿਕ ਨਕਸ਼ੇ ਉੱਤੇ ਭਾਰਤ ਦੇ ਜੀਵ-ਭੂਗੋਲਿਕ ਖੇਤਰਾਂ ਨੂੰ ਦਰਸਾਉ ?

# ਯੂਨਿਟ - 8

# ਭਾਰਤ ਦੇ ਸੈਰਸਪਾਟੇ ਦੇ ਸੱਭਿਆਚਾਰਕ ਸਰੋਤ

## ਵਿਸ਼ਾ ਸੂਚੀ


8.0 ਯੂਨਿਟ ਦੀ ਆਮ ਜਾਣਕਾਰੀ ਅਤੇ ਵਰਣਨ

- ਆਮ ਜਾਣਕਾਰੀ
- ਹੁਨਰਤਾ ਅਤੇ ਜਾਣਕਾਰੀ
- ਸਰੋਤ ਸਮੱਗਰੀ
- ਪੜਨ ਦੇ ਨਤੀਜੇ
- ਅਧਿਆਪਕਾਂ ਲਈ ਮੁਲਾਂਕਣ

8.1 ਜਾਣ ਪਛਾਣ

8.2 ਬਣਾਏ ਗਏ ਸੈਰਸਪਾਟੇ ਦੇ ਸੱਭਿਆਚਾਰਕ ਸਰੋਤ

8.3 ਸੈਰਸਪਾਟੇ ਦੇ ਧਾਰਮਿਕ ਸੱਭਿਆਚਾਰਕ ਸਰੋਤ

8.4 ਖੇਡ ਸਰੋਤ

8.5 ਭਾਰਤ ਦਾ ਪੁਰਾਤਨਵਾਦ

8.6 ਮਨੋਰੰਜਨ ਦੇ ਸਰੋਤ

8.7 ਸੈਰਸਪਾਟਾ ਸਰੋਤ ਵੱਜੋਂ ਭਾਰਤੀ ਵਿਅੰਜਨ

8.8 ਕਲਾਂ, ਕਲਾਕ੍ਰਿਤੀਆ ਅਤੇ ਖਾਦੀ ਭੰਡਾਰ (ਹੈਂਡਲੂਮ )

8.9 ਆਵਾਜਾਈ ਜਾਲ (ਨੈੱਟਵਰਕ) ਅਤੇ ਸੈਲਾਨੀ ਆਧਾਰਿਤ ਸੰਰਚਨਾ

8.10 ਇਸ ਯੂਨਿਟ ਵਿੱਚ ਵਰਤੀ ਗਈ ਬੁਨਿਆਦੀ ਸ਼ਬਦਾਵਲੀ

8.11 ਪ੍ਰਯੋਗੀ ਗਤੀਵਿਧੀਆਂ


## 8.0 ਯੂਨਿਟ ਦੀ ਆਮ ਜਾਣਕਾਰੀ ਅਤੇ ਵਰਣਨ

ਇਹ ਅਧਿਆਇ ਭਾਰਤ ਦੇ ਸੈਰਸਪਾਟੇ ਸੱਭਿਆਚਾਰਕ ਸਰੋਤਾਂ ਨਾਲ ਸਬੰਧ ਰੱਖਦਾ ਹੈ।

### ਇਹ ਯੂਨਿਟ ਹੇਠਾਂ ਦਿੱਤੀ ਜਾਣਕਾਰੀ ਅਤੇ ਹੁਨਰਤਾ ਪ੍ਰਦਾਨ ਕਰਨ ਬਾਰੇ ਦੱਸੇਗਾ :-

– ਸੈਰਸਪਾਟਾ ਸਭਿਆਚਾਰਕ ਸਰੋਤਾਂ ਦਾ ਮੂਲ ਤੱਤ

– ਸੈਰਸਪਾਟਾ ਸਭਿਆਚਾਰਕ ਸਰੋਤਾਂ ਦੀਆ ਵਿਸ਼ੇਸ਼ਤਾਵਾ

-ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀਆਂ ਕਿਸਮਾਂ

–ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀ ਮਹੱਤਤਾ

–ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੀ ਧਰਾਤਲੀ ਵੰਡ ਅਤੇ ਸੈਰਸਪਾਟਾ ਉਤਪਾਦ ਦੇ ਨਤੀਜੇ

## ਸਰੋਤ ਸਮੱਗਰੀ


1. A.K. Bhatia - Tourism Development: Principles and Practices, Sterling Publishers Pvt. Ltd, 2002

2. Krishna Lal and M. Bhattacharyya – Cultural Tourism in India, D.K. Print World, 2002,

3. Kapila Vatsyayan - Arrested Movements: Sculpture and Paintings, Under the Incredible India Series, Wisdom Tree Publications, New Delhi, 2007

4. Pushpesh Pant - Cuisines, Under the Incredible India Series, Wisdom Tree Publications, New Delhi, 2007


## ਪੜ੍ਹਨ ਦੇ ਨਤੀਜੇ

| ਯੂਨਿਟ 8ਸੈਰਸਪਾਟੇ ਦੇ ਭੌਤਿਕ ਸਰੋਤ– | ਨਤੀਜੇਇਹਨਾਂ ਸਭ–ਯੂਨਿਟਾਂ ਨੂੰ ਪੜ੍ਹਨ ਤੋਂ ਬਾਅਦ |
|---|---|
| 8.1 ਭੂਮਿਕਾ | ਵਿਦਿਆਰਥੀ ਭਾਰਤ ਦੇ ਸੈਰਸਪਾਟਾ ਸੱਭਿਆਚਾਰਕ ਸਰੋਤਾਂ ਦੇ ਵੱਖ–2 ਪਹਿਲੂਆਂ ਨੂੰ ਸਮਝਣ ਦੇ ਯੋਗ ਹੋਣਗੇ। |
| 8.2 ਬਣੇ ਹੋਏ ਸੈਰਸਪਾਟਾ ਸੱਭਿਅਚਾਰਕ ਸਰੋਤ | ਵਿਦਿਆਰਥੀ ਬਣੇ ਹੋਏ ਸੈਰਸਪਾਟਾ ਸੱਭਿਅਚਾਰਕ ਸਰੋਤਾਂ ਨੂੰ ਸਮਝਣ ਦੇ ਯੋਗ ਹੋਣਗੇ। |
| 8.3 ਧਾਰਮਿਕ ਸੈਰਸਪਾਟਾ ਸੱਭਿਆਚਾਰਕ ਸਰੋਤ | ਵਿਦਿਆਰਥੀ ਭਾਰਤ ਦੇ ਸੱਭਿਆਚਾਰਕ ਸਰੋਤਾਂ ਨੂੰ ਜਿਵੇਂ ਕਿ ਮੇਲੇ ਅਤੇ ਤਿਉਹਾਰਾਂ ਨੂੰ ਸੈਰਸਪਾਟਾ ਸਰੋਤ ਵਜੋਂ ਸਮਝਣ ਦੇ ਯੋਗ ਹੋਣਗੇ। |
| 8.4 ਖੇਡ ਸਰੋਤ | ਵਿਦਿਆਰਥੀ ਭਾਰਤ ਦੀਆ ਖੇਡਾ ਨੂੰ ਸੈਰਸਪਾਟਾ ਸਰੋਤ ਵੱਜੋ ਸਮਝਣ ਦੇ ਯੋਗ ਹੋਣਗੇ |
| 8.5 ਭਾਰਤ ਦਾ ਪੁਰਾਤਨਵਾਦ | ਵਿਦਿਆਰਥੀ ਭਾਰਤ ਦੀ ਮੁੱਖ ਪੁਰਾਤਨਵਾਦਾਂ ਬਾਰੇ ਸਮਝਣ ਦੇ ਯੋਗ ਹੋਣਗੇ |
| 8.6 ਮਨੋਰੰਜਨ ਸਰੋਤ | ਵਿਦਿਆਰਥੀ ਭਾਰਤ ਦੇ ਮਨੋਰੰਜਨ ਦੇ ਸਰੋਤਾਂ ਜਿਵੇਂ ਕਿ ਸੰਗੀਤ, ਸਿਨੇਮਾ ਅਤੇ ਨਾਚ ਆਦਿ ਨੂੰ ਸੈਰਸਪਾਟਾ ਸਰੋਤਾਂ ਵੱਜੋਂ ਸਮਝਣ ਦੇ ਯੋਗ ਹੋਣਗੇ |
| 8.7 ਸੈਰ ਸਪਾਟਾ ਸਰੋਤ ਵੱਜੋ ਭਾਰਤੀ ਵਿਅੰਜਨ | ਵਿਦਿਆਰਥੀ ਵੱਖੋ–ਵੱਖਰੇ ਭਾਰਤੀ ਵਿਅੰਜਨਾਂ ਨੂੰ ਸੈਰਸਪਾਟਾ ਸਰੋਤਾਂ ਵਜੋਂ ਸਮਝਣ ਦੇ ਯੋਗ ਹੋਣਗੇ। |
| 8.8 ਕਲਾਂ, ਕ੍ਰਿਤੀਆ ਅਤੇ ਹੈਡਲੂਮ | ਵਿਦਿਆਰਥੀ ਕਲਾਂ, ਕਲਾਂ ਕ੍ਰਿਤੀਆ ਅਤੇ ਹੈਡਲੂਮ ਨੂੰ ਸੈਰਸਪਾਟਾ ਸਰੋਤਾਂ ਵਜੋਂ ਸਮਝਣ ਦੇ ਯੋਗ ਹੋਣਗੇ। |
| 8.9 ਆਵਾਜਾਈ ਨੈਟਵਰਕ ਅਤੇ ਸੈਲਾਨੀ ਆਧਾਰਿਤ ਸੰਰਚਨਾ | ਵਿਦਿਆਰਥੀ ਆਵਾਜਾਈ ਨੈਟਵਰਕ ਨੂੰ ਸੈਰਸਪਾਟਾ ਉਦਯੋਗ ਦੀ ਹਮਾਇਤ ਵਜੋਂ ਸਮਝਣ ਦੇ ਯੋਗ ਹੋਣਗੇ। |

ਮੁਲਾਂਕਣ ਪਲਾਨ (ਅਧਿਆਪਕਾਂ ਲਈ):

| ਯੂਨਿਟ-8 | ਵਿਸ਼ਾ | ਮੁਲਾਂਕਣ ਨਤੀਜਾ | ਸਮਾਂ ਸਾਰਣੀ | ਕਥਨ |
|---|---|---|---|---|
| 8.1 | ਭੂਮਿਕਾ ਬਣੇ ਹੋਏ | ਪ੍ਰਸ਼ਨ-ਉੱਤਰ | | |
| 8.2 | ਸੈਰ ਸਪਾਟੇ ਦੇ ਬਣੇ ਹੋਏ ਸੱਭਿਆਚਾਰਕ ਸਰੋਤ | ਪ੍ਰਸ਼ਨ-ਉੱਤਰ | | |
| 8.3 | ਧਾਰਮਿਕ ਸੈਰ ਸਪਾਟਾ ਸੱਭਿਆਚਾਰਕ ਸਰੋਤ | ਪ੍ਰਸ਼ਨ-ਉੱਤਰ | | |
| 8.4 | ਖੇਡ-ਸਰੋਤ | ਪ੍ਰਸ਼ਨ-ਉੱਤਰ | | |
| 8.5 | ਭਾਰਤ ਦਾ ਪੁਰਾਤਨਵਾਨਦ | ਪ੍ਰਸ਼ਨ-ਉੱਤਰ | | |
| 8.6 | ਮਨੋਰੰਜਨ ਸਰੋਤ | ਪ੍ਰਸ਼ਨ-ਉੱਤਰ | | |
| 8.7 | ਸੈਰ ਸਪਾਟਾ ਸਰੋਤਾਂ ਵੱਜੋ ਭਾਰਤੀ ਵਿਅੰਜਨ | ਪ੍ਰਸ਼ਨ-ਉੱਤਰ | | |
| 8.8 | ਕਲਾ-ਕ੍ਰਿਤੀਆ ਅਤੇ ਹੈਡਲੂਮ | ਪ੍ਰਸ਼ਨ-ਉੱਤਰ | | |
| 8.9 | ਆਵਾਜਾਈ ਨੈਟਵਰਕ ਅਤੇ ਸੈਲਾਨੀ ਆਧਾਰਿਤ ਸੰਰਚਨਾ | ਪ੍ਰਸ਼ਨ-ਉੱਤਰ | | |

## 8.1 ਭੂਮਿਕਾ

ਭਾਰਤ ਸੱਭਿਆਚਾਰਕ ਸੈਰਸਪਾਟਾ ਸਰੋਤ ਲਈ ਇੱਕ ਅਮੀਰ ਦੇਸ਼ ਹੈ। ਭਾਰਤ ਵਿੱਚ ਸੱਭਿਆਚਾਰਕ ਸੈਰਸਪਾਟਾ ਸਰੋਤਾਂ ਵਿੱਚ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਲਈ ਪੁਰਾਤਨ ਮੰਦਿਰ ਅਤੇ ਪਵਿੱਤਰ ਤੀਰਥ ਸਥਾਨ ਹਨ। ਕੁਝ ਸਥਾਨ ਅਜਿਹੇ ਹਨ ਜੋ ਕਦੇ ਸੰਤਾਂ ਦੇ ਆਸ਼ਰਮ ਸਨ। ਅਜਿਹੇ ਤੀਰਥ ਸਥਾਨਾਂ ਉੱਤੇ ਹਰ ਸਾਲ ਲੱਖਾਂ ਸ਼ਰਧਾਲੂ ਮੱਥਾ ਟੇਕਦੇ ਹਨ। ਇਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਇਸ ਕਰਕੇ ਇਹ ਹੋਰ ਸੈਲਾਨੀ ਕੇਂਦਰਾਂ ਨਾਲੋਂ ਵਿਸ਼ੇਸ਼ ਤੌਰ ਤੇ ਦਿਖਾਏ ਜਾਂਦੇ ਹਨ। ਤਸਵੀਰਾਂ, ਚਿੰਨ੍ਹ, ਭਿੰਨ-ਭਿੰਨ ਵਸਤੂਕਲਾ ਅਤੇ ਲੋਕ-ਕਥਾਵਾਂ ਨੇ ਪੁਰਾਤਨ ਮੰਦਿਰਾਂ ਨੂੰ ਜਨਮ ਦਿੱਤਾ ਜੋ ਅੱਜ ਉਤਸੁਕ ਸੈਲਾਨੀਆਂ ਦੇ ਆਕਰਸ਼ਣ ਦਾ ਕੇਂਦਰ ਹਨ।

ਭਾਰਤ ਦੇ ਇੱਕ ਸਥਾਨ ਤੋਂ ਦੂਸਰੇ ਸਥਾਨ ਤੇ ਜਾਂਦੇ ਹੋਏ ਮੰਦਿਰਾਂ ਦੇ ਸਮਾਰਕਾਂ ਅਤੇ ਇਮਾਰਤਾਂ ਦੀਆਂ ਕਲਾਕ੍ਰਿਤੀਆਂ ਬਦਲਦੀਆਂ ਰਹਿੰਦੀਆਂ ਹਨ। ਉਦਾਹਰਨ ਵੱਜੋਂ ਲੱਦਾਖ ਅਤੇ ਸਿੱਕਿਮ ਦਾ ਗੋਮਪਾ (ਬੋਧੀ ਸੱਚ), ਤਮਿਲਨਾਡੂ ਦੇ ਗੁੰਝਲਦਾਰ ਹਿੰਦੂ ਮੰਦਿਰਾਂ ਦੇ ਨਾਲ ਗੋਪਰਮ ਅਤੇ ਹੋਰ ਦੱਖਣੀ ਰਾਜ ।

ਹਿੰਦੂਆਂ ਨੇ ਦੇਸ਼ ਦੇ ਹਰ ਕੋਨੇ ਵਿੱਚ ਤੀਰਥ ਸਥਾਨ ਬਣਾਉਣ ਲਈ ਬੜੀ ਹੀ ਸੂਝ ਬੂਝ ਨਾਲ ਦਿਸ਼ਾ ਦਾ ਪ੍ਰਯੋਗ ਕੀਤਾ। ਧਾਰਮਿਕ ਸਥਾਨਾਂ ਵਿੱਚੋਂ ਉੱਚਤਮ ਤੌਰ ਤੇ ਚਾਰ ਥਾਵਾਂ ਹਨ ਜਿਨ੍ਹਾਂ ਨੂੰ ਧਾਮ ਕਹਿੰਦੇ ਹਨ।

ਇਹਨਾਂ ਉੱਤੇ ਜ਼ਿੰਦਗੀ ਵਿੱਚ ਇੱਕ ਵਾਰ ਵੀ ਤੀਰਥ ਕਰਨ ਨੂੰ ਇਨਸਾਨ ਦੀ ਤਪੱਸਿਆ ਵਿੱਚ ਵੱਡੀ ਉਪਲੱਬਧੀ ਮੰਨਿਆ ਜਾਂਦਾ ਹੈ ਜਿਵੇਂ ਕਿ ਉੱਤਰ ਵਿੱਚ ਬਦਰੀਨਾਥ ਦੱਖਣ ਵਿੱਚ ਰਾਮੇਸ਼ਵਰਮ ਅਤੇ ਪੱਛਮੀ ਤੀਰਥਸਥਾਨਾਂ ਵਿੱਚ ਦਵਾਰਕਾ। ਪੂਰਬ ਵਿੱਚ ਪੁਰੀ , ਦੱਖਣ ਵਿੱਚ ਕਾਂਚੀਪੁਰਮ, ਵਾਰਾਨਸੀ (ਕਾਸ਼ੀ) ਉਜੈਨ (ਅਵੰਤਿਕਾ ਪੁਰੀ) ਅਤੇ ਅਯੋਧਿਆ (ਅਯੋਧਿਆ ਪੁਰੀ) ਕੇਂਦਰ ਵਿੱਚ ਅਤੇ ਪੱਛਮ ਵਿੱਚ ਦਵਾਰਕਾਪੁਰੀ । ਮਿਥਿਹਸਿਕ ਸ਼ਬਦਾਵਲੀ ਵਿੱਚ ਪੂਰੇ ਭਾਰਤ ਵਿੱਚ 12 ਸਭ ਤੋਂ ਪਵਿੱਤਰ ਸ਼ਿਵ ਮੰਦਿਰ ਹਨ। ਇਨ੍ਹਾਂ ਨੂੰ 51 ਥਾਵਾਂ ਦੇ ਨਾਂ ਦੇ ਕੇ 'ਸ਼ਕਤੀ ਪੀਠ' ਵੱਜੋਂ ਮੰਨਿਆ ਜਾਂਦਾ ਹੈ ਤੇ ਸ਼ਰਧਾਲੂਆਂ ਵੱਲੋਂ ਵੱਖ-ਵੱਖ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ ਜੋ ਸ਼ਕਤੀ ਦਾ ਪ੍ਰਤੀਕ ਮੰਨੇ ਜਾਂਦੇ ਹਨ। ਮਥੁਰਾ ਬ੍ਰਿੰਦਾਵਨ ਇੱਕ ਹੋਰ ਮਸ਼ਹੂਰ ਹਿੰਦੂ ਤੀਰਥਸਥਾਨ ਹੈ ਕਿਉਂਕਿ ਇਸ ਦਾ ਸੰਬੰਧ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜੀਵਨ ਨਾਲ ਜੁੜਿਆ ਹੋਇਆ ਹੈ।

ਵਿਚਾਰਾਂ ਵਿੱਚ ਲਚਕਤਾ ਨੇ ਬਹੁਤ ਗਿਣਤੀ ਵਿੱਚ ਸੰਪ੍ਰਦਾਵਾਂ ਅਤੇ ਹਿੰਦੂ ਧਾਰਮਿਕ ਤੀਰਥ ਸਥਾਨਾਂ ਨੂੰ ਜਨਮ ਦਿੱਤਾ। ਪੁਰਾਤਨ ਮੰਦਿਰਾਂ ਨੇ ਕਈ ਅਲੌਕਿਕ ਦਿਸ਼ਾ, ਪਹਾੜੀ ਸ਼ਿਖਰਾਂ , ਨਦੀਆਂ ਦੇ ਸੰਗਮ , ਨਦੀ ਜਾਂ ਝੀਲ ਦੇ ਦ੍ਰਿਸ਼ , ਟਾਪੂ , ਜੰਗਲ ਦੇ ਵਿੱਚ ਝੁੰਡ ਦੇ ਆਲੇ-ਦੁਆਲੇ ਪੂਰਾ ਸ਼ਹਿਰ ਵਸਾਇਆ ਅਤੇ ਫੈਲਾਇਆ ।

ਅਗਲੇ ਕ੍ਰਮ ਵਿੱਚ ਇਤਿਹਾਸਿਕ ਸ਼ਹਿਰ ਪੁਰਾਤਨ ਸ਼ਹਿਰਾਂ ਦੇ ਖੰਡਰ ਅਤੇ ਗੁਫਾਵਾਂ ਵਿੱਚ ਪੱਥਰ ਕੱਟ ਨਮੂਨੇ ਦੇ ਮੰਦਿਰ ਹਨ। ਇਹ ਵੱਡੇ ਕਮਰਿਆਂ ਦੇ ਅਵਸ਼ੇਸ਼ ਹਨ ਜਾਂ ਚਤੈਬਾਂ 'ਸਤੂਫ' 'ਟਾਵਰ' ਅਤੇ ਬੋਧੀ ਥਾਵਾਂ ਦੇ ਪੂਜਾ ਸਥਾਨਾਂ ਦੇ ਮਹਿਰਾਬ (ਗੁੰਬਦ) ਹਨ। ਇੱਥੇ ਮੰਦਿਰ ਦੇ ਉਹ ਦ੍ਰਿਸ਼ ਹਨ ਜੋ ਅਰਧ ਜਾਂ ਪੂਰੀ ਤਰ੍ਹਾਂ ਸਮੁੰਦਰ ਵਿੱਚ ਜਲਮਗਨ ਹੋ ਚੁੱਕੇ ਹਨ ਜਾਂ ਖੰਡਰ ਬਣ ਗਏ ਹਨ। ਕੁਝ ਅਜਿਹੀਆਂ ਥਾਵਾਂ ਉੱਤੇ ਕੁਝ ਨਵੇਂ ਮੰਦਿਰ ਜਾਂ ਪੀਠ ਬਣਾਏ ਗਏ ਹਨ। ਇੱਥੇ ਅੱਜ ਵੀ ਅਨੁਯਾਈ ਜਾਂ ਵਿਦੇਸ਼ੀ ਸੈਲਾਨੀ ਪੂਜਾ ਲਈ ਆਉਂਦੇ ਹਨ। ਗੌਤਮ ਬੁੱਧ ਦੀ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਥਾਵਾਂ ਬਿਹਾਰ ਅਤੇ ਨਾਲ ਲੱਗਦੇ ਖੇਤਰ ਹਨ ਅਤੇ ਇਹ ਸਥਾਨਿਕ (ਘਰੇਲੂ) ਸੈਲਾਨੀਆਂ ਜਾਂ ਅੰਤਰਰਾਸ਼ਟਰੀ ਆਕਰਸ਼ਣ ਦੇ ਕੇਂਦਰ ਹਨ।

ਜੈਨ ਤੀਰਥ ਸਥਾਨ ਗੁਜਰਾਤ, ਬਿਹਾਰ, ਰਾਜਸਥਾਨ ਅਤੇ ਕਰਨਾਟਕ ਵਿੱਚ ਫੈਲੇ ਹਨ। ਜਿੱਥੇ ਜੈਨ ਸੰਤਾਂ ਦੀਆਂ ਸੁੰਦਰ ਤਸਵੀਰਾਂ ਅਤੇ ਉਹਨਾਂ ਦੇ ਜੀਵਨ ਦੀਆਂ ਕਹਾਣੀਆਂ ਨਾਲ ਸੰਬੰਧਿਤ ਵਾਸਤੂਕਲਾ ਕੀਤੀ ਗਈ ਹੈ। ਬਿਹਾਰ ਵਿੱਚ ਹਜਾਰੀਬਾਗ ਦੇ ਕੋਲ ਮਾਊਂਟ ਪਾਰਸਨਾਥ ਉੱਤੇ ਜੈਨੀਆਂ ਦੇ ਤੀਰਥਸਥਾਨਾ ਦਾ ਸਭ ਤੋਂ ਪਵਿੱਤਰ ਕੇਂਦਰ ਹੈ।

ਸਿੱਖਾਂ ਦੇ ਮਹਾਨ ਤੀਰਥਸਥਾਨ ਪੰਜਾਬ ਵਿੱਚ ਹਨ ਜਿਵੇਂ ਹਰਿਮੰਦਰ ਸਾਹਬ ਅੰਮ੍ਰਿਤਸਰ ਵਿੱਚ। ਇਸ ਤੋਂ ਇਲਾਵਾ ਸਿੱਖਾਂ ਦੇ ਕੁਝ ਤੀਰਥ ਸਥਾਨ ਬਿਹਾਰ, ਕਰਨਾਟਕ, ਮਹਾਰਾਸ਼ਟਰ ਅਤੇ ਹਿਮਾਲਾ ਦੇ ਕੁਝ ਭਾਗਾਂ ਵਿੱਚ ਹਨ।

ਭਾਰਤ ਨੂੰ ਗੋਆ ਅਤੇ ਕੇਰਲਾ ਵਿੱਚ ਪੁਰਾਤਨ ਗਿਰਿਜਾ ਘਰਾਂ ਨੂੰ ਸੰਭਾਲਨ ਅਤੇ ਜੀਉ ਅਤੇ ਪਾਰਸੀਆਂ ਦੇ ਪੂਜਾਸਥਾਨਾਂ ਦੇ ਕੇਂਦਰਾਂ ਨੂੰ ਸੰਭਾਲਣ ਵਿੱਚ ਮਾਣ ਮਹਿਸੂਸ ਹੁੰਦਾ ਹੈ।

ਮਹਾਨ ਦਰਗਾਹਾਂ ਜਿਵੇਂ ਖ਼ਵਾਜਾ ਮਇਊਦੀਨ ਚਿਸ਼ਤੀ ਅਜਮੇਰ ਵਿੱਚ, ਹਜ਼ਰਤ-ਨਿਜ਼ਾਮ-ਉਦ-ਦਿਨ ਔਲੀਆ ਦਿੱਲੀ ਵਿੱਚ ਭਾਰਤ ਵਿੱਚ ਹੋਰ ਬਹੁਗਿਣਤੀ ਵਿੱਚ ਪ੍ਰਮੁੱਖ ਦਰਗਾਹਾਂ ਮਹਾਨ ਮਸਜਿਦਾਂ ਹਜ਼ਾਰਾਂ ਗਿਆਤ ਅਤੇ ਅਗਿਆਤ ਮਸਜਿਦਾਂ ਆਪਣੇ ਮਹਿਰਾਬਾ ਦੇ ਨਾਲ ਅਤੇ ਭਾਰਤ ਵਿੱਚ ਫੈਲੇ ਹੋਏ ਵੱਡੇ-ਵੱਡੇ ਚੁਖੰਡੀ ਸੈਰ ਸਪਾਟਾ ਸੱਭਿਆਚਾਰਕ ਸਰੋਤ ਵੱਜੋਂ ਹਨ। ਕੁਝ ਪ੍ਰਮੁੱਖ ਉਦਾਹਰਨਾਂ ਹਨ ਜਾਮਾ ਮਸਜਿਦ ਦਿੱਲੀ ਵਿੱਚ, ਹੈਦਰਾਬਾਦ ਵਿੱਚ ਮੱਕਾ ਮਸਜਿਦ, ਭੋਪਾਲ ਵਿੱਚ ਤਾਜ ਮਸਜਿਦ, ਸ਼੍ਰੀਨਗਰ ਵਿੱਚ ਪੁਰਾਤਨ ਸ਼ਾਹ ਹਮਾਦਨ ਅਤੇ ਹਜਰਤ ਬਲ ਮਸਜਿਦ।

ਦੋ ਮਹਾਨ ਖੰਡਰ ਸ਼ਹਿਰ ਹਮੇਸ਼ਾ ਤੋਂ ਨੰਬਰ ਇੱਕ ਸੈਲਾਨੀ ਆਕਰਸ਼ਨ ਰਹੇ ਹਨ। ਇੱਕ ਕਰਨਾਟਕ ਵਿੱਚ ਹੰਪੀ ਅਤੇ ਦੂਸਰਾ ਉੱਤਰਪ੍ਰਦੇਸ਼ ਵਿੱਚ ਆਗਰਾ ਕੋਲ ਫਤਿਹਪੁਰ ਸੀਕਰੀ । ਹੰਪੀ ਦੇ ਖੰਡਰ ਡੈਕਨ ਪਠਾਰ ਦੀਆਂ ਪੁਰਾਤਨ ਚਟਾਨਾਂ ਚੋਂ ਬਣਾਏ ਗਏ ਹਨ। ਇਹਨਾਂ ਵਿੱਚ ਪੈਲੇਸਾਂ ਦੇ ਅੰਸ, ਮੰਦਿਰ, ਮਾਰਕਿਟ, ਤੁੰਗਭਦਰਾ ਨਦੀ ਦੇ ਕਿਨਾਰਿਆਂ ਕੋਲ ਪਾਣੀ ਦੇ ਜਲ-ਸਰੋਤ ਹਨ। ਇਹ ਦੋ ਸਦੀਆਂ ਲਈ ਮਹਾਨ ਵਿਜੈਨਗਰ ਸਾਮਰਾਜ ਦੀ ਰਾਜਧਾਨੀ ਰਹੀ। ਇਹ ਸਾਮਰਾਜ ਅਰੇਬੀਅਨ ਸਾਗਰ ਦੇ ਕੰਡਿਆਂ ਤੋਂ ਬੰਗਾਲ ਦੀ ਖਾੜੀ ਤੱਕ ਫੈਲਿਆ ਅਤੇ ਗੋਆ ਨੂੰ ਵੀ ਸਾਮਰਾਜ ਵਿੱਚ ਮਿਲਾਇਆ। ਇਹ ਕਿਲ੍ਹੇ ਰਾਜਪੂਤ, ਮੁਗਲਾ ਮਰਾਠਿਆਂ ਅਤੇ ਹੋਰ ਆਪਣੇ ਸਮੇਂ ਦੇ ਸ਼ਕਤੀਸ਼ਾਲੀ ਸ਼ਾਸਕਾਂ ਦੁਆਰਾ ਆਪਣੀਆਂ ਸੈਨਿਕ ਜ਼ਰੂਰਤਾਂ ਅਤੇ ਆਪਣੀ ਸ਼ਾਨ ਲਈ ਬਣਵਾਏ ਗਏ। ਜਿੱਤ ਦੀ ਮੀਨਾਰ ਜਿਵੇਂ ਕਿ ਕੁਤੁਬ ਮੀਨਾਰ ਦਿੱਲੀ ਨੇੜੇ ਮਹਰੌਲੀ ਵਿੱਚ ਅਤੇ ਰਾਜਸਥਾਨ ਵਿੱਚ ਵਿਸ਼ਾਲ ਚਿਤੌੜਗੜ ਕਿਲ੍ਹੇ ਦੇ ਅੰਦਰ ਕੀਰਤੀ ਸਤੰਭ ਹਰ ਤਰ੍ਹਾਂ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਕੁਝ ਅਲੱਗ ਰੂਪ ਵਾਲੇ ਕਿਲ੍ਹੇ ਅੰਗਰੇਜ਼ੀ ਸ਼ਾਸਕਾਂ ਦੁਆਰਾ ਬਣਵਾਏ ਗਏ ਜਿਵੇਂ ਕਿ ਕੋਲਕਾਤਾ ਵਿਖੇ ਵਿਲੀਅਮ ਕਿਲ੍ਹਾ, ਚੇਨੱਈ ਵਿਖੇ ਸੰਤ ਜੋਰਜ ਅਤੇ ਕੋਚੀ ਵਿਖੇ ਪੁਰਤਗਾਲੀ ਕਿਲ੍ਹਾ। ਭਾਰਤ ਦੇ ਸੱਭਿਆਚਾਰ ਸਰੋਤ ਵਿੱਚ ਅਜਿਹਿਆ ਥਾਵਾਂ ਵੀ ਹਨ ਜੋ ਕੀ ਆਪਣੀ ਵੀਰਤਾ ਅਤੇ ਮਹਾਨ ਸਪੂਤਾ ਦੀ ਵੀਰਤਾ ਅਤੇ ਦੇਸ਼ ਦੀ ਸੁਤੰਤਰਤਾ ਲਈ ਕੀਤੇ ਸੰਘਰਸ਼ਾਂ ਲਈ ਵੀ ਜਾਣੇ ਜਾਂਦੇ ਹਨ। ਉਦੈਪੁਰ ਨੇੜੇ ਹਲਦੀ ਘਾਟੀ, ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲਾ ਬਾਗ। ਪੋਰਟ ਬਲੇਅਰ ਵਿਖੇ ਸੈਲੂਲਰ ਜੇਲ੍ਹ। ਕੰਨਿਆਕੁਮਾਰੀ ਵਿਖੇ ਵਿਵੇਕਾਨੰਦ ਚਟਾਨ ਮੈਮੋਰੀਅਲ, ਅਹਿਮਦਾਬਾਦ ਵਿੱਚ ਸਾਬਰਮਤੀ ਵਿਖੇ ਗਾਂਧੀ ਜੀ ਦਾ ਆਸ਼ਰਮ ਅਤੇ ਮਹਾਂਰਾਸ਼ਟਰ ਵਿੱਚ ਸੇਵਾਗਰਾਮ ਅਤੇ ਪਾਂਡੂਚਿਰੀ ਵਿਖੇ ਔਰਬਿੰਦ ਆਸ਼ਰਮ ਅਜਿਹੀਆਂ ਹੀ ਕੁਝ ਉਦਾਹਰਨਾਂ ਹਨ। ਕੋਈ ਵੀ ਕੇਰਲਾ ਵਿੱਚ ਅਲਵਾਈ ਨਜ਼ਦੀਕ ਕਾਲਾੜੀ ਵਿੱਖੇ ਆਦੀ ਸੰਕਰਾਚਾਰਯ ਦੇ ਜਨਮਸਥਾਨ ਨੂੰ ਵੇਖੇ ਬਿਨ੍ਹਾਂ ਨਹੀਂ ਛੱਡ ਸਕਦਾ। ਭਾਰਤੀ ਸੱਭਿਆਚਾਰ ਦੀ ਮਹੱਤਤਾ ਦੇ ਨਿਗਰਾਨ ਉਸਦੇ ਅਜਾਇਬਘਰ, ਕਲਾ-ਭਵਨ ਅਤੇ ਕਲਾ-ਕੇਂਦਰ ਹਨ।

**ਸਮੀਖਿਅਕ ਪ੍ਰਸ਼ਨ**

1. ਭਾਰਤ ਵਿੱਚ ਸੱਭਿਆਚਾਰਕ ਸਰੋਤਾਂ ਦੀ ਬਹੁਤਾਤ ਹੈ। ਚਰਚਾ ਕਰੋ।

# ਭਾਰਤ ਦੇ ਮੇਲੇ ਅਤੇ ਤਿਉਹਾਰ



ਹੋਲੀ



ਦੁਰਗਾ ਪੂਜਾ




ਪੋਂਗਲ



ਈਦ



ਗਨੇਸ਼ ਚਤੁਰਥੀ



ਗੁਰਪੁਰਬ

## ਭਾਰਤ ਦੇ ਮੇਲੇ ਅਤੇ ਤਿਉਹਾਰ



ਕ੍ਰਿਸਮਿਸ



ਗੋਆ ਦਾ ਕਾਰਨੀਵਾਲ



ਮਾਰਵਾੜ ਤਿਉਹਾਰ, ਜੋਧਪੁਰ



ਕੁੰਭ ਦਾ ਮੇਲਾ

## ਭਾਰਤ ਦੇ ਅਜਾਇਬ ਘਰ



ਹਵਾ ਮਹਿਲ ਅਜਾਇਬ ਘਰ, ਜੈਪੁਰ



ਤ੍ਰਿਪੁਰ ਦਾ ਰਾਜਕੀਯ ਅਜਾਇਬ ਘਰ

## ਭਾਰਤ ਦਾ ਵਿਅੰਜਨ



ਦੱਖਣੀ ਭਾਰਤ ਦਾ ਵਿਅੰਜਨ



ਮੁਗਲਈ ਵਿਅੰਜਨ



ਕਸ਼ਮੀਰ ਦਾ ਮਸ਼ਹੂਰ ਵਿਅੰਜਨ ਗੁਸਤਬਾ

## ਭਾਰਤ ਦੇ ਹੈਂਡਲੂਮ ਅਤੇ ਹਸਤ ਕਲਾਂ







# ਭਾਰਤ ਦੇ ਹੈਂਡਲੂਮ ਅਤੇ ਹਸਤ ਕਲਾ ਦੇ ਉਤਪਾਦ



ਬੰਦਹੇਜ



ਲਘੂ ਕਲਾ



ਤਮਿਲਨਾਡੂ ਦੀ ਮਸ਼ਹੂਰ ਕਾਂਜੀਵਰਮ ਹੈਂਡਲੂਮ



ਕੇਰਲਾਂ ਦੀ ਖਾਸ ਮਿਯੂਰਲ ਚਿੱਤਰਕਾਰੀ



ਟੈਰਾਕੋਟਾ ਦਾ ਕੰਮ



ਮੁਗਲ ਕਲਾਂ

## 8.2 ਬਣੇ ਹੋਏ ਸੈਰ ਸਪਾਟੇ ਸੱਭਿਆਚਾਰਕ ਸਰੋਤ:-

ਸੈਰਸਪਾਟਾ ਦੇ ਬਣੇ ਹੋਏ ਸਭਿਆਚਾਰਕ ਸਰੋਤ ਸੈਲਾਨੀਆਂ ਦੁਆਰਾ ਦੇਖੇ ਜਾਂਦੇ ਹਨ ਕਿਉਂਕਿ ਇਹ ਅਸਲੀ ਨਿਰਮਾਣ ਅਤੇ ਇਤਿਹਾਸਿਕ ਜਾਣਕਾਰੀ ਨੂੰ ਮੂਹੋ ਬੋਲਦੇ ਹਨ ਭਾਰਤ ਦੇ ਕੁੱਝ ਬਣਾਏ ਗਏ ਸੈਰਸਪਾਟਾ ਸਭਿਆਚਾਰਕ ਸਰੋਤਾਂ ਵਿੱਚ ਹਨ ਮੋਹਿੰਜਦਾਰੋ, ਕਾਲੀਬੰਗਨ, ਲੋਥਲ, ਹੰਪੀ, ਪਿਆਰ ਦਾ ਸਰਵੋਤਮ ਨਮੂਨਾ- ਤਾਜਮਹਿਲ, ਕੁਤੁਬ ਮੀਨਾਰ, ਲਾਲ ਕਿਲ੍ਹਾ, ਕੋਨਾਰਕ ਸੂਰਜ ਮੰਦਿਰ, ਰਾਮੇਸ਼ਵਰਮ ਅਤੇ ਮੀਨਾਕਸੀ ਮੰਦਿਰ (ਤਮਿਲਨਾਡੂ) ਰਾਜਸਥਾਨ ਦੇ ਕਿਲੇ ਅਤੇ ਪੈਲੇਸ ਹਨ, ਆਗਰੇ ਦਾ ਕਿਲ੍ਹਾ, ਅਜੰਤਾ ਅਤੇ ਅਲੋਰਾਂ ਦੀਆਂ ਗੁਫਾਵਾਂ, ਹਮਾਯੂੰ ਦਾ ਮੁਕਾਬਲਾ, ਵਿਕਟੋਰੀਆ ਮੈਮੋਰੀਅਲ ਅਤੇ ਕੋਲਕਾਤਾ ਦੇ ਪੈਲੇਸ, ਸ਼ੇਰਸ਼ਾਹ ਸੂਰੀ ਦਾ ਮਕਬਰਾ (ਸਾਸਾਰਾਮ, ਬਿਹਾਰ) ਖੁਜਰਾਹੋ, ਗਵਾਲੀਅਰ ਦਾ ਕਿਲ੍ਹਾ ਅਤੇ ਫਤਿਹਪੁਰ ਸੀਕਰੀ ਦੀ ਚਾਰ ਦੀਵਾਰ, ਗੇਟਵੇਅ ਆੱਫ ਇੰਡੀਆ (ਮੁੰਬਈ) (ਰਾਇਸੈਨਾ) ਪਹਾੜੀਆਂ ਦੀ ਸ਼ਿਲਪਕਾਰੀ (ਦਿੱਲੀ) ਅਤੇ ਦਿੱਲੀ ਦੀ ਚਾਰਦੀਵਾਰੀ ਆਦਿ ।

**ਸਮੀਖਿਅਕ ਪ੍ਰਸ਼ਨ**

ਭਾਰਤ ਵਿੱਚ ਕੋਈ 5 ਬਣੇ ਹੋਏ ਸੈਰਸਪਾਟਾ ਸਭਿਆਚਾਰਕ ਸਰੋਤਾਂ ਦੇ ਨਾਮ ਲਿਖੋ

## 8.3 ਧਾਰਮਿਕ ਸੈਰਸਪਾਟਾ ਸੱਭਿਆਚਾਰਕ ਸਰੋਤ

ਭਾਰਤ ਦੀਆਂ ਰੂਹਾਨੀ ਅਤੇ ਧਾਰਮਿਕ ਜੜਾਂ ਬਹੁਤ ਮਜਬੂਤ ਹਨ ਭਾਰਤ ਵਿੱਚ ਹਜਾਰਾਂ ਧਾਰਮਿਕ ਅਤੇ ਰੂਹਾਨੀ ਥਾਵਾਂ ਅਤੇ ਦ੍ਰਿਸ ਹਨ, ਭਾਰਤ ਵਿੱਚ 7 ਪਵਿੱਤਰ ਸ਼ਹਿਰ ਹਨ ਜਿਹੜੇ ਕਿ ਮਥੁਰਾ, ਕਾਸ਼ੀ, ਹਰਿਦੁਆਰ, ਉਜੈਨ, ਕਾਂਚੀਪੁਰਮ, ਅਯੋਧਿਆ ਅਤੇ ਦਵਾਰਕਾ ਕੁੱਝ ਹੋਰ ਪਵਿੱਤਰ ਸਹਿਰ ਜਿੰਨ੍ਹਾਂ ਦੀ ਧਾਰਮਿਕ ਮਹੱਤਤਾ ਹੈ ਅਜਮੇਰ, ਰਿਸ਼ੀਕੇਸ਼, ਅੰਮ੍ਰਿਤਸਰ, ਸ਼ਿਰਡੀ, ਪੁਰੀ ਅਤੇ ਬੋਧਗਯਾ ਆਦਿ ਹਨ।

**ਸਮੀਖਿਅਕ ਪ੍ਰਸ਼ਨ**

ਭਾਰਤ ਦੇ 7 ਪਵਿੱਤਰ ਸ਼ਹਿਰਾਂ ਦੇ ਨਾਮ ਦੱਸੋ

### (I) ਮੇਲੇ ਅਤੇ ਤਿਉਹਾਰਾਂ ਦੇ ਸੈਰਸਪਾਟਾ ਸੱਭਿਆਚਾਰਕ ਸਰੋਤ :-

ਮੇਲੇ ਅਤੇ ਤਿਉਹਾਰ ਸੱਭਿਆਚਾਰਕ ਪ੍ਰਤੀਕ ਹਨ ਜਿਸ ਕਰਕੇ ਇਹ ਸੈਰਸਪਾਟਾ ਸਭਿਆਚਾਰਕ ਦੇ ਸਰੋਤ ਹਨ ਕਿਉਂਕਿ ਸੈਲਾਨੀ ਇਹਨਾਂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਖੁਸ਼ੀ, ਉਲਾਸ, ਭਾਈਚਾਰਕ ਸਾਂਝ ਅਤੇ ਇਨਸਾਨੀਅਤ ਦੀ ਭਾਵਨਾ ਨਾਲ ਹਿੱਸਾ ਲੈਂਦੇ ਹਨ।

**(ੳ) ਭਾਰਤ ਦੇ ਤਿਉਹਾਰ ਰੰਗ**, ਉਤਸ਼ਾਹ, ਪੂਜਾ ਅਤੇ ਰਸਮਾਂ ਦੀ ਵਿਸ਼ੇਸ਼ਤਾ ਰੱਖਦੇ ਹਨ ਵਿਦੇਸ਼ੀ ਸੈਲਾਨੀ ਭਾਰਤੀ ਮੇਲਿਆਂ ਅਤੇ ਤਿਉਹਾਰਾਂ ਦੀ ਗਿਣਤੀ ਤੋਂ ਬਹੁਤ ਅਚੰਬਿਤ ਹੁੰਦੇ ਹਨ ਭਾਰਤ ਦੇ ਪ੍ਰਮੁਖ ਤਿਉਹਾਰਾਂ ਵਿੱਚ ਮਕਰ ਸਕਰਾਂਤੀ, ਵਿਸਾਖੀ, ਦੀਵਾਲੀ, ਦੁਰਗਾ ਪੂਜਾ, ਦੁਸ਼ਹਿਰਾ, ਔਨਮ, ਹੋਲੀ, ਜਨਮਅਸਟਮੀ, ਕਰਵਾਚੌਥ, ਮਹਾਂਸ਼ਿਵਰਾਤਰੀ, ਨਾਗ ਪੰਚਮੀ, ਗਨੇਸ਼, ਚਤੁਰਥੀ, ਨਵਰਾਤਰੇ ਆਦਿ।
ਪੋਂਗਲ, ਰਕਸ਼ਾ ਬੰਧਨ, ਗੁਰੂ ਨਾਨਕ ਜੈਅੰਤੀ, ਲੋਹੜੀ, ਈਦ- ਉਲ ਫਿਤਰ, ਮੋਹਰਮ, ਰਾਮ ਨੌਮੀ, ਕ੍ਰਿਸਮਿਸ਼, ਗੁੱਡ ਫਰਾਈਡੇ, ਓਨਮ, ਵਿਸਾਖੀ, ਮਹਾਂਵੀਰ ਜੈਅੰਤੀ, ਬੁੱਧ ਜੈਅੰਤੀ, ਗੁਰੂ ਪੂਰਨਿਮਾ ਕ੍ਰਿਸਨ ਜਨਮ ਅਸਟਮੀ, ਗਾਂਧੀ ਜੈਯੰਤੀ, ਕੁੰਭ ਦਾ ਮੇਲਾ, ਬਾਲ ਦਿਵਸ, ਗਨੇਸ਼ ਚਤੁਰਥੀ, ਜਮਸ਼ੇਦ ਨਵਰੋਜ, ਹੇਮਸ ਗੋਮਪਾ ਆਦਿ ਅਤੇ ਹੋਰ ਕਈ ਤਿਉਹਾਰ ਸ਼ਾਮਿਲ ਕੀਤੇ ਜਾ ਸਕਦੇ ਹਨ ਗਾਂਧੀ ਜੈਅੰਤੀ, ਸੁਤੰਤਰਤਾ ਦਿਵਸ, ਅਤੇ ਗਣਤੰਤਰ ਦਿਵਸ ਭਾਰਤ ਦੇ ਰਾਸ਼ਟਰੀ ਤਿਉਹਾਰ ਹਨ ।

(ਅ) ਸੈਲਾਨੀਆਂ ਲਈ ਭਾਰਤ ਦੇ ਮੇਲੇ:-

ਰਾਸਮੇਲਾ (ਬਿਲਾਸੀਪਾਰਾ, ਆਸਾਮ), ਬ੍ਰਹਮੋਤਸਵਮ (ਤਿਰੁਪਤੀ, ਆਂਧਰਾ ਪ੍ਰਦੇਸ), ਸੋਨਪੁਰ ਮੇਲਾ (ਸੋਨਪੁਰ, ਬਿਹਾਰ), ਸੋਮਨਾਥ ਮੇਲਾ (ਪਾਤਨ, ਗੁਜਰਾਤ), ਗੰਗੋਰ ਮੇਲਾ (ਸਿਰਸਾ, ਹਰਿਆਣਾ ), ਸੂਰਜਕੁੰਡ ਮੇਲਾ (ਸੂਰਜਕੁੰਡ, ਹਰਿਆਣਾ), ਕਿਸਾਨ ਮੇਲਾ (ਕਰਨਾਲ, ਹਯਿਾਣਾ), ਦੇਹਾਤੀ ਮੇਲਾ (ਲਾਡਾਨਾ, ਹਰਿਆਣਾ), ਮਿਨਜਾਰ ਮੇਲਾ (ਚੰਬਾ, ਹਿਮਾਚਲ ਪ੍ਰਦੇਸ), ਦੁਸ਼ਹਿਰਾ (ਕੁੱਲੂ, ਹਿਮਾਚਲ ਪ੍ਰਦੇਸ), ਜਹੀਰੀ ਮੇਲਾ (ਜਹੀਰੀ, ਜੰਮੂ ਕਸ਼ਮੀਰ), ਕੁੰਡਾ ਮੇਲਾ (ਪ੍ਰਤਾਪਪੁਰ, ਝਾਰਖੰਡ), ਦਸਾਰਾ (ਮੈਸੂਰ, ਕਰਨਾਟਕ), ਗੋਡਾਚੀ ਮੇਲਾ (ਗੋਡਾਚੀ, ਕਰਨਾਟਕ), ਹੰਪੀ (ਹੰਪੀ, ਕਰਨਾਟਕ), ਪੋਰਮ ਤਿਉਹਾਰ (ਤ੍ਰਿਚੂਰ, ਕੇਰਲ), ਮਾਕਾਰਾ ਵਿਲਾਕੁ (ਮੱਲਾਪੂਰਮ, ਕੇਰਲ), ਚਿਰਾਪੂ (ਕੋਟਾਅਮ, ਕੇਰਲ), ਔਮਾਲੋਰ ਮੇਲਾ ( ਔਮਾਲੋਰ, ਕੇਰਲ) ਮਗਾਰਾ ਜਯੋਤੀ (ਸਬਾਰੀਮਾਲਾ, ਕੇਰਲ) ਸ਼੍ਰੀ ਸੁੰਦਰੇਸ਼ਵਰ (ਕਨੂੰਰ, ਕੇਰਲ), ਉਤਸਵਮ (ਮੱਲਾਪੁਰਮ, ਕੇਰਲ), ਅਰਾਨਮੁੱਲਾ ਵਲੱਮਕਾਲੀ (ਅਗਮੁਲਾ, ਕੇਰਲ), ਕੇਰਲਾ, ਪਿੰਡ ਦਾ ਮੇਲਾ (ਕੋਵਾਲਮ, ਕੇਰਲ), ਕਾਰਤਿਕ ਮੇਲਾ ( ਉਜੈਨ, ਮੱਧ ਪ੍ਰਦੇਸ਼) ਕਦਾਮ ਮੇਲਾ (ਖੜਗਪੁਰ, ਮੱਧਪ੍ਰਦੇਸ਼) ਗਵਾਲੀਅਰ ਵਪਾਰਿਕ ਮੇਲਾ (ਗਵਾਲੀਅਰ, ਮੱਧ ਪ੍ਰਦੇਸ਼ ) ਮਕਰ ਸਕਰਾਂਤੀ (ਉਜੈਨ, ਮੱਧ ਪ੍ਰਦੇਸ਼) ਨੀਮਰ ਉਤਸਵ (ਨਾਗਪੁਰ, ਮਹਾਂਰਾਸਟਰ), ਗਨੇਸ ਤਿਉਹਾਰ (ਸਾਂਗਲੀ, ਮਹਾਂਰਾਸਟਰ), ਰਥ ਯਾਤਰਾ ( ਪੁਰੀ, ਉੜੀਸ਼ਾ), ਜੋਰਾਡਾ ਮੇਲਾ (ਜੋਰਾਂਡਾ, ਉੜੀਸਾ), ਪੇਂਡੂ ਖੇਡਾਂ (ਕਿਲ੍ਹਾ ਰਾਇਪੁਰ, ਪੰਜਾਬ), ਹੋਲਾ ਮਹੱਲਾ (ਸ਼੍ਰੀ ਆਨੰਦਪੁਰ ਸਾਹਿਬ, ਪੰਜਾਬ), ਵਿਸਾਖੀ (ਤਲਵੰਡੀ ਸਾਬੋ, ਪੰਜਾਬ), ਮਾਘੀ ਦਾ ਮੇਲਾ (ਸ਼੍ਰੀ ਮੁਕਤਸਰ, ਪੰਜਾਬ) ਰਾਮਤੀਰਥ ਮੇਲਾ (ਕਲੇਰ, ਪੰਜਾਬ), ਸ਼ਹੀਦੀ ਜੋੜ ਮੇਲਾ (ਫਤਿਹਗੜ੍ਹ ਸ਼ਾਹਿਬ, ਪੰਜਾਬ), ਸੋਡਲ ਮੇਲਾ (ਜਲੰਧਰ, ਪੰਜਾਬ) ਛਪਾਰ ਮੇਲਾ (ਛਪਾਰ, ਪੰਜਾਬ) ਖਾਟੂ ਸ਼ਿਆਮ ਜੀ (ਸ਼ਿਕਰ, ਰਾਜਸਥਾਨ), ਉਰਸ ਅਜਮੇਰ (ਅਜਮੇਰ, ਰਾਜਸਥਾਨ) ਪੁਸਕਰ ਦਾ ਮੇਲਾ (ਪੁਸ਼ਕਰ, ਰਾਜਸਥਾਨ), ਰਾਮਦੇਵਰ (ਰਾਮਦੇਵਰ, ਰਾਜਸਥਾਨ), ਦੁਸ਼ਹਿਰਾ ਮੇਲਾ (ਕੋਟਾ, ਰਾਜਸਥਾਨ), ਬਨੇਸਵਰ ਦਾ ਮੇਲਾ (ਦੁੰਗੇਰਪੁਰ, ਰਾਜਸਥਾਨ), ਚੰਦੇਰਬਾਗਾ ਮੇਲਾ (ਝਲਾਵਰ, ਰਾਜਸਥਾਨ), ਖੇਤਲਾਜੀ ਮੇਲਾ (ਬੁੰਦੀ, ਰਾਜਸਥਾਨ), ਗਨੀਸਤੀ ਮੇਲਾ ( ਝੁਨਝੁਨੁ, ਰਾਜਸਥਾਨ), ਕੈਲਾ ਦੇਵੀ ਦਾ ਮੇਲਾ ( ਕਰੌਲੀ, ਰਾਜਸਥਾਨ), ਕਾਲਾਜੀ ਦਾ ਮੇਲਾ (ਬਨਸਵਾਗ, ਰਾਜਸਥਾਨ), ਮਾਰਵਾਰ ਤਿਉਹਾਰ (ਜੋਧਪੁਰ, ਰਾਜਸਥਾਨ), ਪੀਰੀਆ ਕੀਰਥੀਗਲ ( ਭਰੁਪਾਰਨਕੁੰਦਰਮ, ਤਾਮਿਲਨਾਡੂ), ਪਨੀਮਯਾ ਮਾਥਾ ਤਿਉਹਾਰ (ਟੂਟੀਕੋਰਨ, ਤਮਿਲਨਾਡੂ), ਇਲਾਜਹਾਗਰ ਬਨਾਰਲ (ਬਨਾਰਲ, ਤਮਿਲਨਾਡੂ), ਕੁੰਦਮ (ਚਿਕਾਰਮ, ਤਮਿਲਨਾਡੂ), ਬੀਮੋਲੀ ਕਟਰਾ ਮੇਲਾ (ਬੀਮੋਲੀ ਕਟਰਾ, ਉੱਤਰਪ੍ਰਦੇਸ਼), ਕੈਲਾਸ ਮੇਲਾ (ਆਗਰਾ, ਉੱਤਰਪ੍ਰਦੇਸ), ਮਕਰ ਸਕ੍ਰਾਂਤੀ (ਅਲਾਹਾਬਾਦ, ਉੱਤਰਪ੍ਰਦੇਸ), ਰਾਮਨੌਮੀ ਦਾ ਮੇਲਾ (ਅਯੋਧਆ, ਉੱਤਰ ਪ੍ਰਦੇਸ), ਸ਼ਰਵਨ ਝੂਲਾ (ਫੈਜਾਬਾਦ, ਉੱਤਰਪ੍ਰਦੇਸ), ਨੌਚਾਂਦੀ ਮੇਲਾ (ਮੇਰਠ, ਉੱਤਰਪ੍ਰਦੇਸ਼), ਚੀਰਾਕੁਟ ਰਾਮਲੀਲਾ (ਚੀਰਾਕੁਟ, ਉੱਤਰਪ੍ਰਦੇਸ), ਰਾਮਬਾਰਤ (ਆਗਰਾ, ਉੱਤਰਪ੍ਰਦੇਸ), ਪਸ਼ੂ ਮੇਲਾ (ਦਾਦਰੀ, ਉੱਤਰਪ੍ਰਦੇਸ), ਗੋਕੁਲਨੰਦ ਮੇਲਾ (ਗੋਕੁਲਪੁਰ, ਪੱਛਮੀ ਬੰਗਾਲ), ਸਕ੍ਰਾਂਤੀ ਦਾ ਮੇਲਾ ( ਗੰਗਾਨਗਰ, ਪੱਛਮੀ ਬੰਗਾਲ), ਫੁੱਲ ਵਾਲੋਂਨ ਕੀ ਸੈਰ, ਕਿਤਾਬਾਂ ਅਤੇ ਵਪਾਰਕ ਮੇਲੇ ਆਦਿ (ਦਿੱਲੀ) ਅਤੇ ਗੋਰਮਾ ਕਾਰਨੀਵਾਲ ਆਦਿ

**ਸਮੀਖਿਅਕ ਪ੍ਰਸ਼ਨ**

1) ਭਾਰਤ ਵਿੱਚ ਸੈਲਾਨੀਆਂ ਲਈ 4 ਮੇਲਿਆ ਦੇ ਨਾਮ ਲਿਖੋ

2) ਭਾਰਤ ਵਿੱਚ ਸੈਲਾਨੀਆਂ ਲਈ 4 ਤਿਉਹਾਰਾ ਦੇ ਨਾਮ ਲਿਖੋ

## 8.4 ਖੇਡ ਸਰੋਤ

### (ੳ) ਅੰਤਰਰਾਸਟਰੀ ਖੇਡਾਂ

ਕ੍ਰਿਕੇਟ, ਫੁੱਟਬਾਲ, ਬਾਸਕਟਬਾਲ, ਟੈਨਿਸ, ਸ਼ਤਰੰਜ, ਮੋਟਰ ਸਪੋਰਟਸ, ਬੈਡਮਿੰਟਨ, ਗੋਲਫ, ਕੋਰਫ ਬਾੱਲ, ਵਾਲੀਬਾਲ, ਹੈਡਬਾਲ, ਥਰੋਬਾਲ, ਮੁੱਕੇਬਾਜੀ, ਸਾਇਕਲਿੰਗ, ਟੇਬਲ ਟੈਨਿਸ, ਕਯਾਕਿੰਗ, ਬਾਇਕਿੰਗ, ਰੌਕ ਕਲਾਈਬਿੰਗ, ਆਰਚਨੀ, ਦੌੜ, ਭਾਰ ਚੁੱਕਣਾ, ਕੁਸਤੀ, ਜਿਮਨਾਸਟਿਕ, ਬਿਲਿਅਰਡਸ, ਸਨੂਕਰਸ ਅਤੇ ਇਨਾ ਨਾਲ ਸੰਬੰਧਤ ਖੇਡਾਂ ਜਿਨਾਂ ਵਿੱਚ ਖੇਡਾਂ ਦੇ ਮੈਦਾਨ ਅਤੇ ਸਟੇਡੀਅਮ ਵੀ ਸ਼ਾਮਿਲ ਹਨ

(ਅ) ਪਰੰਪਰਾਗਤ ਅਤੇ ਖੇਤਰੀ ਖੇਡਾਂ

ਇਹ ਨਿਸਚਿਤ ਹੈ ਕਿ ਸੈਲਾਨੀਆਂ ਖਾਸ ਕਰਕੇ ਵਿਦੇਸ਼ੀ ਸੈਲਾਨੀਆਂ ਦੀ ਖਿੱਚ ਦੇਸੀ ( ਪਰੰਪਰਾਗਤ ਅਤੇ ਖੇਤਰੀ) ਖੇਡਾਂ ਵੱਲ ਹੁੰਦੀ ਹੈ ਜਿਨ੍ਹਾਂ ਵਿੱਚ ਗੁੱਲੀ ਡੰਡਾ, ਕੰਚੇ, ਪਤੰਗ ਉਡਾਉਣਾ, ਖੋ- ਖੋ, ਕਬੱਡੀ, ਕਬੂਤਰਬਾਜੀ, ਮੁਰਗਿਆ ਦੀ ਲੜਾਈ ਆਦਿ।

**ਸਮੀਖਿਅਕ ਪ੍ਰਸ਼ਨ**

1) ਕੋਈ ਤਿੰਨ ਭਾਰਤ ਦੀਆਂ ਪਰੰਪਰਾਗਤ ਅਤੇ ਖੇਤਰੀ ਖੇਡਾਂ ਦੇ ਨਾਂ ਲਿਖੋ

## 8.5 ਭਾਰਤ ਦੀਆਂ ਸੰਭਾਲ ਰੱਖਾਂ (conservatories)

ਭਾਰਤ ਦੀਆਂ ਸੰਭਾਲ ਰੱਖਾਂ (conservatories)ਵਿੱਚ ਅਜਾਇਬਘਰ ਪੁਰਾਲੇਖ ਭਵਨ ਅਤੇ ਕਲਾ ਭਵਨ ਆਉਂਦੇ ਹਨ। ਭਾਰਤ ਵਿੱਚ ਸੈਲਾਨੀਆਂ ਲਈ ਬਹੁਤ ਸੰਭਾਲ ਰੱਖਾਂ ਦੇ ਕੇਂਦਰ ਹਨ। ਹਰ ਇੱਕ ਬਾਰੇ ਬਿਆਨ ਕਰਨਾ ਮੁਸ਼ਕਿਲ ਹੈ।

ਭਾਰਤ ਦੀਆਂ ਦੱਸ ਪ੍ਰਮੁੱਖ ਕੰਜਰਵੇਟਰੀਆਂ ਇਹ ਹਨ :

1. ਹਵਾ ਮਹਿਲ ਅਜਾਇਬ ਘਰ
2. ਇੰਡੀਅਨ ਅਜਾਇਬ ਘਰ
3. ਜੈ-ਗੜ੍ਹ ਕਿਲ੍ਹੇ ਦਾ ਅਜਾਇਬ ਘਰ
4. ਕਰਨਾਟਕ ਅਜਾਇਬ ਘਰ
5. ਮਹਾਰਾਜਾ ਸਵਾਈ ਮਾਨ ਸਿੰਘ ਅਜਾਇਬ ਘਰ
6. ਰਾਸ਼ਟਰੀ ਪੁਰਾਤਨ ਹੱਥ ਲਿਖਤਾਂ
7. ਨਹਿਰੂ ਯਾਦਗਾਰ ਮਿਊਜ਼ੀਅਮ
8. ਪ੍ਰਿੰਸ ਆੱਫ ਵੇਲਜ਼
9. ਤ੍ਰਿਪੁਰਾ ਪੈਲੇਸ ਮਿਊਜ਼ੀਅਮ

**ਸਮੀਖਿਅਕ ਪ੍ਰਸ਼ਨ**

1. ਭਾਰਤ ਦੀ ਕੋਈ 4 ਸੰਭਾਲ ਰੱਖਾਂ ਦੇ ਨਾਮ ਦੱਸੋ।

## 8.6 ਮਨੋਰੰਜਨ ਸਰੋਤ

ਭਾਰਤ ਵਿੱਚ ਮਨੋਰੰਜਨ ਦੇ ਹਰ ਇੱਕ ਸਰੋਤ ਦੀ ਆਪਣੀ ਚਮਕ-ਧਮਕ ਅਤੇ ਬਣਾਵਟ ਹੈ। ਉਹ ਪ੍ਰੋਗਰਾਮ ਅਣਗਿਣ ਹਨ ਜਿਨ੍ਹਾਂ ਤੋਂ ਲੋਕ ਖੁਸ਼ੀ ਮਨਾਉਂਦੇ ਹਨ। ਅੱਜ ਦੇ ਸਮੇਂ ਵਿੱਚ ਵਿਦੇਸ਼ੀ ਦੇਸ਼ਾਂ ਤੋਂ ਬਹੁਤ ਸਾਰੇ ਮਨੋਰੰਜਨ ਦੇ ਸਾਧਨ ਭਾਰਤ ਵਿੱਚ ਅਪਣਾਏ ਗਏ ਹਨ। ਅਕਸਰ ਭਾਰਤੀ ਲੋਕ ਮਨੋਰੰਜਨ ਆਪਣੇ ਹੀ ਸੱਭਿਆਚਾਰ ਤੋਂ ਮਾਣਦੇ ਹਨ। ਭਾਰਤ ਵਿੱਚ ਪ੍ਰਮੁੱਖ ਮਨੋਰੰਜਨ ਦੇ ਤਰੀਕੇ ਇਹ ਹਨ:

## ਸੰਗੀਤ

ਭਾਰਤ ਨੂੰ ਸੰਸਾਰ ਭਰ ਵਿੱਚ ਕਲਾ ਦੀ ਉਤਪਤੀ ਲਈ ਜਾਣਿਆ ਜਾਂਦਾ ਹੈ। ਭਾਰਤ ਵਿੱਚ ਮਿਊਜ਼ਿਕ ਇੰਡਸਟਰੀ ਆਧੁਨਿਕ ਅਤੇ ਸ਼ਾਸ਼ਤਰੀ ਸੰਗੀਤ ਦੇ ਵਿੱਚ ਵੰਡੀ ਗਈ ਹੈ। ਦੋਵਾਂ ਦੇ ਵਪਾਰਿਕ ਪੱਖ ਆਪਣੇ-ਆਪਣੇ ਹਨ। ਭਾਰਤ ਸਭ ਤੋਂ ਵੱਡਾ ਸੰਗੀਤ ਘਰ ਹੈ ਅਤੇ ਹੋਰ ਵੀ ਕਈ ਫਿਲਮ ਇੰਡਸਟਰੀਆਂ ਹਨ ਭਾਰਤ ਦੇ ਵਿਸ਼ਾਲ ਦ੍ਰਿਸ਼ ਦਾ ਇੱਕ ਅਖੰਡ ਭਾਗ ਉਸਦਾ ਸੰਗੀਤ ਹੈ ਅਤੇ ਇਹ ਆਪਣੇ ਨਿਵੇਕਲੇ ਢੰਗ ਨਾਲ ਸਭ ਨੂੰ ਆਕਰਸ਼ਿਤ ਕਰਦਾ ਹੈ। ਸਾਰੰਗੀ ਵੀਨਾ, ਸ਼ਹਿਨਾਈ , ਬੰਸਰੀ, ਤਬਲਾ, ਸਰੋਦ, ਰਾਗ, ਭਜਨ, ਕਵਾਲੀ, ਗਜ਼ਲ, ਖੰਮਰੀ ਆਦਿ। ਸੈਲਾਨੀਆਂ ਦੁਆਰਾ ਇਹਨਾਂ ਭਾਰਤੀ ਸ਼ਾਸ਼ਤਰੀ ਸੰਗੀਤ ਦਾ ਆਨੰਦ ਮਾਣਿਆ ਜਾਂਦਾ ਹੈ।

## ਸਿਨੇਮਾ /ਥੀਏਟਰ

ਸਿਨੇਮਾ ਭਾਰਤ ਦੇ ਲੋਕਾਂ ਦੇ ਮਨੋਰੰਜਨ ਵਿੱਚ ਵੱਡਾ ਸਥਾਨ ਹੈ। ਭਾਰਤੀ ਫਿਲਮ ਉਦਯੋਗ ਸਾਰੇ ਸੰਸਾਰ ਤੋਂ ਵੱਡਾ ਹੈ। ਹਿੰਦੀ ਫ਼ਿਲਮ ਜਗਤ ਹੋਰ ਖੇਤਰੀ ਫ਼ਿਲਮ ਉਦਯੋਗਾਂ ਨਾਲ ਮਿਲਕੇ ਸਾਰੇ ਦੇਸ਼ਾਂ ਤੋਂ ਵੱਧ ਫ਼ਿਲਮਾਂ ਸਾਲ ਭਰ ਵਿੱਚ ਬਣਾਉਂਦਾ ਹੈ। ਹਿੰਦੀ ਫ਼ਿਲਮੀ ਜਗਤ ਮੁੰਬਈ (ਬਾੱਲੀਵੁੱਡ) ਤੋਂ ਸੰਚਾਲਿਤ ਹੁੰਦਾ ਹੈ। ਹੋਰ ਮਸ਼ਹੂਰ ਖ਼ੇਤਰੀ ਫ਼ਿਲਮ ਉਦਯੋਗ ਹਨ- ਭੋਜਪੁਰੀ, ਪੰਜਾਬੀ, ਰਾਜਸਥਾਨੀ, ਹਰਿਆਣਵੀ, ਦੱਖਣੀ ਫ਼ਿਲਮ ਜਗਤ ਅਤੇ ਬੰਗਾਲੀ ਫ਼ਿਲਮ ਉਦਯੋਗ।

## ਨਾਚ

ਸੈਲਾਨੀ ਭਾਰ ਵਿੱਚ ਆਧੁਨਿਕ ਜਿਵੇਂ ਕਾਬਾਰੇਟ ਅਤੇ ਡਿਸਕੋ ਤੋਂ ਇਲਾਵਾ ਮੌਲਿਕ ਪਰੰਪਰਾਗਤ ਅਤੇ ਖੇਤਰੀ ਨਾਚ ਜਿਵੇਂ ਭਰਤਨਾਟਯਮ (ਤਮਿਲਨਾਡੂ), ਕੱਥਕ (ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ਼) (ਗਿੱਧਾ ਅਤੇ ਭੰਗੜਾ ਪੰਜਾਬ), ਕੱਥਕਕਲੀ (ਕੇਰਲ), ਕੁੱਚੀਪੜੀ (ਆਂਧਰ ਪ੍ਰਦੇਸ਼) ਮਨੀਪੁਰੀ (ਮਨੀਪੁਰੀ), ਮੋਹੀਨਾਟਿਅਮ (ਕੇਰਲ), ਓਡੀਸੀ (ਉਡੀਸ਼ਾ) ਸਤਰੀਆ (ਅਸਾਮ) ਗਰਬਾ ਅਤੇ ਡਾਂਡੀਆ (ਗੁਜਰਾਤ) ਅਤੇ ਭੰਗੜਾ (ਪੰਜਾਬ) ਆਦਿ ਦਾ ਵੀ ਆਨੰਦ ਮਾਣਦੇ ਹਨ।

**ਸਮੀਖਿਅਕ ਪ੍ਰਸ਼ਨ**

1. ਭਾਰਤ ਵਿੱਚ ਸੈਲਾਨੀਆਂ ਲਈ ਮਨੋਰੰਜਨ ਦੇ ਪ੍ਰਮੁੱਖ ਤਰੀਕੇ ਕਿਹੜੇ-ਕਿਹੜੇ ਹਨ ?

## 8.7 ਸੈਰਸਪਾਟਾ ਸਰੋਤ ਵਜੋਂ ਭਾਰਤੀ ਵਿਅੰਜਨ

### ਵਿਅੰਜਨ

ਸੈਲਾਨੀਆਂ ਲਈ ਭਾਰਤ ਦੀ ਨਾ ਭੁੱਲਣਯੋਗ ਖੁਸ਼ਬੂ ਉਸਦੇ ਭੋਜਨ ਬਣਾਉਣ ਵਿੱਚ ਇਸਤੇਮਾਲ ਹੋਣ ਵਾਲੇ ਮਸਾਲਿਆਂ ਦੀ ਖ਼ੁਸ਼ਬੂ ਹੈ। ਭਾਰਤੀ ਰਸੋਈਏ ਕੋਲ਼ ਲਗਪਗ 25 ਮਸਾਲੇ ਹਨ ਜੋ ਕਿਸੇ ਖ਼ਾਸ ਮਾਤਰਾ ਵਿੱਚ ਮਿਲਾਏ ਜਾਂਦੇ ਹਨ। ਇਹ ਮਾਤਰਾ ਖੇਤਰ ਤੋਂ ਖੇਤਰ ਅਲੱਗ ਹੁੰਦੀ ਹੈ। ਸੈਲਾਨੀ ਅਕਸਰ ਬਿਨਾਂ ਸਬਜ਼ੀ ਵਾਲੇ ਵਿਅੰਜਨ ਖਾਂਦੇ ਹਨ। ਉੱਤਰ ਵਿੱਚ ਮੀਟ ਡਿਸ਼ ਆਮ ਹੁੰਦੀ ਹੈ , ਜੋ ਕਿ ਸੈਲਾਨੀਆਂ ਦੇ ਮੂੰਹ ਵਿੱਚ ਪਾਣੀ ਲੈ ਆਉਂਦੀ ਹੈ ਜਿਵੇਂ ਰੋਗਨ ਜੋਸ਼, ਗੁਸ਼ਤਬਾ (ਦਹੀਂ ਵਿੱਚ ਮਸਾਲੇਦਾਰ ਮੀਟ) ਅਤੇ ਸਵਾਦਿਸ਼ਟ ਬਰਿਆਨੀ (ਚਾਵਲਾਂ ਵਿੱਚ ਚਿਕਨ, ਚੀਨੀ ਅਤੇ ਗੁਲਾਬ ਜਲ)। ਮੁਗ਼ਲਈ ਵਿਅੰਜਨ ਜੋ ਕਿ ਮੇਵੇ ਅਤੇ ਕੇਸਰ ਨਾਲ ਭਰਪੂਰ ਮਲਾਈਦਾਰ, ਮਸਾਲੇਦਾਰ ਡਿਸ਼ ਹੁੰਦੀ ਹੈ। ਮਸ਼ਹੂਰ ਤੰਦੂਰੀ ਪਕਵਾਨ (ਚਿਕਨ, ਮੀਟ ਅਤੇ ਮੱਛੀ ਨੂੰ ਹਰਬਸ ਵਿੱਚ ਲਪੇਟ ਕੇ ਅਵਨ ਭੁੰਨੇ ਵਿੱਚ ਹੋਏ) ਅਤੇ ਕਬਾਬ ਉੱਤਰੀ ਭਾਰਤ ਦਾ ਵਿਅੰਜਨ ਹੈ। ਦੱਖਣ ਵਿੱਚ, ਕੜ੍ਹੀ ਅਕਸਰ ਸਬਜ਼ੀ ਵਾਲੀ ਅਤੇ ਗਰਮ ਪਰੋਸੀ ਜਾਂਦੀ ਹੈ। ਸੈਲਾਨੀ ਇੱਥੇ ਭੁਜੀਆਂ (ਸਬਜ਼ੀ ਵਾਲੀ ਕੜੀ), ਡੋਸਾ, ਇਡਲੀ, ਸਾਂਭਰ ਅਤੇ ਰਾਇਤੇ ਦਾ ਆਨੰਦ ਮਾਣਦੇ ਹਨ। ਨਾਰੀਅਲ ਦੱਖਣੀ ਭਾਰਤ ਦੇ ਪਕਵਾਨਾਂ ਦਾ ਮੁੱਖ ਅੰਗ ਹੈ। ਪੱਛਮੀ ਘਾਟ ਵਿੱਚ ਮੱਛੀ, ਬੰਬਈ ਡੱਕ (ਤਲੀ ਹੋਈ ਬੋਮਨ ਲਦੀ ਮੱਛੀ) ਅਤੇ ਪੋਮਫਰੇਟ

(ਭਾਰਤੀ ਸੇਲਮੋਨ) ਦੀ ਜ਼ਿਆਦਾ ਮਾਤਰਾ ਮਿਲਦੀ ਹੈ। ਇੱਕ ਹੋਰ ਖ਼ਾਸੀਅਤ ਪਾਰਸੀ ਧਨ ਡੱਕ ਸਕ ਅਤੇ ਸਿਰਕੇ ਵਿੱਚ ਲਪੇਟਿਆ ਹੋਇਆ ਵਿੰਤਾਲੂ। ਮੱਛੀ ਬੰਗਾਲੀ ਪਕਵਾਨ ਦੀ ਵੀ ਵਿਸ਼ੇਸ਼ਤਾ ਹੈ ਜੋ ਦਹੀਂ ਮਾਚ ਅਤੇ ਮਲਾਈ (ਕੜ੍ਹੀ ਵਿੱਚ ਨਾਰੀਅਲ ਦਾ ਚੂਰਾ) ਹੈ।

ਇੱਕ ਖੇਤਰੀ ਫਰਕ ਇਹ ਹੈ ਕਿ ਦੱਖਣ ਵਿੱਚ ਚਾਵਲ ਮੁੱਖ ਭੋਜਨ ਹੈ, ਉੱਤਰ ਵਿੱਚ ਇਹ ਸਪਲੀਮੈਂਟ ਹੈ ਜੋ ਕਿ ਕਈ ਵਾਰੀ ਬ੍ਰੈੱਡ , ਜਿਵੇਂ ਕਿ ਪੂਰੀ, ਚਪਾਤੀ (ਮੱਕੀ, ਬਾਜ਼ਰਾ), ਸਰੋਂ ਦਾ ਸਾਗ ਅਤੇ ਨਾਨ ਆਦਿ ਨਾਲ ਬਦਲਿਆ ਜਾਂਦਾ ਹੈ।

ਸਾਰੇ ਭਾਰਤ ਵਿੱਚ ਆਮ ਚੀਜ਼ ਦਾਲ ਹੈ ਅਤੇ ਦਹੀਂ ਜਿਸ ਤੋਂ ਕੜੀ ਵੀ ਬਣਦੀ ਹੈ। ਸਵਾਦਿਸ਼ਟ ਹੋਣ ਤੋਂ ਇਲਾਵਾ ਇਹ ਠੰਢਕ ਵੀ ਦਿੰਦੀ ਹੈ, ਜਦੋਂ ਚੀਜ਼ਾਂ ਬਹੁਤ ਗਰਮ ਹੋ ਜਾਣ ਤਾਂ ਇਹ ਬਾਕੀ ਤਰਲ ਪਦਾਰਥਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ। ਮਿਠਾਈਆਂ ਮੁੱਖ ਤੌਰ ਤੇ ਦੁੱਧ ਤੇ ਅਧਾਰਿਤ ਪਕਵਾਨ, ਪੇਸਟਰੀ ਅਤੇ ਪੈਨਕੇਕ ਹਨ। ਸਾਰੇ ਭਾਰਤ ਵਿੱਚ ਕੁਲਫ਼ੀ, ਆਈਸਕ੍ਰੀਮ, ਰਸਗੁੱਲੇ, ਗੁਲਾਬ ਜਾਮੁਨ ਅਤੇ ਜਲੇਬੀ ਮਿਲਦੀ ਹੈ। ਮਿਠਾਈਆਂ ਤੋਂ ਇਲਾਵਾ, ਫਲਾਂ ਦੀ ਬਹੁਤਾਤ ਹੈ। ਜਿਵੇਂ ਅੰਬ, ਅਨਾਰ, ਖ਼ਰਬੂਜਾ, ਤਰਬੂਜ, ਖੁਰਮਾਨੀ , ਸੇਬ ਅਤੇ ਚੈਰੀ ਆਦਿ। ਕੁਝ ਥਾਵਾਂ ਤੇ ਪੱਛਮੀ ਮਿਠਾਈਆਂ ਵੀ ਮਿਲਦੀਆਂ ਹਨ। ਖਾਣਾ ਖਾਣ ਤੋਂ ਬਾਅਦ ਖਾਣਾ ਪਚਾਉਣ ਲਈ ਪਾਨ ਖਾਇਆ ਜਾਂਦਾ ਹੈ। ਪਾਨ ਇੱਕ ਪਾਨ ਦੇ ਪਤੇ ਵਿੱਚ ਇਲਾਇਚੀ ਅਤੇ ਸੌਂਫ ਦੇ ਬੀਜ ਲਪੇਟ ਕੇ ਬਣਾਇਆ ਜਾਂਦਾ ਹੈ।

ਪ੍ਰਮੁੱਖ ਵਿਅੰਜਨਾਂ ਤੋਂ ਇਲਾਵਾ ਦੇਸ਼ ਵਿੱਚ ਕਈ ਤਰ੍ਹਾਂ ਦੇ ਲੁਭਾਵਣੇ ਸਨੈਕਸ (snacks) ਵੀ ਮਿਲਦੇ ਹਨ ਜਿਵੇਂ ਕਿ ਸਮੋਸਾ, ਡੋਸਾ, ਵੜਾ ਆਦਿ। ਸੈਲਾਨੀਆਂ ਲਈ ਹਮੇਸ਼ਾ ਤੋਂ ਹੀ ਇੱਥੇ ਵਿਦੇਸ਼ੀ ਪਕਵਾਨ ਵੀ ਮਿਲਦੇ ਹਨ। ਅਸਲ ਵਿੱਚ , ਖਾਣਾ ਬਣਾਉਣ ਦਾ ਅਸਲੀ ਢੰਗ ਭਾਰਤ ਦੇ ਪ੍ਰਮੁੱਖ ਕੇਂਦਰਾਂ ਵਿੱਚ ਹੀ ਅਨੁਭਵ ਕੀਤਾ ਜਾ ਸਕਦਾ ਹੈ।

## ਮਿਠਾਈਆਂ

ਕੁਝ ਆਮ ਭਾਰਤੀ ਮਿਠਾਈਆਂ ਵਿੱਚ ਇਹ ਆਉਂਦੇ ਹਨ :

1. ਬਰਫੀ : ਸੁੱਕੇ ਦੁੱਧ ਵਿੱਚ ਕਾਜੂ, ਬਾਦਾਮ ਜਾਂ ਪਿਸਤਾ ਮਿਲਾ ਕੇ ਬਣਦੀ ਹੈ ਤੇ ਚਾਂਦੀ ਦਾ ਵਰਕ ਵਧੀਆ ਦਿਖਣ ਲਈ ਉੱਪਰ ਲਗਾਇਆ ਜਾਂਦਾ ਹੈ।
2. ਚਿੱਕੀ : ਮੂੰਗਫਲੀ ਅਤੇ ਸ਼ੀਰੇ ਤੋਂ ਬਣਦੀ ਹੈ।
3. ਗੁਲਾਬ ਜਾਮੁਨ : ਮਿੱਠੇ ਗਾੜ੍ਹੇ ਵਿੱਚ ਤਲੇ ਹੋਏ ਦੁੱਧ ਦੇ ਗੋਲੇ ਨੂੰ ਡੋਬ ਕੇ ਬਣਦਾ ਹੈ ਜਿਵੇਂ ਕਿ ਗੁਲਾਬ ਗਾੜ੍ਹਾ ਜਾਂ ਸ਼ਹਿਦ।
4. ਜਲੇਬੀ : ਗਿੱਲੇ ਆਟੇ ਨੂੰ ਕੋਆਇਲ (coil) ਆਕਾਰ ਵਿੱਚ ਤਲ ਕੇ ਮਿੱਠੇ ਦੇ ਗਾੜ੍ਹੇ ਵਿੱਚ ਭਿਉਂ ਕਿ ਬਣਾਈ ਜਾਂਦੀ ਹੈ ਤੇ ਬਾਅਦ ਵਿੱਚ ਦੁੱਧ, ਚਾਹ ਲੱਸੀ ਜਾਂ ਦਹੀਂ ਨਾਲ ਖਾਈ ਜਾ ਸਕਦੀ ਹੈ।
5. ਕੁਲਫ਼ੀ : ਭਾਰਤੀ ਕੁਲਫ਼ੀ ਕਈ ਸਵਾਦਾਂ ਵਿੱਚ ਮਿਲਦੀ ਹੈ ਜਿਵੇਂ ਕਿ ਅੰਬ, ਕੇਸਰੀ ਜਾਂ ਇਲਾਇਚੀ।
6. ਖ਼ੀਰ : ਇਹ ਦੁੱਧ ਅਤੇ ਚਾਵਲ ਨਾਲ ਮਿਲ ਕੇ ਬਣਦੀ ਹੈ।
7. ਮਾਲਪੋਆ : ਕਣਕ ਜਾਂ ਚਾਵਲਾਂ ਦੇ ਆਟੇ ਦੇ ਪੈਨਕੇਕ ਬਣਾ ਕੇ ਅਤੇ ਇਸਨੂੰ ਤਲਣ ਤੋਂ ਬਾਅਦ ਮਿੱਠੇ ਗਾੜ੍ਹੇ ਵਿੱਚ ਡੁਬੋਇਆ ਜਾਂਦਾ ਹੈ।
8. ਰਸਗੁੱਲਾ : ਇੱਕ ਮਿਠਾਈ , ਜੋ ਕਸੀਨ ਤੇ ਛੋਟੀਆਂ ਗੇਂਦਾਂ ਨੂੰ ਉਬਾਲ ਕੇ ਮਿੱਠੇ ਗਾੜ੍ਹੇ ਵਿੱਚ ਪਾ ਕੇ ਬਣਾਇਆ ਜਾਂਦਾ ਹੈ।

9. ਸੰਦੇਸ਼ : ਪਨੀਰ ਵਿੱਚ ਸ਼ੀਰਾ, ਚੀਨੀ ਦਾ ਬਰੀਕ ਚੂਰਾ ਪਾ ਕੇ ਬਣਦੀ ਹੈ।

10. ਸ੍ਰੀਖੰਡ : ਇੱਕ ਕਰੀਮ ਵਾਲੀ ਮਿਠਾਈ ਜੋ ਦਹੀਂ ਤੋਂ ਬਣਦੀ ਹੈ ਅਤੇ ਮੇਵਿਆਂ ਨਾਲ ਪਰੋਸੀ ਜਾਂਦੀ ਹੈ ਜਿਵੇਂ ਕਿ ਅੰਬ।

11.ਕਾਜੂ ਕਤਲੀ : ਬਰਫੀ ਦੀ ਤਰ੍ਹਾਂ ਇਸ ਵਿੱਚ ਕਾਜੂ ਦੇ ਬਰੀਕ ਚੂਰੇ ਨੂੰ ਘੀ, ਇਲਾਇਚੀ ਅਤੇ ਖੰਡ ਨਾਲ ਮਿਲਾ ਕੇ ਬਣਾਇਆ ਜਾਂਦਾ ਹੈ।

12. ਰਬੜੀ : ਰਬੜੀ ਇੱਕ ਮਿੱਠੀ ਦੁੱਧ ਆਧਾਰਿਤ ਡਿਸ਼ ਹੈ ਜੋ ਦੁੱਧ ਨੂੰ ਹਲਕੀ ਆਂਚ ਉੱਤੇ ਲੰਮਾ ਸਮਾਂ ਰੱਖ ਕੇ , ਜਦੋਂ ਤੱਕ ਕਿ ਗਾੜੀ ਅਤੇ ਹਲਕੀ ਗੁਲਾਬੀ ਰੰਗ ਵਿੱਚ ਨਾ ਤਬਦੀਲ ਹੋ ਜਾਵੇ ਤਦ ਤੱਕ ਪਕਾਈ ਜਾਂਦੀ ਹੈ। ਫਿਰ ਇਸ ਵਿੱਚ ਖੰਡ, ਮਸਾਲੇ ਅਤੇ ਕਿਸ਼ਮਿਸ਼ ਸਵਾਦ ਅਨੁਸਾਰ ਪਾ ਦਿੱਤੇ ਜਾਂਦੇ ਹਨ। ਇਹ ਠੰਡਾ ਕਰਕੇ ਪਰੋਸੀ ਜਾਂਦੀ ਹੈ।

## ਪੇਅ ਪਦਾਰਥ (Beverages)

### 1. ਬਿਨਾ ਅਲਕੋਹਲ ਦੇ ਤਰਲ ਪਦਾਰਥ (ਪੇਅ)

ਭਾਰਤ ਵਿੱਚ ਮਸਾਲਾ ਚਾਹ ਮੁੱਖ ਪੇਅ ਹੈ ਪਰ ਇੰਡੀਅਨ ਫਿਲਟਰ ਕਾੱਫੀ ਖ਼ਾਸ ਕਰਕੇ ਦੱਖਣ ਭਾਰਤ ਵਿੱਚ ਮਸ਼ਹੂਰ ਹੈ।

ਲੱਸੀ ਅਤੇ ਚਾਹ ਵੀ ਪੂਰੇ ਭਾਰਤ ਵਿੱਚ ਮੁੱਖ ਪੇਅ ਪਦਾਰਥ ਹੈ।

ਦੱਖਣੀ ਭਾਰਤ ਵਿੱਚ ਕਾੱਫੀ ਇੱਕ ਹੋਰ ਮਸ਼ਹੂਰ ਪੇਅ ਪਦਾਰਥ ਹੈ।

ਸ਼ਰਬਤ, ਨਿੰਬੂ ਪਾਣੀ, ਚਾਸ, ਬਾਦਾਮ ਦੁੱਧ, ਨਾਰੀਅਲ ਪਾਣੀ ਅਤੇ ਠੰਡੇ ਤੋਂ ਇਲਾਵਾ ਦੱਖਣੀ ਭਾਰਤ ਵਿੱਚ “ਪਨੀਰ ਸੋਡਾ” (ਜੋ ਕਾਰਬੋਨੇਟਿਡ ਪਾਣੀ, ਗੁਲਾਬ ਜਲ, ਮਿੱਠਾ ਅਤੇ ਗੁਲਾਬ ਦੁੱਧ ਦਾ ਮਿਸ਼ਰਨ ਹੁੰਦਾ ਹੈ) ਪੇਅ ਰੂਪ ਵਿੱਚ ਪਾਇਆ ਜਾਂਦਾ ਹੈ।

### 2. ਅਲਕੋਹਲਕ ਪੇਅ ਪਦਾਰਥ (Beverages)

ਸੈਲਾਨੀਆਂ ਦੇ ਸੇਵਨ ਲਈ ਭਾਰਤ ਵਿੱਚ ਸਾਰੇ ਕਿਸਮਾਂ ਦੇ ਪੇਅ ਪਦਾਰਥ ਉਪਲੱਬਧ ਹਨ।

**ਸਮੀਖਿਅਕ ਪ੍ਰਸ਼ਨ**

1. ਭਾਰਤ ਦੇ ਕੋਈ ਦੋ ਵਿਅੰਜਨਾਂ ਅਤੇ ਮਠਿਆਈਆਂ ਦੇ ਨਾਮ ਦੱਸੋ।

## 8.8 ਕਲਾ, ਕਲਾਕ੍ਰਿਤੀਆਂ ਅਤੇ ਹੈਂਡਲੂਮ

ਭਾਰਤ ਵਿੱਚ ਸੈਲਾਨੀਆਂ ਲਈ ਬਹੁਤ ਤਰ੍ਹਾਂ ਦੀ ਕਲਾ, ਕਲਾ ਕ੍ਰਿਤੀਆਂ ਅਤੇ ਹੈਂਡਲੂਮ ਦਾ ਕੰਮ ਹੈ। ਭਾਰਤੀ ਕਲਾ ਅਤੇ ਕਲਾਕ੍ਰਿਤੀਆਂ ਦੇ ਉਤਪਾਦ ਛੋਟੀ ਕਲਾਵਾਂ ਕੰਧ ਦੀ ਚਿੱਤਰਕਾਰੀ, ਟੈਰਾਕੋਟਾ ਦਾ ਕੰਮ, ਬੁੱਤ ਤਰਾਸ਼ੀ, ਸ਼ੈਲ ਦਾ ਕੰਮ, ਚਾਂਦੀ , ਸੋਨਾ ਅਤੇ ਤਾਂਬੇ ਦਾ ਕੰਮ ਆਦਿ ਹਨ ਜੋ ਸੈਲਾਨੀਆਂ ਨੂੰ ਲੁਭਾਉਂਦੇ ਹਨ। ਜਿੱਥੋ ਤੱਕ ਭਾਰਤ ਵਿੱਚ ਹੈਂਡਲੂਮ ਦਾ ਸੰਬੰਧ ਹੈ , ਸੈਲਾਨੀਆਂ ਦੀ ਬੰਧੇਜ, ਜਰੀ, ਸ਼ਹਿਤੂਸ਼, ਪਸ਼ਮੀਨਾ, ਕ੍ਰਾਂਜੀਵਰਮ, ਰੇਸ਼ਮ ਅਤੇ ਖੱਦਰ ਦੇ ਕੰਮਾਂ ਵਿੱਚ ਰੁਚੀ ਹੈ।

**ਸਮੀਖਿਅਕ ਪ੍ਰਸ਼ਨ**

1. ਭਾਰਤ ਵਿੱਚ ਸੈਲਾਨੀਆਂ ਦੀ ਰੁਚੀ ਵਾਲੇ ਕੋਈ ਤਿੰਨ ਹੈਂਡਲੂਮਾਂ ਦੇ ਨਾਮ ਦੱਸੋ।

## 8.9 ਆਵਾਜਾਈ ਨੈੱਟਵਰਕ ਅਤੇ ਸੈਲਾਨੀ ਆਧਾਰਿਤ ਸੰਰਚਨਾ

ਭਾਰਤ ਵਿੱਚ ਸੈਲਾਨੀਆਂ ਦੇ ਰਹਿਣ ਲਈ ਸਸਤੇ ਹੋਟਲਾਂ ਤੋਂ ਲੈ ਕੇ 5 ਸਟਾਰ ਹੋਟਲਾਂ ਤੱਕ ਦੀਆਂ ਸਹੂਲਤਾਂ ਹਨ। ਹਾਈਵੇਅ ਉੱਤੇ (ਰਾਸ਼ਟਰੀ ਮਾਰਗ) ਮੋਟਲ ਵੀ ਵੇਖੇ ਜਾ ਸਕਦੇ ਹਨ। ਭਾਰਤੀ ਸੈਲਾਨੀਆਂ ਲਈ ਦੇਖਣਯੋਗ ਥਾਵਾਂ ਹਵਾਈ ਸੇਵਾਵਾਂ, ਪਾਣੀ, ਸੜਕ ਅਤੇ ਰੇਲ ਰਸਤਿਆਂ ਨਾਲ ਆਪਸ ਵਿੱਚ ਜੁੜੇ ਹਨ। ਭਾਰਤੀ ਸੈਰਸਪਾਟਾ ਸੈਕਟਰ ਨੇ ਕਈ ਸੈਲਾਨੀ ਟਰੇਨਾਂ ਚਲਾਈਆਂ ਹਨ ਜਿਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਹਨ ਮਹਾਰਾਜਾ, ਪੈਲੇਸ ਆਨ ਵਹੀਲਜ਼, ਰੋਇਲ ਓਰੀਏਂਟ, ਮਹਾਂਪਰੀ ਨਿਰਵਾਨ ਐਕਸਪ੍ਰੈੱਸ ਆਦਿ ਇਸਦੇ ਨਾਲ ਪਰਬਤਮਾਲਾ ਵਿੱਚ ਕੁੱਲ ਛੋਟੀਆਂ ਟਰੇਨਾਂ ਵੀ ਬਣਾਈਆਂ ਗਈਆਂ ਹਨ। ਉੱਪਰ ਕੀਤੇ ਵਾਰਤਾਲਾਪ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਭਾਰਤ ਵਿੱਚ ਸੈਰਸਪਾਟਾ ਕੰਪਨੀ ਨੂੰ ਸਹਾਰਾ ਦੇਣ ਲਈ ਬਹੁਗਿਣਤੀ ਵਿੱਚ ਸੈਰਸਪਾਟਾ ਸੱਭਿਆਚਾਰਕ ਸਰੋਤ ਹਨ।

**ਸਮੀਖਿਅਕ ਪ੍ਰਸ਼ਨ**

1. ਭਾਰਤ ਵਿੱਚ ਤਿੰਨ ਮੁੱਖ ਸੈਲਾਨੀ ਟ੍ਰੇਨਾਂ ਦੇ ਨਾਮ ਦੱਸੋ।

## 8.10 ਯੂਨਿਟ ਵਿੱਚ ਵਰਤੀ ਬੁਨਿਆਦੀ ਸ਼ਬਦਾਵਲੀ

### 1. ਸੱਭਿਆਚਾਰ

ਸਭਿਆਚਾਰ ਇੱਕ ਸਮੂਹ ਅਧਾਰਿਤ ਵਿਵਹਾਰ ਹੁੰਦਾ ਹੈ ਜੋ ਕਿ ਸਮਾਜਿਕ ਪ੍ਰਭਾਵ ਕਾਰਨ ਅਪਣਾਇਆ ਜਾਂਦਾ ਹੈ।

### 2. ਸਮਾਰਕ

ਸਮਾਰਕ ਇੱਕ ਕਿਸਮ ਦਾ ਢਾਂਚਾ ਹੈ ਜੋ ਕਿਸੇ ਵਿਅਕਤੀ ਜਾਂ ਮਹੱਤਵਪੂਰਨ ਵਾਕਿਆ ਨੂੰ ਯਾਦ ਰੱਖਣ ਲਈ ਬਣਾਇਆ ਜਾਂਦਾ ਹੈ। ਇਹ ਇੱਕ ਸਮਾਜਿਕ ਅਦਾਰੇ ਲਈ ਉਸਦੇ ਇਤਿਹਾਸਿਕ ਸਮੇਂ ਜਾਂ ਸਭਿਆਚਾਰਿਕ ਵਿਰਾਸਤ ਨੂੰ ਯਾਦ ਰੱਖਣ ਲਈ ਜ਼ਰੂਰੀ ਹੁੰਦਾ ਹੈ।

### 3. ਸ਼ਿਲਪਕਾਰ

ਸ਼ਿਲਪਕਲਾ-ਯੋਜਨਾ ਰੂਪ ਰੇਖਾ ਅਤੇ ਵਾਸਤੂਕਲਾ ਦੇ ਅਨੁਸਾਰ ਕਿਸੇ ਵੀ ਚੀਜ਼ ਨੂੰ ਬਣਾਉਣ ਦੀ ਵਿਧੀ ਅਤੇ ਉਤਪਾਦ ਦੋਵੇਂ ਹੀ ਹਨ।

### 4. ਵਿਅੰਜਨ

ਵਿਅੰਜਨ ਇੱਕ ਖਾਸ ਅੰਦਾਜ਼ ਵਿੱਚ ਪਰੰਪਰਾਗਤ ਤਰੀਕੇ ਨਾਲ ਬਣਾਇਆ ਗਿਆ ਪਕਵਾਨ ਹੁੰਦਾ ਹੈ।

### 5. ਪੇਅ ਪਦਾਰਥ (ਬੀਵਰੇਜ)

ਬੀਵਰੇਜ ਇੱਕ ਤਰਲ ਪਦਾਰਥ ਹੁੰਦਾ ਹੈ ਜੋ ਮਨੁੱਖ ਦੇ ਪੀਣ ਲਈ ਬਣਾਇਆ ਜਾਂਦਾ ਹੈ। ਬੁਨਿਆਦੀ ਜ਼ਰੂਰਤ ਤੋਂ ਇਲਾਵਾ ਇਹ ਸੱਭਿਆਚਾਰ ਦਾ ਹਿੱਸਾ ਹੁੰਦਾ ਹੈ।

6. **ਸੰਭਾਲ ਰੱਖਾਂ :-**

ਸੰਭਾਲ ਰੱਖਾਂ ਉਹ ਥਾਂ ਹੁੰਦੀ ਹੈ ਜੋ ਪੁਰਾਤਨ ਵਸਤੂਆਂ ਦੇ ਸਾਂਭ ਸੰਭਾਲ ਅਤੇ ਪ੍ਰਦਰਸ਼ਨੀ ਲਈ ਸਮਰਪਿਤ ਹੁੰਦਾ ਹੈ।

7. **ਅਜਾਇਬ ਘਰ :-**

ਇਹ ਇਕ ਸੰਸਥਾ ਹੁੰਦੀ ਹੈ ਜੋ ਕਲਾ ਕ੍ਰਿਤੀਆ ਅਤੇ ਰਸਤੇ ਹੋਰ ਵਿਗਿਆਨਿਕ, ਕਲਾ ਭਰਪੂਰ, ਸੱਭਿਆਚਾਰਕ ਜਾਂ ਇਤਿਹਾਸਿਕ ਮਹੱਤਤਾ ਰੱਖਣ ਵਾਲੀਆਂ ਵਸਤੂਆਂ ਦੀ ਦੇਖ ਭਾਲ ਕਰਦੀ ਹੈ ਅਤੇ ਉਹਨਾਂ ਦੀ ਪ੍ਰਦਰਸ਼ਨੀ ਲਗਾਉਂਦੀ ਹੈ।

8. **ਪੁਰਾਲੇਖ ਭਵਨ :-**

ਇਹ ਇਤਿਹਾਸਿਕ ਰਿਕਾਰਡ ਰੱਖਣ ਦੀ ਥਾਂ ਹੁੰਦੀ ਹੈ। ਇੱਥੇ ਇਤਿਹਾਸਕ ਰਿਕਾਰਡਾਂ ਨੂੰ ਉਹਨਾਂ ਦੇ ਪ੍ਰਾਪਤ ਕੀਤੇ ਰੂਪ ਵਿੱਚ ਹੀ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਵਿੱਚ ਕਾਫੀ ਲੰਮੇ ਸਮੇਂ ਤੋਂ ਇਕੱਠੇ ਕੀਤੇ ਹੋਏ ਇਤਿਹਾਸ ਦੇ ਮੁਢਲੇ ਸਰੋਤਾਂ ਦੇ ਦਸਤਾਵੇਜ਼ ਵੀ ਹੁੰਦੇ ਹਨ।

9. **ਲਘੂ ਕਲਾ :-**

ਇਹ ਪੁਰਾਤਨ ਜਾਂ ਮੱਧਕਾਲ ਸਮੇਂ ਚਾਨਣ ਪਾਉਣ ਵਾਲੇ ਹੱਥ ਲਿਖਤ ਦੀ ਤਸਵੀਰ ਹੁੰਦੀ ਹੈ।

10. **ਕੰਧ ਦੀ ਚਿੱਤਰਕਾਰੀ :-**

ਇਹ ਇਕ ਅਜਿਹੀ ਕਲਾ ਦਾ ਨਮੂਨਾ ਹੈ ਜੋ ਕਿ ਕਿਸੇ ਕੰਧ, ਛੱਤ ਅਤੇ ਕਿਸੇ ਵੱਡੀ ਸਥਾਈ ਜਗ੍ਹਾ ਤੇ ਸਿਧੇ ਤੌਰ ਤੇ ਹੱਥਾਂ ਨਾਲ ਜਾਂ ਰੰਗਾਂ ਦੀ ਮਦਦ ਨਾਲ ਪੇਂਟ ਕੀਤਾ ਜਾਂਦਾ ਹੈ।

11. **ਹੋਟਲ :-**

ਇਕ ਵਪਾਰਿਕ ਸੰਸਥਾ ਜੋ ਰਹਿਣ ਸਹਿਣ, ਖਾਣ ਪੀਣ ਅਤੇ ਹੋਰ ਮਹਿਮਾਨ ਨਿਵਾਜੀ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।

12. **ਮੋਟਲ :-**

ਇਕ ਸੰਸਥਾ ਜੋ ਕਾਰ ਚਾਲਕ ਦੇ ਰਹਿਣ ਲਈ ਕਮਰੇ ਦਾ ਇੰਤਜਾਮ ਕਰਦੀ ਹੈ। ਇਸ ਵਿੱਚ ਆਮ ਤੌਰ ਤੇ ਵਾਹਨਾਂ ਨੂੰ ਖੜਾਉਣ ਲਈ ਖੁਲ੍ਹੀ ਅਤੇ ਨਾ ਛੱਤੀ ਹੋਈ ਥਾਂ ਹੁੰਦੀ ਹੈ। ਇਸਨੂੰ ਮੋਟਰ ਕੋਰਟ, ਮੋਟਰ ਲੋਜ਼ ਵੀ ਕਿਹਾ ਜਾਂਦਾ ਹੈ।

## ਸਮੀਖਿਅਕ ਪ੍ਰਸ਼ਨ

### ਖਾਲੀ ਥਾਵਾਂ ਭਰੋ

1. ਹਿੰਦੂਆਂ ਦੇ ਮੁੱਖ ਤੀਰਥ ਸਥਾਨ ਜਾਂ ਧਾਮ ਪੂਰਬ, ਦੱਖਣ ਵਿੱਚ __________ ਥਾਂ, ਕੇਂਦਰ ਵਿੱਚ __________ ਅਤੇ ਪੱਛਮ ਵਿੱਚ ___________ ਥਾਂ ਤੇ ਸਥਿਤ ਹਨ।
2. ਖਵਾਜਾ ਮੋਇਨ-ਉਦ ਦੀਨ ਚਿਸਤੀ ਮਹਾਨ ਦਰਗਾਹ _______________ ਵਿੱਚ ਸਥਿਤ ਹੈ।
3. ____________ ਤਾਮਿਲਨਾਡੂ ਦਾ ਖੇਤਰੀ ਤਿਉਹਾਰ ਹੈ।
4. ____________ ਕੇਰਲਾ ਦਾ ਖੇਤਰੀ ਤਿਉਹਾਰ ਹੈ।
5. ਤੰਦੂਰੀ ਪਕਵਾਨ ਇਕ (ਚਿਕਨ, ਮੀਟ ਜਾਂ ਮੱਛੀ ਨੂੰ ਜੜ੍ਹੀ ਬੂਟੀਆਂ ਨਾਲ ਲਪੇਟ ਕੇ ਅਤੇ ਕਲੇਅ ਅਵਨ ਵਿੱਚ ਭੁੰਨੀ ਹੋਈ) ____________ ਵਿਅੰਜਨ ਹੈ।

### ਛੋਟੇ ਪ੍ਰਸ਼ਨ ਉੱਤਰ

1. ਭਾਰਤ ਦੇ ਪ੍ਰਾਚੀਨ ਅਤੇ ਖੇਤਰੀ ਖੇਡਾਂ ਦੇ ਨਾਮ ਦੱਸੋ ? ਇਹ ਕਿਵੇਂ ਸੈਲਾਨੀ ਆਕਰਸ਼ਨ ਦਾ ਕੰਮ ਕਰਦੀਆਂ ਹਨ।
2. ਭਾਰਤ ਦੀਆਂ ਕੋਈ ਦੱਸ ਸੰਭਾਲ ਰੱਖਾਂ ਦੇ ਨਾਮ ਦੱਸੋ ਅਤੇ ਸੈਰ ਸਪਾਟੇ ਵਿੱਚ ਉਹਨਾਂ ਦੀ ਮਹੱਤਤਾ ਵੀ ਦੱਸੋ।
3. ਭਾਰਤ ਦੇ ਮਨੋਰੰਜਨ ਸਰੋਤਾਂ ਦੇ ਨਾਂ ਦੱਸੋ ਜੋ ਸੈਲਾਨੀ ਆਕਰਸ਼ਨ ਦੇ ਕੇਂਦਰ ਹਨ।
4. ਕਿਹੜੀਆ ਕਲਾ ਕ੍ਰਿਤੀਆਂ ਅਤੇ ਹੈਂਡਲੂਮ ਦੇ ਕੰਮ ਭਾਰਤ ਸੈਲਾਨੀਆਂ ਲਈ ਪ੍ਰਦਾਨ ਕਰਦਾ ਹੈ।
5. ਭਾਰਤ ਦੇ ਆਵਾਜਾਈ ਨੈਟਵਰਕ ਅਤੇ ਸੈਲਾਨੀ ਆਧਾਰਿਤ ਸਰੰਚਨਾ ਦੇ ਬਾਰੇ ਕੁਝ ਲਾਇਨਾਂ ਲਿਖੋ।

### ਵੱਡੇ ਪ੍ਰਸ਼ਨ ਉੱਤਰ

1. ਭਾਰਤ ਇਕ ਭਿੰਨ ਭਿੰਨ ਧਰਮਾਂ, ਖੇਤਰਾਂ, ਸਭਿਆਚਾਰ ਅਤੇ ਰੀਤੀ ਰਿਵਾਜ ਦਾ ਦੇਸ਼ ਹੈ, ਇਸ ਕਥਨ ਦੀ ਉਦਾਹਰਨਾਂ ਸਹਿਤ ਪੁਸ਼ਟੀ ਕਰੋ।
2. ਭਾਰਤ ਵਿੱਚ ਮਨੋਰੰਜਨ ਦੇ ਸਰੋਤ ਕਿਵੇਂ ਸੈਰ ਸਪਾਟ ਲਈ ਪੈਸਾ ਕਮਾਉਣ ਦਾ ਕੰਮ ਕਰਦੇ ਹਨ।
3. ਭਾਰਤੀ ਵਿਅੰਜਨ, ਮਠਿਆਈ ਅਤੇ ਪੇਅ/ਤਰਲ ਪਦਾਰਥ ਸੈਰ ਸਪਾਟੇ ਦੇ ਭਰਪੂਰ ਸਰੋਤ ਹਨ। ਉਦਾਹਰਨਾਂ ਸਹਿਤ ਬਹਿਸ ਕਰੋ।
4. ਭਾਰਤ ਦੇ ਮੇਲੇ ਅਤੇ ਤਿਉਹਾਰ ਵਿਸ਼ੇਸ਼ਤਾਵਾਂ ਵਿੱਚ ਕਿਵੇਂ ਭਿੰਨ ਭਿੰਨ ਹਨ। ਇਹ ਵਿਚਾਰ ਕਰੋ ਕਿ ਇਸ ਭਿੰਨਤਾ ਨੂੰ ਸੈਲਾਨੀ ਆਕਰਸ਼ਨ ਲਈ ਭਾਰਤੀ ਸੈਰ ਸਪਾਟਾ ਸੈਕਟਰ ਵਿੱਚ ਕਿਵੇਂ ਵਰਤੋਂ ਕੀਤੀ ਜਾਂਦੀ ਹੈ।

## 8.11 ਪ੍ਰਯੋਗੀ ਗਤੀਵਿਧੀਆਂ :-

1. ਰੋਲ ਪਲੇਅ ਭਾਰਤ ਵਿੱਚ ਘੁੰਮਣ ਲਈ ਬਣਾਏ ਗਏ ਸੈਰਸਪਾਟਾ ਸਭਿਆਚਾਰਕ ਸਰੋਤਾਂ ਬਾਰੇ ਇਕ ਅੰਤਰਰਾਸ਼ਟਰੀ ਸੈਲਾਨੀ ਨੂੰ ਬਿਆਨ ਕਰੋ।

2. ਕਿਸੇ ਵੀ ਨਜ਼ਦੀਕ ਦੇ ਸੈਲਾਨੀ ਦ੍ਰਿਸ਼ ਤੇ ਜਾ ਕੇ ਇੱਕ ਰਿਪੋਰਟ ਤਿਆਰ ਕਰਕੇ ਲਿਖੋ।